6-JUNE-PAGE-1.qxd 6/5/2024 9:57 PM Page 1

ਵੀਰਵਾਰ, 6 ਜੂਨ, 2024
24 ਜੇਠ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 5

# ਨਵਾਂ ਜ਼ਮਾਨਾ

DAILY NAWAN ZAMANA • THURSDAY, 6 JUNE, 2024
ਜਲੰਧਰ

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 10

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

# ਵਜ਼ਾਰਤਸਾਜ਼ੀ ਤੋਂ ਪਹਿਲਾਂ ਸੌਦੇਬਾਜ਼ੀ, ਸਪੀਕਰ ਦੇ ਅਹੁਦੇ 'ਤੇ ਪੈਣਾ ਪੇਚਾ

**ਨਵੀਂ ਦਿੱਲੀ** : ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਦੀ ਬੁੱਧਵਾਰ ਹੋਈ ਮੀਟਿੰਗ ਵਿਚ ਮੁੜ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨ ਲਈ ਸ਼ਾਮ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਮਿਲਣ ਦਾ ਫੈਸਲਾ ਕੀਤਾ ਗਿਆ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫੇ ਤੇ ਕੈਬਨਿਟ ਭੰਗ ਕਰਨ ਦੀ ਸਿਫਾਰਸ਼ ਦੇ ਬਾਅਦ ਰਾਸ਼ਟਰਪਤੀ ਨੇ ਲੋਕ ਸਭਾ ਭੰਗ ਕਰ ਦਿੱਤੀ।

ਪ੍ਰਧਾਨ ਮੰਤਰੀ ਦੇ ਨਿਵਾਸ 'ਤੇ ਇਕ ਘੰਟਾ ਚੱਲੀ ਮੀਟਿੰਗ ਵਿਚ ਨਿਤੀਸ਼ ਕੁਮਾਰ, ਚੰਦਰਬਾਬੂ ਨਾਇਡੂ, ਸੁਦੇਸ਼ ਮਹਤੋ, ਜੈਅੰਤ ਚੌਧਰੀ, ਪਵਨ ਕਲਿਆਣ, ਏਕਨਾਥ ਸ਼ਿੰਦੇ, ਚਿਰਾਗ ਪਾਸਵਾਨ, ਅਨੂਪ੍ਰਿਆ ਪਟੇਲ ਤੇ ਜੀਤਨ ਰਾਮ ਮਾਂਝੀ ਸ਼ਾਮਲ ਹੋਏ।

ਸੂਤਰਾਂ ਮੁਤਾਬਕ ਮੀਟਿੰਗ ਵਿਚ ਇਨ੍ਹਾਂ ਆਗੂਆਂ ਨੇ ਸਾਫ ਕੀਤਾ ਕਿ ਉਨ੍ਹਾਂ ਨੂੰ ਕਿੰਨੇ ਤੇ ਕਿਹੜੇ ਮੰਤਰਾਲੇ ਚਾਹੀਦੇ ਹਨ। ਤੇਲਗੂ ਦੇਸਮ ਦੇ ਚੰਦਰਬਾਬੂ ਨਾਇਡੂ ਨੇ 6 ਮੰਤਰਾਲੇ ਤੇ ਸਪੀਕਰ ਦਾ ਅਹੁਦਾ ਮੰਗਿਆ। ਨਿਤੀਸ਼ ਨੇ 3, ਚਿਰਾਗ ਪਾਸਵਾਨ ਨੇ ਇਕ ਕੈਬਨਿਟ ਤੇ ਇਕ ਰਾਜ ਮੰਤਰੀ, ਮਾਂਝੀ ਨੇ ਇਕ, ਸ਼ਿੰਦੇ ਨੇ ਇਕ ਕੈਬਨਿਟ ਤੇ ਇਕ ਰਾਜ ਮੰਤਰੀ ਦਾ ਅਹੁਦਾ ਅਤੇ ਜੈਅੰਤ ਚੌਧਰੀ ਤੇ ਅਨੂਪ੍ਰਿਆ ਨੇ ਵੀ ਇੱਕ-ਇੱਕ ਮੰਤਰਾਲਾ ਮੰਗਿਆ ਹੈ।

7 ਜੂਨ ਨੂੰ ਐੱਨ ਡੀ ਏ ਸੰਸਦੀ ਦਲ ਦੀ ਬੈਠਕ ਹੋਵੇਗੀ, ਜਿਸ ਵਿਚ ਮੋਦੀ ਨੂੰ ਬਕਾਇਦਾ ਆਗੂ ਚੁਣਿਆ ਜਾਵੇਗਾ ਤੇ ਉਹ 8 ਜੂਨ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣਗੇ। ਨਵੀਂ ਸਰਕਾਰ ਬਣਨ ਤੋਂ ਪਹਿਲਾਂ ਸਪੀਕਰ ਦਾ ਅਹੁਦਾ ਭਾਜਪਾ ਲਈ ਸਿਰਦਰਦੀ ਪੈਦਾ ਕਰ ਸਕਦਾ ਹੈ। ਰਿਪੋਰਟਾਂ ਹਨ ਕਿ ਤੇਲਗੂ ਦੇਸਮ ਤੇ ਜਨਤਾ ਦਲ (ਯੂ) ਨੇ ਇਸ 'ਤੇ ਦਾਅਵਾ ਜਤਾਇਆ ਹੈ। 1990 ਵਿਆਂ ਵਿਚ ਵਾਜਪਾਈ ਸਰਕਾਰ ਵੇਲੇ ਤੇਲਗੂ ਦੇਸਮ ਦੇ ਬਾਲਯੋਗੀ ਸਪੀਕਰ ਬਣੇ ਸਨ। ਭਾਜਪਾ ਵੱਲੋਂ ਪਾਰਟੀਆਂ ਨੂੰ ਤੋੜਨ ਬਾਰੇ ਸਾਵਧਾਨ ਤੇਲਗੂ ਦੇਸਮ ਤੇ ਜਨਤਾ ਦਲ (ਯੂ) ਸਪੀਕਰ ਦਾ ਅਹੁਦਾ ਇਸ ਕਰਕੇ ਮੰਗ ਰਹੇ ਹਨ ਕਿਉਂਕਿ ਦਲਬਦਲੀ ਦੀ ਸੂਰਤ ਵਿਚ ਸਪੀਕਰ ਨੇ ਹੀ ਆਖਰੀ ਫੈਸਲਾ ਕਰਨਾ ਹੁੰਦਾ ਹੈ। ਮੀਟਿੰਗ ਤੋਂ ਪਹਿਲਾਂ ਰਿਪੋਰਟਾਂ ਸਨ ਕਿ 10 ਸਾਲ 'ਚੰਮ ਦੀਆਂ ਚਲਾਉਣ' ਵਾਲੇ ਨਰਿੰਦਰ ਮੋਦੀ ਨੂੰ ਭਾਜਪਾ ਨੂੰ ਸਪੱਸ਼ਟ ਬਹੁਮਤ ਨਾ ਮਿਲਣ ਕਾਰਨ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਲਈ ਇਤਿਹਾਦੀਆਂ ਦੀਆਂ ਵੱਡੀਆਂ ਮੰਗਾਂ ਮੰਨਣ ਲਈ ਮਜਬੂਰ ਹੋਣਾ ਪੈਣਾ ਹੈ। ਆਂਧਰਾ ਵਿਚ 17 ਸੀਟਾਂ ਲੜ ਕੇ 16 ਸੀਟਾਂ ਜਿੱਤਣ ਵਾਲੇ ਤੇਲਗੂ ਦੇਸਮ ਦੇ ਆਗੂ ਚੰਦਰਬਾਬੂ ਨਾਇਡੂ ਅਤੇ ਬਿਹਾਰ ਵਿਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਜਨਤਾ ਦਲ (ਯੂ) ਦੇ ਆਗੂ ਨਿਤੀਸ਼ ਕੁਮਾਰ ਮੰਗਾਂ ਦੀਆਂ ਅਜਿਹੀਆਂ ਲਿਸਟਾਂ ਲੈ ਕੇ ਦਿੱਲੀ ਪੁੱਜੇ, ਜਿਨ੍ਹਾਂ ਨੂੰ ਪੜ੍ਹ ਕੇ ਮੋਦੀ ਦੇ ਪਸੀਨੇ ਛੁੱਟ ਸਕਦੇ ਹਨ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ, ਜਿਸ ਨੂੰ ਰਾਸ਼ਟਰਪਤੀ ਨੇ ਸਵੀਕਾਰ ਕਰ ਲਿਆ ਅਤੇ ਉਨ੍ਹਾ ਨੂੰ ਨਵੀਂ ਸਰਕਾਰ ਦੇ ਅਹੁਦਾ ਸੰਭਾਲਣ ਤੱਕ ਅਹੁਦੇ 'ਤੇ ਬਣੇ ਰਹਿਣ ਲਈ ਕਿਹਾ। ਅਸਤੀਫਾ ਸੌਂਪਣ ਤੋਂ ਤੁਰੰਤ ਬਾਅਦ ਮੋਦੀ ਨੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਨਾਲ ਮੁਲਾਕਾਤ ਕੀਤੀ। ਧਨਖੜ ਨੇ ਮੋਦੀ ਨੂੰ ਇੱਕ ਗੁਲਦਸਤਾ ਭੇਟ ਕੀਤਾ, ਜਿਸ 'ਚ ਤਿੰਨ ਕਮਲ ਦੇ ਫੁੱਲ ਸਨ, ਜੋ ਕਿ ਲਗਾਤਾਰ ਤੀਜੀ ਵਾਰ ਜਿੱਤਣ ਦਾ ਸੰਕੇਤ ਦਿੰਦੇ ਹਨ।

ਸੂਤਰਾਂ ਦਾ ਕਹਿਣਾ ਹੈ ਕਿ ਨਾਇਡੂ ਆਂਧਰਾ ਪ੍ਰਦੇਸ਼ ਲਈ ਸਪੈਸ਼ਲ ਕੈਟਾਗਰੀ ਸਟੇਟਸ ਮੰਗਣਗੇ, ਜਿਸ ਮੁੱਦੇ 'ਤੇ ਉਨ੍ਹਾ ਨੂੰ 2018 ਵਿਚ ਐੱਨ ਡੀ ਏ ਤੋਂ ਬਾਹਰ ਨਿਕਲਣਾ ਪੈ ਗਿਆ ਸੀ। ਸਪੈਸ਼ਲ ਸਟੇਟਸ ਨਾਲ ਸੂਬੇ ਨੂੰ ਹੋਰਨਾਂ ਰਿਆਇਤਾਂ ਤੋਂ ਇਲਾਵਾ ਵਧੇਰੇ ਕੇਂਦਰੀ ਫੰਡ, ਗਰਾਂਟ-ਇਨ-ਏਡ ਅਤੇ ਇਨਕਮ ਟੈਕਸ ਛੋਟ, ਕਸਟਮ ਡਿਊਟੀ ਦਾ ਖਾਤਮਾ ਤੇ ਜੀ ਐੱਸ ਟੀ ਰਿਆਇਤਾਂ ਵਰਗੇ ਸਨਅਤੀ ਪ੍ਰੋਤਸਾਹਨ ਯਕੀਨੀ ਬਣਨਗੇ। ਉਹ ਅਮਰਾਵਤੀ ਨੂੰ ਨਵੀਂ ਰਾਜਧਾਨੀ ਬਣਾਉਣ ਦਾ ਕੰਮ ਮੁੜ ਸ਼ੁਰੂ ਕਰਨ ਲਈ ਵੀ ਹੋਰ ਫੰਡ ਮੰਗਣਗੇ। ਇਹ ਪ੍ਰੋਜੈਕਟ ਜਗਨ ਮੋਹਨ ਰੈੱਡੀ ਦੀ ਵਾਈ ਐੱਸ ਆਰ ਕਾਂਗਰਸ ਨੇ 2019 ਵਿਚ ਸੱਤਾ ਵਿਚ ਆ ਕੇ ਰੋਕ ਦਿੱਤਾ ਸੀ। ਨਾਇਡੂ ਹਕੂਮਤ ਵੇਲੇ 2014 ਤੋਂ 2019 ਤੱਕ ਬਣੀਆਂ ਕਈ ਇਮਾਰਤਾਂ ਤੇ ਅਪਾਰਟਮੈਂਟ ਕੰਪਲੈਕਸ ਇਸ ਵੇਲੇ ਖਾਲੀ ਪਏ ਹਨ ਤੇ ਢਾਂਚਿਆਂ ਨੂੰ ਖੋਰਾ ਲੱਗ ਰਿਹਾ ਹੈ। ਉਹ ਲੋਕ ਸਭਾ ਦੇ ਸਪੀਕਰ ਦੇ ਅਹੁਦੇ ਤੋਂ ਇਲਾਵਾ ਕਈ ਅਹਿਮ ਮੰਤਰਾਲੇ ਵੀ ਮੰਗਣਗੇ। ਉਹ ਆਪਣੇ ਬੇਟੇ ਤੇ ਪਾਰਟੀ ਦੇ ਜਨਰਲ ਸਕੱਤਰ ਨਾਰਾ ਲੋਕੇਸ਼ ਲਈ ਕੌਮੀ ਪੱਧਰ 'ਤੇ ਅਹਿਮ ਪੁਜ਼ੀਸ਼ਨ ਵੀ ਮੰਗ ਸਕਦੇ ਹਨ। ਜਾਣਕਾਰਾਂ ਮੁਤਾਬਕ 12 ਲੋਕ ਸਭਾ ਮੈਂਬਰਾਂ ਦੀ ਤਾਕਤ ਨਾਲ ਨਿਤੀਸ਼ ਕੁਮਾਰ ਆਪਣੇ ਚਾਰ ਤੋਂ ਪੰਜ ਕੈਬਨਿਟ ਮੰਤਰੀ ਬਣਾਉਣਾ ਚਾਹੁੰਣਗੇ। ਚੋਣ ਨਤੀਜਿਆਂ ਤੋਂ ਪਹਿਲਾਂ ਤਿੰਨ ਕੈਬਨਿਟ ਤੇ ਇਕ ਰਾਜ ਮੰਤਰੀ ਦੀ ਗੱਲ ਹੋਈ ਸੀ, ਪਰ ਇਕ ਪਾਰਟੀ ਆਗੂ ਦਾ ਕਹਿਣਾ ਹੈ ਕਿ ਇਕ ਹੋਰ ਕੈਬਨਿਟ ਮੰਤਰੀ ਦੀ ਮੰਗ ਰੱਖੀ ਜਾਵੇਗੀ। ਪਾਰਟੀ ਚਾਹੇਗੀ ਕਿ ਉਸ ਨੂੰ ਰੇਲਵੇ, ਪੇਂਡੂ ਵਿਕਾਸ ਤੇ ਜਲ ਸੋਮਿਆਂ ਦੇ ਮੰਤਰਾਲੇ ਦਿੱਤੇ ਜਾਣ।

ਬਿਹਾਰ ਵਿਚ ਐੱਨ ਡੀ ਏ ਨੇ 40 ਵਿੱਚੋਂ 30 ਸੀਟਾਂ ਜਿੱਤੀਆਂ ਹਨ ਤੇ ਨਿਤੀਸ਼ ਜ਼ੋਰ ਪਾਉਣਗੇ ਕਿ ਬਿਹਾਰ ਵਿਚ ਅਸੰਬਲੀ ਚੋਣਾਂ ਛੇਤੀ ਕਰਵਾ ਦਿੱਤੀਆਂ ਜਾਣ, ਤਾਂ ਕਿ ਲੋਕ ਸਭਾ ਦੀ ਜਿੱਤ ਦਾ ਲਾਹਾ ਲਿਆ ਜਾ ਸਕੇ। ਇਸ ਵੇਲੇ 243 ਮੈਂਬਰੀ ਅਸੰਬਲੀ ਵਿਚ ਜਨਤਾ ਦਲ (ਯੂ) ਦੇ 45 ਮੈਂਬਰ ਹਨ ਤੇ ਪਾਰਟੀ ਨੂੰ ਲੱਗਦਾ ਹੈ ਕਿ ਚੋਣਾਂ ਛੇਤੀ ਹੋਣ ਨਾਲ ਉਹ ਗਿਣਤੀ ਵਧਾ ਲਵੇਗੀ। ਅਸੰਬਲੀ ਚੋਣਾਂ ਅਕਤੂਬਰ-ਨਵੰਬਰ ਵਿਚ ਡਿਊ ਹਨ ਤੇ ਭਾਜਪਾ ਦੇ ਸੂਬਾਈ ਆਗੂ ਅਗਾਊਂ ਚੋਣਾਂ ਦੇ ਹੱਕ ਵਿਚ ਨਹੀਂ।

ਨਿਤੀਸ਼ ਕੁਮਾਰ ਫਰਵਰੀ ਵਿਚ ਐਲਾਨੀ ਬਿਹਾਰ ਲਘੂ ਉਦਮੀ ਯੋਜਨਾ ਲਈ ਵਧੇਰੇ ਕੇਂਦਰੀ ਫੰਡ ਵੀ ਮੰਗਣਗੇ। ਇਸ ਤਹਿਤ 2023 ਦੇ ਸਮਾਜੀ-ਆਰਥਕ ਸਰਵੇਖਣ ਵਿਚ ਪਛਾਣੇ ਗਏ 94 ਲੱਖ ਗਰੀਬ ਪਰਵਾਰਾਂ ਨੂੰ ਦੋ-ਦੋ ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਣੀ ਹੈ। ਨਿਤੀਸ਼ ਬਿਹਾਰ ਦੀ ਵਿਸ਼ੇਸ਼ ਆਰਥਕ ਪੈਕੇਜ ਦੀ ਪੁਰਾਣੀ ਮੰਗ ਨੂੰ ਵੀ ਦੁਹਰਾਉਣਗੇ। ਬਿਹਾਰ ਦੇ ਇਕ ਮੰਤਰੀ ਜਮਾਂ ਖਾਨ ਤਾਂ ਨਿਤੀਸ਼ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਵੀ ਮੰਗ ਕਰ ਚੁੱਕੇ ਹਨ।



ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਰਾਸ਼ਟਰੀ ਜਨਤਾ ਦਲ ਦੇ ਤੇਜਸਵੀ ਯਾਦਵ ਪਟਨਾ ਤੋਂ ਇੱਕੋ ਜਹਾਜ਼ 'ਚ ਦਿੱਲੀ ਪੁੱਜੇ।

## ਮੋਦੀ ਲੋਕਾਂ ਦਾ ਫਤਵਾ ਮੰਨਣ ਲਈ ਤਿਆਰ ਨਹੀਂ : ਖੜਗੇ

**ਨਵੀਂ ਦਿੱਲੀ** : ਅਪੋਜ਼ੀਸ਼ਨ ਪਾਰਟੀਆਂ ਦੇ ਗੱਨਵੀਂ ਦਿੱਲੀ : ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ 'ਇੰਡੀਆ' ਦੇ ਆਗੂਆਂ ਨੇ ਬੁੱਧਵਾਰ ਦਿੱਲੀ ਵਿਚ ਅਗਲੀ ਰਣਨੀਤੀ ਬਣਾਉਣ ਲਈ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਘਰ ਮੀਟਿੰਗ ਕੀਤੀ। ਮੀਟਿੰਗ ਵਿਚ ਸਾਰੀਆਂ ਪਾਰਟੀਆਂ ਦੇ ਸੀਨੀਅਰ ਆਗੂਆਂ ਤੋਂ ਇਲਾਵਾ ਸੀ ਪੀ ਆਈ ਦੇ ਡੀ ਰਾਜਾ ਤੇ ਸੀ ਪੀ ਆਈ (ਐੱਮ) ਦੇ ਸੀਤਾ ਰਾਮ ਯੇਚੁਰੀ ਵੀ ਸ਼ਾਮਲ ਹੋਏ। ਸ਼ੁਰੂਆਤ ਵਿਚ ਖੜਗੇ ਨੇ ਕਿਹਾ—ਅਸੀਂ ਇੱਕਮੁੱਠ ਰਹਿ ਕੇ ਵਧੀਆ ਲੜੇ। ਗੱਠਜੋੜ ਉਨ੍ਹਾਂ ਸਾਰੀਆਂ ਪਾਰਟੀਆਂ ਦਾ ਸਵਾਗਤ ਕਰੇਗਾ, ਜਿਹੜੀਆਂ ਸੰਵਿਧਾਨ ਦੀ ਰਾਖੀ ਲਈ ਸਾਡੇ ਨਾਲ ਰਲਣਗੀਆਂ। ਲੋਕਾਂ ਨੇ ਫਤਵਾ ਪ੍ਰਧਾਨ ਮੰਤਰੀ ਮੋਦੀ ਦੇ ਖਿਲਾਫ ਦਿੱਤਾ ਹੈ। ਇਹ ਮੋਦੀ ਦੀ ਸਪੱਸ਼ਟ ਇਖਲਾਕੀ ਹਾਰ ਹੈ, ਪਰ ਉਹ ਲੋਕਾਂ ਦੀ ਇੱਛਾ ਦੀ ਬੇਕਦਰੀ ਕਰਦੇ ਹੋਏ ਸੱਤਾ 'ਤੇ ਕਾਬਜ਼ ਰਹਿਣਾ ਚਾਹੁੰਦੇ ਹਨ।

## ਸੋਰੇਨ ਦੀ ਪਤਨੀ ਜਿੱਤੀ



**ਰਾਂਚੀ** : ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਪਤਨੀ ਕਲਪਨਾ ਸੋਰੇਨ ਵਿਧਾਨ ਸਭਾ ਹਲਕਾ ਗਾਂਧੇ ਦੀ ਜ਼ਿਮਨੀ ਚੋਣ ਆਪਣੇ ਵਿਰੋਧੀ ਭਾਜਪਾ ਉਮੀਦਵਾਰ ਦਿਲੀਪ ਕੁਮਾਰ ਵਰਮਾ ਤੋਂ 27,149 ਵੋਟਾਂ ਦੇ ਫਰਕ ਨਾਲ ਜਿੱਤ ਗਈ। ਇਹ ਸੀਟ ਜੇ ਐੱਮ ਐੱਮ ਦੇ ਵਿਧਾਇਕ ਸਰਫਰਾਜ਼ ਅਹਿਮਦ ਵੱਲੋਂ ਅਸਤੀਫਾ ਦੇਣ ਕਾਰਨ ਖਾਲੀ ਹੋਈ ਸੀ।

## ਯੂ ਪੀ ਦੇ ਨਵੇਂ ਚਿਹਰੇ

**ਲਖਨਊ** : ਯੂ ਪੀ ਤੋਂ ਲੋਕ ਸਭਾ ਚੋਣਾਂ 'ਚ ਅੱਧੀ ਦਰਜਨ ਨਵੇਂ ਚਿਹਰੇ ਜਿੱਤੇ ਹਨ, ਜੋ ਕਿ ਇਕ ਵੱਡਾ ਬਦਲਾਅ ਹੈ। ਇਹ ਨਵੇਂ ਬਣੇ ਸੰਸਦ ਮੈਂਬਰ ਚੰਗੇ ਪੜ੍ਹੇ-ਲਿਖੇ ਹਨ, ਚੰਗੀ ਤਰ੍ਹਾਂ ਅੰਗਰੇਜ਼ੀ ਬੋਲਦੇ ਹਨ, ਨਾਮਵਰ ਸੰਸਥਾਵਾਂ ਤੋਂ ਡਿਗਰੀਆਂ ਰੱਖਦੇ ਹਨ। 25 ਸਾਲ ਦੇ ਪੁਸ਼ਪੇਂਦਰ ਸਰੋਜ ਸ਼ਾਇਦ ਸਭ ਤੋਂ ਘੱਟ ਉਮਰ ਦੇ ਲੋਕ ਸਭਾ ਮੈਂਬਰ ਹਨ। ਲੰਡਨ ਤੋਂ ਡਿਗਰੀ ਪ੍ਰਾਪਤ ਇਸ ਉਮੀਦਵਾਰ ਨੇ ਸਮਾਜਵਾਦੀ ਪਾਰਟੀ ਦੀ ਟਿਕਟ 'ਤੇ ਕੌਸ਼ਾਂਬੀ ਤੋਂ ਚੋਣ ਲੜੀ ਅਤੇ 1.03 ਲੱਖ ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ। ਉਨ੍ਹਾ ਭਾਜਪਾ ਦੇ ਦੋ ਵਾਰ ਦੇ ਸੰਸਦ ਮੈਂਬਰ ਵਿਨੋਦ ਸੋਨਕਰ ਨੂੰ ਹਰਾਇਆ। ਇਸੇ ਤਰ੍ਹਾਂ ਸਮਾਜਵਾਦੀ ਪਾਰਟੀ ਦੀ ਇਕਰਾ ਹਸਨ ਕੈਰਾਨਾ ਸੀਟ ਤੋਂ 69,116 ਵੋਟਾਂ ਦੇ ਫਰਕ ਨਾਲ ਚੋਣ ਜਿੱਤੀ ਹੈ। ਸੁਪਰੀਮ ਕੋਰਟ ਦੀ ਵਕੀਲ ਪ੍ਰਿਆ ਸਰੋਜ ਨੇ 35,850 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਹੈ।

## ਦੋ ਤਸਕਰਾਂ ਤੋਂ 2 ਕਰੋੜ ਬਰਾਮਦ

**ਚੰਡੀਗੜ੍ਹ** : ਅੰਮ੍ਰਿਤਸਰ ਜ਼ਿਲ੍ਹੇ 'ਚ ਤਲਾਸ਼ੀ ਮੁਹਿੰਮ ਦੌਰਾਨ ਦੋ ਸ਼ੱਕੀ ਨਸ਼ਾ ਤਸਕਰ ਗ੍ਰਿਫਤਾਰ ਕਰਕੇ ਕਰੀਬ 2 ਕਰੋੜ ਰੁਪਏ ਦੀ ਨਕਦੀ ਬਰਾਮਦ ਕੀਤੀ ਗਈ। ਬੀ ਐੱਸ ਐੱਫ ਅਤੇ ਪੰਜਾਬ ਪੁਲਸ ਨੇ ਕੱਕੜ ਪਿੰਡ 'ਚ ਮੰਗਲਵਾਰ ਸ਼ਾਮ ਨੂੰ ਸ਼ੱਕੀ ਨਸ਼ਾ ਤਸਕਰਾਂ ਦੇ ਘਰ 'ਤੇ ਜਾਂਚ ਮੁਹਿੰਮ ਆਰੰਭੀ ਗਈ। ਨਤੀਜੇ ਵਜੋਂ ਦੋ ਸ਼ੱਕੀ ਵਿਅਕਤੀਆਂ ਨੂੰ ਫੜਿਆ ਗਿਆ ਅਤੇ 1,97,14,650 ਰੁਪਏ, ਇੱਕ ਲੈਪਟਾਪ, ਤਿੰਨ ਸਮਾਰਟਫੋਨ ਅਤੇ ਦੋ ਕੀਪੈਡ ਮੋਬਾਈਲ ਫੋਨ ਬਰਾਮਦ ਕੀਤੇ ਗਏ।

## ਕੇਜਰੀਵਾਲ ਦੀ ਅਰਜ਼ੀ ਖਾਰਜ

**ਨਵੀਂ ਦਿੱਲੀ** : ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਬੁੱਧਵਾਰ ਆਬਕਾਰੀ ਨੀਤੀ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਮੈਡੀਕਲ ਆਧਾਰ 'ਤੇ ਅੰਤਰਮ ਜ਼ਮਾਨਤ ਦੀ ਅਰਜ਼ੀ ਖਾਰਜ ਕਰਕੇ ਨਿਆਂਇਕ ਹਿਰਾਸਤ 19 ਜੂਨ ਤੱਕ ਵਧਾ ਦਿੱਤੀ। ਇਸ ਦੇ ਨਾਲ ਹੀ ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਕੇਜਰੀਵਾਲ ਦੀਆਂ ਮੈਡੀਕਲ ਜ਼ਰੂਰਤਾਂ ਦਾ ਧਿਆਨ ਰੱਖਣ।

## ਅਮਰੀਕਾ 'ਚ ਗੁਆਚੀ ਭਾਰਤੀ ਵਿਦਿਆਰਥਣ ਲੱਭ ਪਈ

**ਹਿਊਸਟਨ** : ਅਮਰੀਕਾ ਦੇ ਕੈਲੀਫੋਰਨੀਆ 'ਚ ਪਿਛਲੇ ਹਫਤੇ ਲਾਪਤਾ ਹੋਈ ਹੈਦਰਾਬਾਦ ਦੀ 23 ਸਾਲਾ ਵਿਦਿਆਰਥਣ ਨੂੰ ਪੁਲਸ ਨੇ ਸੁਰੱਖਿਅਤ ਬਰਾਮਦ ਕਰ ਲਿਆ ਹੈ। ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਸਾਨ ਬਰਨਾਡਿਨੋ ਦੀ ਵਿਦਿਆਰਥਣ ਨਿਤਿਸ਼ਾ ਕੰਡੂਲਾ 28 ਮਈ ਨੂੰ ਲਾਸ ਏਂਜਲਸ ਤੋਂ ਲਾਪਤਾ ਹੋ ਗਈ ਸੀ। ਪੁਲਸ ਨੇ ਕਿਹਾ ਕਿ ਲਾਪਤਾ ਵਿਦਿਆਰਥਣ ਦਾ ਪਤਾ ਲਾ ਲਿਆ ਗਿਆ ਹੈ ਤੇ ਉਹ ਸੁਰੱਖਿਅਤ ਹੈ। ਹਾਲਾਂਕਿ ਪੁਲਸ ਨੇ ਬਰਾਮਦਗੀ ਵਾਲੀ ਥਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।

# ਨਾ ਐੱਨ ਡੀ ਏ ਤੇ ਨਾ ਇੰਡੀਆ !

**ਨਵੀਂ ਦਿੱਲੀ** : ਭਾਜਪਾ ਦੀ ਅਗਵਾਈ ਵਾਲਾ ਐੱਨ ਡੀ ਏ ਬਹੁਮਤ ਲਈ ਲੋੜੀਂਦੀਆਂ 272 ਸੀਟਾਂ ਤੋਂ 21 ਸੀਟਾਂ ਵੱਧ 291 ਸੀਟਾਂ ਜਿੱਤ ਕੇ ਤੀਜੀ ਵਾਰ ਸਰਕਾਰ ਬਣਾਉਣ ਦੀ ਫੁੱਲ ਤਿਆਰੀ ਖਿੱਚੀ ਬੈਠਾ ਹੈ, ਪਰ ਜ਼ਬਰਦਸਤ ਪ੍ਰਦਰਸ਼ਨ ਕਰਨ ਵਾਲਾ ਆਪੋਜ਼ੀਸ਼ਨ ਪਾਰਟੀਆਂ ਦਾ ਗੱਠਜੋੜ 'ਇੰਡੀਆ' ਵੀ 234 ਸੀਟਾਂ ਜਿੱਤ ਕੇ ਉਸ ਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਉਹ ਐੱਨ ਡੀ ਏ ਵਿਚ ਸ਼ਾਮਲ ਨਿਤੀਸ਼ ਕੁਮਾਰ ਦੇ ਜਨਤਾ ਦਲ (ਯੂ) ਤੇ ਚੰਦਰਬਾਬੂ ਨਾਇਡੂ ਦੇ ਤੇਲਗੂ ਦੇਸਮ ਨੂੰ ਆਪਣੇ ਨਾਲ ਰਲਾਉਣ ਦੀ ਕੋਸ਼ਿਸ਼ ਵਿਚ ਹੈ, ਜਿਨ੍ਹਾਂ ਕ੍ਰਮਵਾਰ 12 ਤੇ 16 ਸੀਟਾਂ ਜਿੱਤੀਆਂ ਹਨ। ਇਹ 28 ਸੀਟਾਂ ਘਟਣ ਦੀ ਸੂਰਤ ਵਿਚ ਐੱਨ ਡੀ ਏ ਦੀ ਤਾਕਤ 263 ਰਹਿ ਜਾਵੇਗੀ, ਯਾਨੀ ਕਿ ਬਹੁਮਤ ਤੋਂ 9 ਸੀਟਾਂ ਘੱਟ।

ਹਾਲਾਂਕਿ ਐੱਨ ਡੀ ਏ ਨੂੰ 291 ਸੀਟਾਂ ਮਿਲੀਆਂ ਹਨ, ਪਰ ਸੀਟਾਂ ਦੀ ਗਿਣਤੀ-ਮਿਣਤੀ ਦੱਸਦੀ ਹੈ ਕਿ ਵੋਟਰਾਂ ਨੇ ਅਸਲ ਵਿਚ ਭਾਜਪਾ ਤੇ ਕਾਂਗਰਸ ਦੇ ਮੁਕਾਬਲੇ ਇਲਾਕਾਈ ਪਾਰਟੀਆਂ ਨੂੰ ਮਜ਼ਬੂਤ ਕਰਨ ਦੇ ਹੱਕ ਵਿਚ ਫਤਵਾ ਦਿੱਤਾ ਹੈ। ਭਾਜਪਾ ਦੀਆਂ 240 ਤੇ ਕਾਂਗਰਸ ਦੀਆਂ 99 ਸੀਟਾਂ ਜੋੜ ਲਈਆਂ ਜਾਣ ਤਾਂ 339 ਬਣਦੀਆਂ ਹਨ। ਕੁਲ 543 ਵਿੱਚੋਂ 339 ਘਟਾਉਣ ਨਾਲ 204 ਸੀਟਾਂ ਇਲਾਕਾਈ ਪਾਰਟੀਆਂ ਤੇ ਆਜ਼ਾਦਾਂ ਦੇ ਹੱਕ ਵਿਚ ਗਈਆਂ ਹਨ। ਇਲਾਕਾਈ ਪਾਰਟੀਆਂ ਨੂੰ ਏਨੀਆਂ ਸੀਟਾਂ ਮਿਲਣੀਆਂ ਮੋਦੀ ਦੇ 10 ਸਾਲਾ ਰਾਜ ਵਿਚ ਫੈਡਰਲਿਜ਼ਮ ਨੂੰ ਲਾਏ ਗਏ ਖੋਰੇ ਖਿਲਾਫ ਲੋਕਾਂ ਦੇ ਗੁੱਸੇ ਨੂੰ ਦਰਸਾਉਂਦਾ ਹੈ। ਬਹੁਲਤਾਵਾਦ ਨੂੰ ਪ੍ਰਣਾਏ ਦੇਸ਼ ਵਾਸੀਆਂ ਨੇ ਡਿਕਟੇਟਰਸ਼ਿਪ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਜਦੋਂ ਵੀ ਕਾਂਗਰਸ ਤਾਨਾਸ਼ਾਹੀ 'ਤੇ ਉਤਾਰੂ ਹੋਈ, ਉਨ੍ਹਾਂ ਕੁਲੀਸ਼ਨ ਸਰਕਾਰਾਂ ਦੇ ਹੱਥ ਸੱਤਾ ਸੌਂਪਣ ਨੂੰ ਤਰਜੀਹ ਦਿੱਤੀ। ਇਸ ਵਾਰ ਦੇ ਨਤੀਜੇ ਵੀ ਇਸੇ ਦਾ ਸੰਕੇਤ ਹਨ। ਜਦੋਂ-ਜਦੋਂ ਕੁਲੀਸ਼ਨ ਸਰਕਾਰਾਂ ਬਣੀਆਂ, ਸੂਬਿਆਂ ਦੇ ਹਿੱਤਾਂ ਦੀ ਰਾਖੀ ਹੋਈ, ਜਦਕਿ ਇਕ ਪਾਰਟੀ ਰਾਜ ਵਿਚ ਉਨ੍ਹਾਂ ਦੇ ਹਿੱਤਾਂ 'ਤੇ ਡਾਕੇ ਵੱਜੇ।

ਹਾਲਾਂਕਿ ਇਸ ਵਾਰ ਲੜਾਈ ਮੁੱਖ ਤੌਰ 'ਤੇ ਦੋ ਧੜਿਆਂ ਐੱਨ ਡੀ ਏ ਤੇ ਇੰਡੀਆ ਵਿਚਾਲੇ ਹੋਈ, ਪਰ ਹੈਰਾਨੀ ਨਹੀਂ ਹੋਵੇਗੀ ਜੇ ਨਤੀਜਿਆਂ ਤੋਂ ਬਾਅਦ ਤੀਜਾ ਮੋਰਚਾ ਉਭਰ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰ ਦੇਵੇ। ਇਸ ਨਾਲ ਵਧੀਆ ਪ੍ਰਦਰਸ਼ਨ ਕਰਨ ਵਾਲੀਆਂ ਇਲਾਕਾਈ ਪਾਰਟੀਆਂ ਆਪਣੇ ਸੂਬਿਆਂ ਦੀ ਵਧੀਆ ਸੇਵਾ ਕਰ ਸਕਣਗੀਆਂ। ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ, ਸ਼ਰਦ ਪਵਾਰ ਦੀ ਐੱਨ ਸੀ ਪੀ, ਊਧਵ ਠਾਕਰੇ ਦੀ ਸ਼ਿਵ ਸੈਨਾ, ਨਵੀਨ ਪਟਨਾਇਕ ਦਾ ਬੀਜੂ ਜਨਤਾ ਦਲ, ਉੱਤਰ-ਪੂਰਬ ਦੀਆਂ ਇਲਾਕਾਈ ਪਾਰਟੀਆਂ, ਅਕਾਲੀ ਦਲ ਤੇ ਆਜ਼ਾਦ ਉਮੀਦਵਾਰਾਂ ਲਈ ਤੀਜਾ ਮੋਰਚਾ ਕਾਫੀ ਮੁਫੀਦ ਸਾਬਤ ਹੋ ਸਕਦਾ ਹੈ। ਕਾਂਗਰਸ ਬਾਹਰੋਂ ਹਮਾਇਤ ਕਰ ਦੇਵੇ ਤਾਂ ਮੋਰਚੇ ਦੀ ਸਰਕਾਰ ਆਸਾਨੀ ਨਾਲ ਬਣ ਸਕਦੀ ਹੈ। ਇਸ ਮੋਰਚੇ ਵਿਚ ਸ਼ਾਮਲ ਹੋਣ ਤੋਂ ਉਹ ਪਾਰਟੀਆਂ ਵੀ ਇਨਕਾਰੀ ਨਹੀਂ ਹੋਣਗੀਆਂ, ਜਿਹੜੀਆਂ ਕਾਂਗਰਸ ਵਿਰੋਧ ਨਾਲ ਪੈਦਾ ਹੋਈਆਂ ਹਨ। ਤੀਜਾ ਮੋਰਚਾ ਬਣਨ ਨਾਲ ਨਿਤੀਸ਼ ਕੁਮਾਰ ਵਰਗੇ ਨੂੰ ਪ੍ਰਧਾਨ ਮੰਤਰੀ ਬਣਨ ਤੇ ਚੰਦਰਬਾਬੂ ਨਾਇਡੂ ਨੂੰ ਅਹਿਮ ਅਹੁਦੇ ਹਾਸਲ ਕਰਨ ਵਿਚ ਕੋਈ ਮੁਸ਼ਕਲ ਨਹੀਂ ਹੋਵੇਗੀ ਤੇ ਉਹ ਆਪਣੇ ਸੂਬਿਆਂ ਲਈ ਵਿਸ਼ੇਸ਼ ਆਰਥਕ ਪੈਕੇਜ ਵੀ ਮਨਜ਼ੂਰ ਕਰਵਾ ਸਕਣਗੇ, ਜਿਹੜੇ ਮੋਦੀ ਨੇ ਵਾਅਦੇ ਕਰਕੇ ਵੀ ਨਹੀਂ ਦਿੱਤੇ।

ਹਾਲਾਂਕਿ ਇਹ ਕਿਆਸਅਰਾਈਆਂ ਹਨ, ਪਰ ਅੱਜਕੱਲ੍ਹ ਭਾਰਤੀ ਸਿਆਸਤ ਵਿਚ ਖੇਲਾ ਹੋ ਰਿਹਾ ਹੈ ਤੇ ਹੈਰਾਨੀ ਨਹੀਂ ਹੋਵੇਗੀ ਜੇ ਤੀਜੇ ਮੋਰਚੇ ਵਾਲਾ ਖੇਲਾ ਹੋ ਜਾਵੇ।

## ਨਤੀਜਿਆਂ ਦੀ ਤਸਵੀਰ ਸਾਫ

**ਨਵੀਂ ਦਿੱਲੀ** : ਚੋਣ ਕਮਿਸ਼ਨ ਵੱਲੋਂ ਜੇਤੂ ਉਮੀਦਵਾਰਾਂ ਦੀ ਬੁੱਧਵਾਰ ਜਾਰੀ ਕੀਤੀ ਫਾਈਨਲ ਰਿਪੋਰਟ ਮੁਤਾਬਕ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਦੇ 291 ਉਮੀਦਵਾਰ ਜਿੱਤੇ ਹਨ। ਇਨ੍ਹਾਂ ਵਿੱਚੋਂ 240 ਭਾਜਪਾ ਦੇ ਹਨ ਤੇ ਉਸ ਨੂੰ 543 ਮੈਂਬਰੀ ਲੋਕ ਸਭਾ ਵਿਚ ਬਹੁਮਤ ਲਈ ਲੋੜੀਂਦੀਆਂ 272 ਸੀਟਾਂ ਤੋਂ 32 ਘੱਟ ਮਿਲੀਆਂ ਹਨ। ਭਾਜਪਾ ਤੋਂ ਇਲਾਵਾ ਐੱਨ ਡੀ ਏ ਵਿਚ ਸ਼ਾਮਲ ਤੇਲਗੂ ਦੇਸਮ ਦੇ 16, ਜਨਤਾ ਦਲ (ਯੂ) ਦੇ 12, ਸ਼ਿਵ ਸੈਨਾ ਸ਼ਿੰਦੇ ਦੇ 7, ਲੋਕ ਜਨ ਸ਼ਕਤੀ ਪਾਰਟੀ (ਰਾਮਵਿਲਾਸ) ਦੇ 5, ਜਨਤਾ ਦਲ ਸੈਕੂਲਰ ਦੇ 2, ਆਰ ਐੱਲ ਡੀ ਦੇ 2, ਏ ਜੀ ਪੀ, ਆਰ ਐੱਸ ਪੀ, ਅਪਨਾ ਦਲ ਸੋਨੇਲਾਲ, ਆਲ ਇੰਡੀਆ ਝਾਰਖੰਡ ਸਟੂਡੈਂਟਸ ਯੂਨੀਅਨ, ਐੱਨ ਸੀ ਪੀ, ਐੱਚ ਏ ਐੱਮ ਤੇ ਐੱਸ ਕੇ ਐੱਮ ਦੇ ਇਕ-ਇਕ ਉਮੀਦਵਾਰ ਜਿੱਤੇ ਹਨ।

ਕਾਂਗਰਸ ਨੇ 99 ਸੀਟਾਂ ਜਿੱਤੀਆਂ ਹਨ। 2014 ਵਿਚ ਇਸ ਨੇ 44 ਤੇ 2019 ਵਿਚ 52 ਜਿੱਤੀਆਂ ਸਨ। ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ ਵਿਚ ਸ਼ਾਮਲ ਕਾਂਗਰਸ ਦੇ 99 ਉਮੀਦਵਾਰਾਂ ਤੋਂ ਇਲਾਵਾ ਸਮਾਜਵਾਦੀ ਪਾਰਟੀ ਦੇ 37, ਟੀ ਐੱਮ ਸੀ ਦੇ 29, ਡੀ ਐੱਮ ਕੇ ਦੇ 22, ਸ਼ਿਵ ਸੈਨਾ ਊਧਵ ਠਾਕਰੇ ਦੇ 9, ਐੱਨ ਸੀ ਪੀ ਸ਼ਰਦ ਪਵਾਰ ਦੇ 8, ਰਾਜਦ ਦੇ 4, ਸੀ ਪੀ ਆਈ (ਐੱਮ) ਦੇ 4, ਆਈ ਯੂ ਐੱਮ ਐੱਲ ਦੇ 3, ਆਮ ਆਦਮੀ ਪਾਰਟੀ ਦੇ 3, ਜੇ ਐੱਮ ਐੱਮ ਦੇ 3, ਸੀ ਪੀ ਆਈ (ਐੱਮ ਐੱਲ), ਸੀ ਪੀ ਆਈ ਤੇ ਜੇ ਕੇ ਐੱਨ ਸੀ ਦੇ 2-2, ਆਰ ਐੱਲ ਪੀ, ਬੀ ਏ ਪੀ ਤੇ ਵੀ ਸੀ ਕੇ ਦੇ ਇੱਕ-ਇੱਕ ਜਿੱਤੇ ਹਨ। 19 ਹੋਰ ਜੇਤੂ ਕਿਸੇ ਧੜੇ ਵਿਚ ਨਹੀਂ ਹਨ।

## ਮਹਾਰਾਸ਼ਟਰ 'ਚ ਉਥਲ-ਪੁਥਲ

**ਮੁੰਬਈ** : ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿਚ ਸ਼ਿਵ ਸੈਨਾ (ਸ਼ਿੰਦੇ) ਨੂੰ ਖਾਸ ਸਫਲਤਾ ਨਾ ਮਿਲਣ ਤੋਂ ਬਾਅਦ ਮਹਾਰਾਸ਼ਟਰ ਵਿਚ ਤਕੜੀ ਉਥਲ-ਪੁਥਲ ਹੋਣ ਜਾ ਰਹੀ ਹੈ। ਸੱਤਾਧਾਰੀ ਸ਼ਿਵ ਸੈਨਾ (ਸ਼ਿੰਦੇ) ਦੇ 7 ਉਮੀਦਵਾਰ ਲੋਕ ਸਭਾ ਚੋਣ ਜਿੱਤੇ ਹਨ ਤੇ ਖਬਰ ਹੈ ਕਿ ਇਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਸ਼ਿਵ ਸੈਨਾ (ਊਧਵ ਠਾਕਰੇ) ਦੇ ਆਗੂ ਊਧਵ ਠਾਕਰੇ ਦੇ ਸੰਪਰਕ ਵਿਚ ਹਨ। ਮਹਾਰਾਸ਼ਟਰ ਵਿਚ ਸਿਆਲਾਂ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਤੇ ਸ਼ਿੰਦੇ ਦੇ ਆਗੂਆਂ ਨੂੰ ਲੱਗ ਰਿਹਾ ਹੈ ਕਿ ਸ਼ਿੰਦੇ ਦੇ ਨਾਲ ਰਹਿ ਕੇ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਨਹੀਂ।

## ਗੋਆ 'ਚ 16 'ਚੋਂ 12 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ

**ਪਣਜੀ** : ਗੋਆ 'ਚ ਦੋ ਲੋਕ ਸਭਾ ਹਲਕਿਆਂ ਲਈ ਚੋਣ ਮੈਦਾਨ 'ਚ ਉਤਰੇ 16 ਉਮੀਦਵਾਰਾਂ 'ਚੋਂ 12 ਦੀ ਜ਼ਮਾਨਤ ਜ਼ਬਤ ਹੋ ਗਈ, ਜਿਨ੍ਹਾਂ ਨੂੰ ਸੂਬੇ ਦੇ ਵੋਟਰਾਂ ਨੇ ਨਕਾਰ ਦਿੱਤਾ ਹੈ। ਚੋਣ ਕਮਿਸ਼ਨ ਦੇ ਨਿਯਮਾਂ ਅਨੁਸਾਰ ਕਿਸੇ ਉਮੀਦਵਾਰ ਨੂੰ ਆਪਣੀ ਜ਼ਮਾਨਤ ਰਕਮ ਵਾਪਸ ਲੈਣ ਲਈ ਕਿਸੇ ਹਲਕੇ 'ਚ ਕੁੱਲ ਵੋਟਾਂ ਦਾ ਘੱਟੋ-ਘੱਟ ਛੇਵਾਂ ਹਿੱਸਾ ਪ੍ਰਾਪਤ ਕਰਨਾ ਹੁੰਦਾ ਹੈ, ਜੋ ਇਹ ਉਮੀਦਵਾਰ ਪ੍ਰਾਪਤ ਕਰਨ 'ਚ ਨਾਕਾਮ ਰਹੇ। ਜ਼ਮਾਨਤ ਦੀ ਰਕਮ ਜਨਰਲ ਵਰਗ ਲਈ 25,000 ਰੁਪਏ ਅਤੇ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ 12,500 ਰੁਪਏ ਹੈ।

## ਕਾਂਗਰਸ ਦਾ ਯੂ ਪੀ 'ਚ ਚੰਗਾ ਪ੍ਰਦਰਸ਼ਨ

**ਲਖਨਊ** : ਯੂ ਪੀ 'ਚ ਪਿਛਲੇ ਤਿੰਨ ਦਹਾਕਿਆਂ ਤੋਂ ਸਿਆਸੀ ਜ਼ਮੀਨ ਤਲਾਸ਼ ਰਹੀ ਕਾਂਗਰਸ ਲਈ ਮੌਜੂਦਾ ਲੋਕ ਸਭਾ ਚੋਣਾਂ ਕਿਸੇ ਸੰਜੀਵਨੀ ਤੋਂ ਘੱਟ ਨਹੀਂ ਸਨ। ਕਾਂਗਰਸ ਨੇ ਸੂਬੇ 'ਚ 17 ਸੀਟਾਂ ਲੜੀਆਂ ਤੇ ਛੇ ਸੀਟਾਂ ਜਿੱਤੀਆਂ। 2019 ਦੀਆਂ ਲੋਕ ਸਭਾ ਚੋਣਾਂ ਅਤੇ ਉਸ ਤੋਂ ਬਾਅਦ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਯੂ ਪੀ 'ਚ ਆਪਣਾ ਸਭ ਤੋਂ ਖਰਾਬ ਪ੍ਰਦਰਸ਼ਨ ਕਰਨ ਵਾਲੀ ਕਾਂਗਰਸ ਨੇ ਇਸ ਵਾਰ ਆਮ ਚੋਣਾਂ 'ਚ ਸਮਾਜਵਾਦੀ ਪਾਰਟੀ ਨਾਲ ਮਿਲ ਕੇ 80 ਵਿੱਚੋਂ 17 ਸੀਟਾਂ 'ਤੇ ਚੋਣਾਂ ਲੜੀਆਂ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਰਾਏਬਰੇਲੀ ਸੀਟ ਤੋਂ ਤਿੰਨ ਲੱਖ 90 ਹਜ਼ਾਰ 30 ਵੋਟਾਂ ਨਾਲ ਜਿੱਤ ਦਰਜ ਕੀਤੀ ਹੈ। ਇਸ ਤੋਂ ਇਲਾਵਾ ਨਹਿਰੂ-ਗਾਂਧੀ ਪਰਵਾਰ ਦੇ ਇੱਕ ਹੋਰ ਅਹਿਮ ਸਿਆਸੀ ਗੜ੍ਹ ਅਮੇਠੀ 'ਚ ਵੀ ਪਾਰਟੀ ਉਮੀਦਵਾਰ ਕਿਸ਼ੋਰੀ ਲਾਲ ਸ਼ਰਮਾ ਨੇ ਕੇਂਦਰੀ ਮੰਤਰੀ ਸਿਮ੍ਰਤੀ ਈਰਾਨੀ ਨੂੰ 1,67,196 ਵੋਟਾਂ ਨਾਲ ਹਰਾਇਆ ਹੈ। ਕਾਂਗਰਸੀ ਉਮੀਦਵਾਰ ਉੱਜਵਲ ਰਮਨ ਸਿੰਘ ਨੇ ਅਲਾਹਾਬਾਦ ਲੋਕ ਸਭਾ ਸੀਟ ਜਿੱਤ ਲਈ ਹੈ। ਇਸ ਤੋਂ ਪਹਿਲਾਂ ਅਮਿਤਾਭ ਬੱਚਨ ਨੇ 40 ਸਾਲ ਪਹਿਲਾਂ ਇਹ ਸੀਟ ਜਿੱਤੀ ਸੀ।



ਅਮੇਠੀ ਤੋਂ ਜਿੱਤੇ ਕਿਸ਼ੋਰੀ ਲਾਲ ਸ਼ਰਮਾ ਨਵੀਂ ਦਿੱਲੀ 'ਚ ਸੋਨੀਆ, ਰਾਹੁਲ ਤੇ ਪ੍ਰਿਅੰਕਾ ਨਾਲ। ਉਹ ਰਾਏ ਬਰੇਲੀ ਤੋਂ ਰਾਹੁਲ ਗਾਂਧੀ ਦੀ ਜਿੱਤ ਦਾ ਸਰਟੀਫਿਕੇਟ ਲੈ ਕੇ ਆਏ ਸਨ।

## ਮੇਰੇ ਭਰਾ ਡਗਮਗਾਏ ਨਹੀਂ : ਪ੍ਰਿਅੰਕਾ

**ਨਵੀਂ ਦਿੱਲੀ** : ਲੋਕ ਸਭਾ ਚੋਣਾਂ ਵਿਚ ਪਾਰਟੀ ਦੇ ਚੰਗੇ ਪ੍ਰਦਰਸ਼ਨ ਤੋਂ ਇਕ ਦਿਨ ਬਾਅਦ ਬੁੱਧਵਾਰ ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਨੇ ਆਪਣੇ ਭਰਾ ਰਾਹੁਲ ਬਾਰੇ ਦਿਲੀ ਸੰਦੇਸ਼ ਵਿਚ ਕਿਹਾ—ਤੁਸੀਂ ਖੜ੍ਹੇ ਰਹੇ, ਭਾਵੇਂ ਉਨ੍ਹਾਂ ਨੇ ਤੁਹਾਡੇ ਬਾਰੇ ਜੋ ਵੀ ਕਿਹਾ ਅਤੇ ਕੀਤਾ, ਤੁਸੀਂ ਕਦੇ ਵੀ ਪਿੱਛੇ ਨਹੀਂ ਹਟੇ, ਤੁਸੀਂ ਕਦੇ ਵੀ ਵਿਸ਼ਵਾਸ ਨਹੀਂ ਛੱਡਿਆ, ਭਾਵੇਂ ਉਹ ਤੁਹਾਡੇ ਵਿਸ਼ਵਾਸ 'ਤੇ ਸ਼ੱਕ ਕਰਦੇ ਹਨ, ਤੁਸੀਂ ਉਨ੍ਹਾਂ ਵੱਲੋਂ ਫੈਲਾਏ ਝੂਠ ਦੇ ਬਹੁਤ ਜ਼ਿਆਦਾ ਪ੍ਰਚਾਰ ਦੇ ਬਾਵਜੂਦ ਸੱਚ ਲਈ ਲੜਨਾ ਕਦੇ ਨਹੀਂ ਛੱਡਿਆ ਅਤੇ ਤੁਸੀਂ ਕਦੇ ਵੀ ਗੁੱਸੇ ਅਤੇ ਨਫਰਤ ਨੂੰ ਆਪਣੇ 'ਤੇ ਕਾਬੂ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ। ਤੁਸੀਂ ਆਪਣੇ ਦਿਲ 'ਚ ਪਿਆਰ ਅਤੇ ਸੱਚਾਈ ਨਾਲ ਲੜੇ। ਜੋ ਤੁਹਾਨੂੰ ਨਹੀਂ ਦੇਖ ਸਕੇ, ਉਹ ਤੁਹਾਨੂੰ ਹੁਣ ਦੇਖਦੇ ਹਨ, ਪਰ ਸਾਡੇ ਵਿੱਚੋਂ ਕੁਝ ਨੇ ਹਮੇਸ਼ਾ ਤੁਹਾਨੂੰ ਸਭ ਤੋਂ ਬਹਾਦਰ ਦੇਖਿਆ ਹੈ ਅਤੇ ਜਾਣਿਆ ਹੈ। ਭਰਾ ਰਾਹੁਲ ਗਾਂਧੀ, ਮੈਨੂੰ ਤੁਹਾਡੀ ਭੈਣ ਹੋਣ 'ਤੇ ਮਾਣ ਹੈ।

## ਕਾਂਗਰਸ ਦਾ ਮਾਲਵੇ 'ਚ ਦਬਦਬਾ

**ਚੰਡੀਗੜ੍ਹ** : ਕਾਂਗਰਸ ਨੇ ਪੰਜਾਬ ਦੇ ਮਾਲਵਾ ਖੇਤਰ 'ਚ ਇਕ ਵਾਰ ਫਿਰ ਆਪਣਾ ਦਬਦਬਾ ਕਾਇਮ ਰੱਖਿਆ ਹੈ। ਪਾਰਟੀ ਨੇ ਲੁਧਿਆਣਾ, ਫਿਰੋਜ਼ਪੁਰ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਲੋਕ ਸਭਾ ਹਲਕਿਆਂ ਤੋਂ ਜਿੱਤ ਪ੍ਰਾਪਤ ਕੀਤੀ, ਜੋ ਕਿ ਮਾਲਵਾ ਪੱਟੀ ਦਾ ਹਿੱਸਾ ਹਨ। ਲੁਧਿਆਣਾ ਅਤੇ ਪਟਿਆਲਾ ਸੀਟਾਂ ਤੋਂ ਜਿੱਤਾਂ ਮਹੱਤਵਪੂਰਨ ਸਨ ਕਿਉਂਕਿ ਕਾਂਗਰਸ ਨੇ ਇਨ੍ਹਾਂ ਹਲਕਿਆਂ 'ਚ ਆਪਣਾ ਗੜ੍ਹ ਬਚਾਉਣ 'ਚ ਕਾਮਯਾਬੀ ਹਾਸਲ ਕੀਤੀ। ਮਾਲਵਾ ਖੇਤਰ 'ਚ 'ਆਪ' ਨੇ ਦੋ ਸੀਟਾਂ ਆਨੰਦਪੁਰ ਸਾਹਿਬ ਅਤੇ ਸੰਗਰੂਰ ਜਿੱਤੀਆਂ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੇ ਬਠਿੰਡਾ ਸੀਟ ਜਿੱਤੀ। ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਫਰੀਦਕੋਟ ਰਿਜ਼ਰਵ ਹਲਕੇ ਤੋਂ ਜਿੱਤਿਆ ਹੈ। ਦੋਆਬਾ ਖੇਤਰ 'ਚ ਕਾਂਗਰਸ ਨੇ ਜਲੰਧਰ ਰਿਜ਼ਰਵ ਹਲਕੇ ਤੋਂ ਜਿੱਤ ਪ੍ਰਾਪਤ ✡✡ਕੀਤੀ ਜਿੱਥੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਭਾਜਪਾ ਦੇ ਸੁਸ਼ੀਲ ਰਿੰਕੂ ਨੂੰ 1.75 ਲੱਖ ਵੋਟਾਂ ਨਾਲ ਹਰਾਇਆ। ਆਮ ਆਦਮੀ ਪਾਰਟੀ ਨੇ ਹੁਸ਼ਿਆਰਪੁਰ ਰਿਜ਼ਰਵ ਸੀਟ ਜਿੱਤੀ ਜੋ ਦੋਆਬਾ ਖੇਤਰ ਦਾ ਹਿੱਸਾ ਹੈ। ਗੁਰਦਾਸਪੁਰ ਤੋਂ ਕਾਂਗਰਸ ਉਮੀਦਵਾਰ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਭਾਜਪਾ ਦੇ ਦਿਨੇਸ਼ ਬੱਬੂ ਨੂੰ ਹਰਾਇਆ। ਅਸਾਮ ਦੀ ਜੇਲ੍ਹ 'ਚ ਬੰਦ ਕੱਟੜਪੰਥੀ ਪ੍ਰਚਾਰਕ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਸੀਟ ਤੋਂ 1.97 ਲੱਖ ਵੋਟਾਂ ਦੇ ਵੱਡੇ ਫਰਕ ਨਾਲ ਜਿੱਤਿਆ। ਖਡੂਰ ਸਾਹਿਬ ਹਲਕਾ ਜਿਸ ਨੂੰ 'ਪੰਥਕ' ਸੀਟ ਵਜੋਂ ਜਾਣਿਆ ਜਾਂਦਾ ਹੈ, ਵਿਚ ਤਿੰਨੋਂ ਖੇਤਰਾਂ ਮਾਝਾ, ਮਾਲਵਾ ਅਤੇ ਦੋਆਬਾ

## ਜੈ ਜੈ ਸ਼ਿਵ ਸ਼ੰਕਰ ਵਾਲਾ ਮੰਦਰ ਤਬਾਹ



**ਸ੍ਰੀਨਗਰ** : ਗੁਲਮਰਗ ਦੀ ਪਹਾੜੀ 'ਤੇ ਸਥਿਤ ਸ਼ਿਵ ਮੰਦਰ, ਜਿਸ ਨੂੰ ਰਾਣੀ ਮੰਦਰ ਵਜੋਂ ਵੀ ਜਾਣਿਆ ਜਾਂਦਾ ਹੈ, ਨੂੰ ਬੁੱਧਵਾਰ ਅੱਗ ਲੱਗ ਗਈ। ਲੋਕਾਂ ਤੇ ਪੁਲਸ ਨੇ ਬਥੇਰੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਬਚਾਅ ਨਹੀਂ ਸਕੇ। ਇਹ ਮੰਦਰ ਕਈ ਫਿਲਮਾਂ ਵਿਚ ਨਜ਼ਰ ਆਇਆ। ਰਾਜੇਸ਼ ਖੰਨਾ ਦੀ ਫਿਲਮ 'ਆਪ ਕੀ ਕਸਮ' ਦਾ ਗਾਣਾ ਜੈ ਜੈ ਸ਼ਿਵ ਸ਼ੰਕਰ, ਕਾਂਟਾ ਲਗੇ ਨਾ ਕੰਕਰ ਵੀ ਇੱਥੇ ਫਿਲਮਾਇਆ ਗਿਆ ਸੀ।

## ਕੌਮੀ ਏਜੰਡਾ ਨਹੀਂ ਤੈਅ ਕਰ ਸਕੇ : ਚੰਦੂਮਾਜਰਾ

**ਮੁਹਾਲੀ** : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਬੁੱਧਵਾਰ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਅਕਾਲੀ ਦਲ ਦੇ ਪ੍ਰਧਾਨ ਅਤੇ ਹੋਰ ਸੀਨੀਅਰ ਆਗੂਆਂ ਵੱਲੋਂ ਮੀਟਿੰਗ ਸੱਦ ਕੇ ਪਾਰਲੀਮੈਂਟ ਚੋਣ ਨਤੀਜਿਆਂ ਦੀ ਘੋਖ ਕੀਤੀ ਜਾਵੇਗੀ ਅਤੇ ਅਗਲੇਰੀ ਰਣਨੀਤੀ ਤੇ ਪਾਰਟੀ ਦੀ ਮਜ਼ਬੂਤੀ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਪਾਰਟੀ ਚੋਣਾਂ ਆਪਣੇ ਬਲਬੂਤੇ ਲੜਦਿਆਂ ਨੈਸ਼ਨਲ ਏਜੰਡਾ ਤੈਅ ਨਾ ਕਰ ਸਕੀ, ਜਿਸ ਦਾ ਚੋਣ ਨਤੀਜਿਆਂ ਉੱਪਰ ਵੱਡਾ ਅਸਰ ਦਿਖਾਈ ਦਿੱਤਾ। ਉਨ੍ਹਾ ਕਿਹਾ ਕਿ ਅਕਾਲੀ ਦਲ ਵੱਲੋਂ ਖੇਤਰੀ ਮੰਗਾਂ ਅਤੇ ਸੂਬੇ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਦੇ ਆਧਾਰ 'ਤੇ ਚੋਣ ਲੜੀ ਗਈ। ਖੇਤਰੀ ਪਾਰਟੀ ਹੋਣ ਕਾਰਨ ਅਕਾਲੀ ਦਲ ਦੀਆਂ ਨੀਤੀਆਂ ਹਮੇਸ਼ਾ ਹੀ ਪੰਜਾਬ ਪੱਖੀ ਰਹੀਆਂ, ਪਰ ਸੂਬੇ ਦੇ ਲੋਕਾਂ ਵੱਲੋਂ ਅਕਾਲੀ ਦਲ ਦੀਆਂ ਨੀਤੀਆਂ ਨੂੰ ਪ੍ਰਵਾਨ ਨਾ ਕਰਨਾ ਚਿੰਤਾ ਵਾਲੀ ਗੱਲ ਹੈ। ਭਵਿੱਖ 'ਚ ਇਨ੍ਹਾਂ ਕਮੀਆਂ ਨੂੰ ਦੂਰ ਕਰਕੇ ਅਕਾਲੀ ਦਲ ਪੰਜਾਬ ਦੀ ਬਿਹਤਰੀ ਲਈ ਕੰਮ ਕਰੇਗਾ ਅਤੇ ਮਜ਼ਬੂਤੀ ਨਾਲ ਉੱਭਰੇਗਾ।

## ਅੱਜ-ਨਾਮਾ

ਪੈਣੀ ਆ ਸੋਚ ਕਰਨੀ ਰਾਜ-ਕਰਤਿਆਂ ਨੂੰ,
ਗੱਲ ਨਹੀਂ ਲੋਕਾਂ ਨੂੰ ਕਿਹੜੀ ਪਸੰਦ ਬੇਲੀ।
ਕਿਨ੍ਹਾਂ ਗੱਲਾਂ ਦਾ ਲਾਈ ਗਏ ਬਹੁਤ ਲਾਰਾ,
ਕੱਤਣੀ ਪੂਣੀ ਕੀ, ਛੋਹੀ ਨਹੀਂ ਤੰਦ ਬੇਲੀ।
ਕਿਹੜਾ ਕੀਤਾ ਤੇ ਗਿਆ ਈ ਰਹਿ ਕਿਹੜਾ,
ਇਹ ਤਾਂ ਲਿਖਤਾਂ ਲਈ ਹੋਊ ਦਵੰਦ ਬੇਲੀ।
ਕੀਤੜਾ ਕੰਮ ਤਾਂ ਲੋਕ ਨਹੀਂ ਕਦੀ ਗਿਣਦੇ,
ਰਹਿੰਦੜੇ ਕੰਮ ਲਈ ਕਰੀਚਦੇ ਦੰਦ ਬੇਲੀ।
ਜਿਹੜੀ ਬੀਤਣੀ ਸੀ, ਉਹ ਤਾਂ ਹੋਈ ਬੀਤੀ,
ਭਵਿੱਖ ਵੱਲ ਪਊ ਕੁਝ ਰੱਖਣੀ ਅੱਖ ਬੇਲੀ।
ਕਰਨਾ ਲੋਕਾਂ ਦੇ ਫਿਕਰਾਂ ਦਾ ਫਿਕਰ ਪੈਣਾ,
ਸਕਦੇ ਲਾਜ-ਪੱਤ ਉਹ ਹੀ ਨੇ ਰੱਖ ਬੇਲੀ।

-ਤੀਸ ਮਾਰ ਖਾਂ

## ਕਮਿਊਨਿਸਟ ਪਾਰਟੀਆਂ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਪ੍ਰਦਰਸ਼ਨ 'ਚ ਸੁਧਾਰ

**ਸ਼ਾਹਕੋਟ, (ਗਿਆਨ ਸੈਦਪੁਰੀ)**-2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਮਿਊਨਿਸਟ ਪਾਰਟੀਆਂ ਦੇ ਪ੍ਰਦਰਸ਼ਨ ਵਿੱਚ ਕੁਝ ਸੁਧਾਰ ਹੋਇਆ ਹੈ। 2019 ਵਿੱਚ ਖੱਬੀਆਂ ਧਿਰਾਂ ਦੇ 5 ਉਮੀਦਵਾਰ ਸਫਲ ਹੋਏ ਸਨ, ਇਸ ਵਾਰ ਇਹ ਗਿਣਤੀ 8 ਹੋ ਗਈ ਹੈ। ਕੇਰਲਾ ਵਿੱਚ ਯੂਨਾਈਟਡ ਡੈਮੋਕਰੇਟਿਕ ਫਰੰਟ ਵੱਲੋਂ ਚੋਣ ਲੜੇ ਆਰ ਐੱਸ ਪੀ ਦੇ ਜੇਤੂ ਰਹੇ ਉਮੀਦਵਾਰ ਸਮੇਤ ਇਹ ਗਿਣਤੀ 9 ਤੱਕ ਪੁੱਜ ਗਈ ਹੈ। ਪ੍ਰਾਪਤ ਸੂਚਨਾ ਅਨੁਸਾਰ ਸੀ ਪੀ ਆਈ (ਐੱਮ) ਨਾਲ ਸੰਬੰਧਤ ਉੱਘੇ ਕਿਸਾਨ ਆਗੂ ਅਮਰਾ ਰਾਮ ਨੇ ਸੀਕਰ (ਰਾਜਸਥਾਨ) ਤੋਂ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਲੋਕ ਸਭਾ ਵਿੱਚ ਆਪਣਾ ਥਾਂ ਬਣਾਇਆ ਹੈ।

ਸੀ ਪੀ ਆਈ ਦੀਆਂ ਪਿਛਲੀ ਲੋਕ ਸਭਾ ਵਿੱਚ ਦੋ ਸੀਟਾਂ ਸਨ। ਪਾਰਟੀ ਦੋਵਾਂ ਸੀਟਾਂ ਨੂੰ ਬਰਕਰਾਰ ਰੱਖਣ ਵਿੱਚ ਸਫਲ ਹੋਈ ਹੈ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਦੱਸਿਆ ਕਿ ਤਾਮਿਲਨਾਡੂ ਦੇ ਤਿਰੁਪੁਰ ਲੋਕ ਸਭਾ ਹਲਕੇ ਤੋਂ ਸਾਥੀ ਸੁਬਰਾਇਨ ਸਫਲ ਹੋਏ ਹਨ। ਨਾਗਾਪੱਟੀਨਮ (ਤਾਮਿਲਨਾਡੂ) ਤੋਂ ਸੇਲਵਾ ਰਾਜ ਨੇ ਲੋਕ ਸਭਾ ਦੀਆਂ ਬਰੂਹਾਂ ਪਾਰ ਕੀਤੀਆਂ ਹਨ। ਕੇਰਲਾ ਦੀ ਅਲਾਥੁਰ ਲੋਕ ਸਭਾ ਸੀਟ ਤੋਂ ਕੇ ਰਾਧਾ ਕ੍ਰਿਸ਼ਨਨ ਸੀ ਪੀ ਆਈ (ਐੱਮ) ਨੇ ਸਫਲਤਾ ਹਾਸਿਲ ਕੀਤੀ ਹੈ। ਇਸੇ ਤਰ੍ਹਾਂ ਤਾਮਿਲਨਾਡੂ ਦੇ ਡਿੰਗੀਗੁਲ ਤੇ ਮੁਦਰਾਈ ਹਲਕਿਆਂ ਤੋਂ ਸੀ ਪੀ ਆਈ (ਐੱਮ) ਦੇ ਉਮੀਦਵਾਰ ਕ੍ਰਮਵਾਰ ਸਾਚਿਤਾਨਾ ਅਤੇ ਵੈਂਕਟਸਨ. ਕੇ ਨੇ ਪਾਰਟੀ ਨੂੰ ਜਿੱਤ ਦਵਾਈ ਹੈ।



ਸੀ ਪੀ ਆਈ ਦੇ ਜੇਤੂ ਉਮੀਦਵਾਰ ਸੇਲਵਾ ਰਾਜ ਤੇ ਸੁਬਰਾਇਨ. ਕੇ।

ਬਿਹਾਰ ਤੋਂ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਦੋ ਉਮੀਦਵਾਰਾਂ ਨੇ ਸਫਲਤਾ ਦੇ ਝੰਡੇ ਗੱਡੇ ਹਨ। ਇਹਨਾਂ ਵਿੱਚ ਅਰਹਾ ਲੋਕ ਸਭਾ ਹਲਕੇ ਤੋਂ ਸੁਦਾਮਾ ਪ੍ਰਸ਼ਾਦ ਅਤੇ ਕਾਰਾਕਟ ਹਲਕੇ ਤੋਂ ਰਾਜਾ ਰਾਮ ਸਿੰਘ ਲੋਕ ਸਭਾ ਵਿੱਚ ਪਹੁੰਚਣ ਵਿੱਚ ਸਫਲ ਹੋਏ ਹਨ। ਆਰ ਐੱਸ ਪੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਇਕੋਲਾਹਾ ਨੇ ਦੱਸਿਆ ਕਿ ਰੈਵੋਲੂਸ਼ਨਰੀ ਸੋਸ਼ਲਿਸਟ ਪਾਰਟੀ ਦੇ ਸੀਨੀਅਰ ਆਗੂ ਐੱਨ ਕੇ ਪ੍ਰੇਮਚੰਦਰਨ ਕੇਰਲਾ ਦੀ ਕੋਲਮ ਲੋਕ ਸਭਾ ਸੀਟ ਤੋਂ ਜਿੱਤੇ ਹਨ।ਉਹ ਯੂਨਾਈਟਡ ਡੈਮੋਕਰੇਟਿਕ ਫਰੰਟ ਵੱਲੋਂ ਚੋਣ ਲੜੇ ਸਨ।

## ਪੰਜਾਬ 'ਚ ਮੋਦੀ ਨੇ ਜਿੱਥੇ ਪ੍ਰਚਾਰ ਕੀਤਾ. . .

**ਜਲੰਧਰ, (ਸ਼ੈਲੀ ਐਲਬਰਟ)**-ਲੋਕ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਭਾਜਪਾ ਦਾ ਖਾਤਾ ਵੀ ਨਹੀਂ ਖੁੱਲ੍ਹਿਆ। ਪੰਜਾਬ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਂਗਰਸ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੇ ਚੋਣ ਪ੍ਰਚਾਰ ਕੀਤਾ। ਇਸ ਚੋਣ ਵਿੱਚ ਜਿੱਥੇ ਪੀ ਐੱਮ ਮੋਦੀ ਦੀ ਮੁਹਿੰਮ ਬੇਅਸਰ ਰਹੀ, ਉੱਥੇ ਰਾਹੁਲ ਗਾਂਧੀ ਦੀਆਂ ਰੈਲੀਆਂ ਪੰਜਾਬ ਕਾਂਗਰਸ ਲਈ ਸ਼ੁਭ ਸਾਬਤ ਹੋਈਆਂ।

ਮੋਦੀ ਨੇ ਪਟਿਆਲਾ, ਗੁਰਦਾਸਪੁਰ, ਹੁਸ਼ਿਆਰਪੁਰ ਤੇ ਜਲੰਧਰ 'ਚ ਰੈਲੀਆਂ ਕੀਤੀਆਂ, ਪਰ ਹੋਰਨਾਂ ਸੀਟਾਂ ਦੀ ਤਰ੍ਹਾਂ ਇਨ੍ਹਾਂ ਸੀਟਾਂ 'ਤੇ ਵੀ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਦੀਆਂ ਸੀਟਾਂ ਜਿੱਤੀਆਂ ਸਨ। ਅਦਾਕਾਰ ਸੰਨੀ ਦਿਓਲ ਗੁਰਦਾਸਪੁਰ ਤੋਂ ਅਤੇ ਸੋਮ ਪ੍ਰਕਾਸ਼ ਹੁਸ਼ਿਆਰਪੁਰ ਤੋਂ ਜਿੱਤੇ ਸਨ। ਇਸ ਵਾਰ ਪਾਰਟੀ ਨੇ ਗੁਰਦਾਸਪੁਰ ਤੋਂ ਦਿਨੇਸ਼ ਬੱਬੂ ਅਤੇ ਹੁਸ਼ਿਆਰਪੁਰ ਤੋਂ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਪਤਨੀ ਅਨੀਤਾ ਸੋਮ ਪ੍ਰਕਾਸ਼ ਨੂੰ ਟਿਕਟ ਦਿੱਤੀ, ਪਰ ਦੋਵੇਂ ਹਾਰ ਗਏ। ਗੁਰਦਾਸਪੁਰ ਅਤੇ ਹੁਸ਼ਿਆਰਪੁਰ ਹਿੰਦੂ ਪ੍ਰਭਾਵ ਵਾਲੇ ਖੇਤਰ ਹਨ ਅਤੇ ਭਾਜਪਾ ਦਾ ਗੜ੍ਹ ਮੰਨਿਆ ਜਾਂਦਾ ਹੈ, ਪਰ ਇਸ ਦੇ ਬਾਵਜੂਦ ਪਾਰਟੀ ਇੱਥੇ ਜਿੱਤ ਦਰਜ ਕਰਨ ਵਿੱਚ ਅਸਫਲ ਰਹੀ।



ਇਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੇ ਪਟਿਆਲਾ ਸੀਟ ਕਾਂਗਰਸੀ ਉਮੀਦਵਾਰ ਵਜੋਂ ਚਾਰ ਵਾਰ ਜਿੱਤੀ ਸੀ। ਇਸ ਵਾਰ ਉਸ ਨੇ ਕਾਂਗਰਸ ਛੱਡ ਕੇ ਭਾਜਪਾ ਤੋਂ ਲੜੀ ਤਾਂ ਹਾਰ ਗਈ। ਉਥੇ ਹੀ ਜਲੰਧਰ ਵਿਚ 'ਆਪ' ਛੱਡ ਕੇ ਭਾਜਪਾ ਤੋਂ ਚੋਣ ਲੜੇ ਸੁਸ਼ੀਲ ਰਿੰਕੂ ਵੀ ਹਾਰ ਗਏ। ਰਾਹੁਲ ਨੇ ਨਵਾਂ ਸ਼ਹਿਰ, ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ ਪਾਰਟੀ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕੀਤਾ। ਪਟਿਆਲਾ ਵਿੱਚ ਧਰਮਵੀਰ ਗਾਂਧੀ ਜੇਤੂ ਰਹੇ। ਅੰਮ੍ਰਿਤਸਰ ਵਿੱਚ ਗੁਰਜੀਤ ਸਿੰਘ ਔਜਲਾ ਅਤੇ ਲੁਧਿਆਣਾ ਵਿੱਚ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਜੇਤੂ ਰਹੇ।

CMYK

# ਨਰੇਗਾ ਮਜ਼ਦੂਰਾਂ ਦੀ ਭੁੱਖ ਹੜਤਾਲ 9ਵੇਂ ਦਿਨ ਵੀ ਜਾਰੀ



**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)** ਡੀਸੀ ਦਫਤਰ ਦੇ ਬਾਹਰ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿਸਟਰਡ ਪੰਜਾਬ ਜ਼ਿਲ੍ਹਾ ਫ਼ਾਜ਼ਿਲਕਾ ਵੱਲੋਂ ਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਸ਼ੁਰੂ ਕੀਤੀ ਗਈ ਭੁੱਖ ਹੜਤਾਲ 9ਵੇਂ ਦਿਨ ਵੀ ਜਾਰੀ ਰਹੀ।

ਗੁਰਬਚਨ ਸੈਦੋ ਕਾ ਹਿਠਾੜ ਅਤੇ ਹੋਰਨਾਂ ਨੇ ਦੱਸਿਆ ਨਰੇਗਾ ਮਜ਼ਦੂਰਾਂ ਦੇ ਕੀਤੇ ਕੰਮ ਦੇ ਪੈਸੇ ਅਤੇ ਨਵੇਂ ਮਸਟਰੋਲ ਜਾਰੀ ਨਹੀਂ ਕੀਤੇ ਜਾ ਰਹੇ।ਦੂਜੇ ਪਾਸੇ ਸੱਤਾ ਧਾਰੀ ਪਾਰਟੀ ਦੇ ਬੰਦਿਆਂ ਦੇ ਘਰ ਬੈਠਿਆਂ ਦੀਆਂ ਜਾਅਲੀ ਹਾਜ਼ਰੀਆਂ ਲਗਾ ਕੇ ਕਰੋੜਾਂ ਰੁਪਏ ਦਾ ਨੁਕਸਾਨ ਕੀਤਾ ਜਾ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਜਾਅਲੀ ਦਸਤਖ਼ਤ ਕਰਨ ਵਾਲੇ ਮੁਲਾਜ਼ਮਾਂ ਦੇ ਖਿਲਾਫ ਐਫ਼ਆਈਆਰ ਦਰਜ ਹੋਣੀ ਚਾਹੀਦੀ ਹੈ।ਹਿਠਾੜ ਨੇ ਸਰਕਾਰ ਨੂੰ ਲੰਮੇ ਹੱਥੀਂ ਲੈਂਦੇ ਕਿਹਾ ਕਿ ਨਰੇਗਾ ਮਜ਼ਦੂਰਾਂ ਦੇ ਪੈਸਿਆਂ ਨੂੰ ਕੌਡੀਆਂ ਵੱਟੇ ਲੁਟਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਭੁੱਖ ਹੜਤਾਲ ਅੱਜ ਨੌਵੇਂ ਦਿਨ ਵਿੱਚ ਪ੍ਰਵੇਸ਼ ਹੋ ਗਈ ਹੈ, ਪਰ ਪ੍ਰਸ਼ਾਸਨ ਦੇ ਕੰਨ 'ਤੇ ਜੂੰ ਨਹੀਂ ਸਰਕੀ।ਉਨ੍ਹਾਂ ਕਿਹਾ ਕਿ ਜਦੋਂ ਤੱਕ ਸਾਡੀਆਂ ਮੰਗਾਂ ਨਹੀਂ ਮੰਨ ਲਈਆਂ ਜਾਂਦੀਆਂ, ਉਦੋਂ ਤੱਕ ਭੁੱਖ ਹੜਤਾਲ ਇਸੇ ਤਰ੍ਹਾਂ ਜਾਰੀ ਰਹੇਗੀ।

# ਵਾਤਾਵਰਣ ਸੰਭਾਲ 'ਚ ਕੁਤਾਹੀ ਬਣ ਸਕਦੀ ਹੈ ਮਨੁੱਖੀ ਜੀਵਨ ਲਈ ਵੱਡਾ ਖਤਰਾ

**ਲੁਧਿਆਣਾ (ਐੱਮ.ਐੱਸ.ਭਾਟੀਆ)** ਭਾਰਤ ਜਨ ਗਿਆਨ ਵਿਗਿਆਨ ਜਥਾ ਤੇ ਰਿਸ਼ੀ ਇਨਕਲੇਵ ਵੈਲਫੇਅਰ ਸੁਸਾਇਟੀ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਵਾਤਾਵਰਣ ਦੀ ਸੰਭਾਲ ਵਿਸ਼ੇ 'ਤੇ ਪੋਸਟਰ ਬਣਾਏ। ਸੰਖੇਪ ਜਿਹੇ ਸਮਾਗਮ ਵਿੱਚ ਰਿਸ਼ੀ ਇਨਕਲੇਵ ਵਿਖੇ ਭਾਰਤ ਜਨ ਗਿਆਨ ਵਿਗਿਆਨ ਜਥਾ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ ਤੇ ਵਾਤਾਵਰਣ ਦੀ ਸੰਭਾਲ ਬਾਰੇ ਬੱਚਿਆਂ ਨਾਲ ਜਾਣਕਾਰੀ ਸਾਂਝੀ ਕੀਤੀ। ਭਾਰਤ ਜਨ ਗਿਆਨ ਵਿਗਿਆਨ ਜਥਾ ਪਿਛਲੇ 32 ਸਾਲ ਤੋਂ ਵਿਸ਼ਵ ਵਾਤਾਵਰਨ ਦਿਵਸ ਮਨਾਉਂਦਾ ਆ ਰਿਹਾ ਹੈ ਤੇ ਸਮੇਂ-ਸਮੇਂ ਤੇ ਲੁਧਿਆਣੇ ਦੀਆਂ ਵਾਤਾਵਰਨ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਦਾ ਰਿਹਾ ਹੈ।

ਬੁਲਾਰਿਆਂ ਨੇ ਕਿਹਾ ਕਿ ਜਿੱਥੇ ਲੋਕਾਂ ਤੇ ਸਮਾਜ ਸੇਵੀ ਜਥੇਬੰਦੀਆਂ ਦਾ ਫ਼ਰਜ਼ ਹੈ ਕਿ ਉਹ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨ, ਉੱਥੇ ਪ੍ਰਸ਼ਾਸਨ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਖਾਲੀ ਪਈਆਂ ਸਰਕਾਰੀ ਤੇ ਸਾਂਝੀਆਂ ਥਾਂਵਾਂ 'ਤੇ ਜੰਗਲ ਲਾਉਣ ਤਾਂ ਜੁ ਸੜਕਾਂ ਨੂੰ ਚੌੜਾ ਕਰਨ ਤੇ ਹੋਰ ਜ਼ਰੂਰੀ ਕੰਮਾਂ ਲਈ ਦਰੱਖਤ ਕੱਟਣ ਤੋਂ ਬਾਅਦ ਵੱਡੀ ਗਿਣਤੀ ਵਿੱਚ ਰੁੱਖ ਲਾ ਕੇ ਕਮੀ ਪੂਰੀ ਕੀਤੀ ਜਾ ਸਕੇ।ਹੋਰਨਾਂ ਤੋਂ ਇਲਾਵਾ ਜਿਨ੍ਹਾਂ ਨੇ ਇਸ ਸਮਾਗਮ ਨੂੰ ਸੰਬੋਧਨ ਕੀਤਾ, ਉਨ੍ਹਾਂ ਵਿੱਚ ਡਾਕਟਰ ਅਰੁਣ ਮਿਤਰਾ,




ਡਾਕਟਰ ਕੁਸਮ ਲਤਾ, ਡਾਕਟਰ ਰਜਿੰਦਰ ਪਾਲ ਸਿੰਘ ਔਲਖ, ਐਮ ਐਸ ਭਾਟੀਆ, ਸੁਸ਼ਮਾ ਉਬਰਾਏ, ਰੂਮਾਨੀ ਅਤੇ ਰਪਵਿੰਦਰ ਕੌਰ ਸ਼ਾਮਲ ਸਨ। ਜਥੇ ਦੇ ਪ੍ਰਧਾਨ ਰਣਜੀਤ ਸਿੰਘ ਨੇ ਕੋਈ ਪ੍ਰੋਗਰਾਮ 'ਚ ਬੱਚਿਆਂ ਤੋਂ ਵਾਤਾਵਰਣ ਸਬੰਧੀ ਸਵਾਲ ਪੁੱਛੇ ਤੇ ਠੀਕ ਜਵਾਬ ਦੇਣ ਵਾਲੇ ਬੱਚਿਆਂ ਨੂੰ ਇਨਾਮ ਦੇ ਕੇ ਉਤਸ਼ਾਹਤ ਕੀਤਾ ਗਿਆ।ਪੋਸਟਰ ਬਣਾਉਣ ਵਾਲੇ ਸਾਰੇ ਬੱਚਿਆਂ ਨੂੰ ਇਨਾਮ ਦਿੱਤੇ ਗਏ ਅਤੇ ਸਾਰਿਆਂ ਨੂੰ ਸਰਟੀਫਿਕੇਟ ਵੀ ਦਿੱਤੇ ਗਏ। ਰਿਸ਼ੀ ਇਨਕਲੇਵ ਵੈਲਫੇਅਰ ਸੁਸਾਇਟੀ ਵੱਲੋਂ ਪ੍ਰਧਾਨ ਵਿਕਾਸ ਅਨੰਦ ਅਤੇ ਜਨਰਲ ਸਕੱਤਰ ਗੁਲਸ਼ਨ ਉਮਤ ਨੇ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਧੰਨਵਾਦ ਕੀਤਾ। ਉਨ੍ਹਾਂ ਤੋਂ ਇਲਾਵਾ ਸੁਸਾਇਟੀ ਵੱਲੋਂ ਸ਼੍ਰੀ ਲਖਨਪਾਲ, ਪੂਜਾ ਚੈਤਲੀ ਅਤੇ ਅਮਿਤ ਧਵਨ ਵੀ ਸ਼ਾਮਲ ਸਨ। ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਮਿਸਿਜ ਚੈਤਲੀ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਭਾਰਤ ਜਨ ਗਿਆਨ ਵਿਗਿਆਨ ਜਥਾ ਤੇ ਭਾਰਤ ਵਿਕਾਸ ਪ੍ਰੀਸ਼ਦ ਨੇ ਸੁਸਾਇਟੀ ਦੇ ਅੰਦਰ ਲਾਉਣ ਲਈ ਜਾਮਨ, ਨਿੰਮ ਤੇ ਤੁਲਸੀ ਦੇ ਪੌਦੇ ਵੰਡੇ।

ਬੁਲਾਰਿਆਂ ਨੇ ਦਿਨ ਪ੍ਰਤੀ ਦਿਨ ਵਧ ਰਹੇ ਤਾਪਮਾਨ ਬਾਰੇ ਵੀ ਚਿੰਤਾ ਪ੍ਰਗਟ ਕੀਤੀ। ਵਾਤਾਵਰਣ ਦੀ ਸੰਭਾਲ ਲਈ ਲੋਕਾਂ ਦੇ ਨਾਲ-ਨਾਲ ਪ੍ਰਸ਼ਾਸਨ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਖਾਲੀ ਪਈਆਂ ਸਰਕਾਰੀ ਥਾਂਵਾਂ ਤੇ ਜੰਗਲ ਲਾਉਣੇ ਚਾਹੀਦੇ ਹਨ।

## ਬਿਜਲੀ ਸਪਲਾਈ ਪ੍ਰਭਾਵਤ ਰਹੇਗੀ

**ਚੀਮਾ ਮੰਡੀ, (ਨਵਜੋਤ ਚੀਮਾ)** ਬਿਜਲੀ ਬੋਰਡ ਦੀ ਸਬ ਡਵੀਜ਼ਨ ਚੀਮਾ ਦੇ ਐੱਸ ਡੀ ਓ ਨਰੇਸ਼ ਕੁਮਾਰ ਨੇ ਦੱਸਿਆ ਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ. ਅਧੀਨ ਪੈਂਦੇ 220 ਗਰਿੱਡ ਸੁਨਾਮ ਤੋਂ ਚੱਲਦੇ 66 ਗਰਿੱਡ ਚੀਮਾ ਦੀ ਜ਼ਰੂਰੀ ਮੁਰੰਮਤ ਕਰਨ ਲਈ 6 ਜੂਨ ਨੂੰ ਸਵੇਰੇ 9:00 ਵਜੇ ਤੋਂ ਦੁਪਹਿਰ 1:30 ਵਜੇ ਤੱਕ 66 ਕੇ ਵੀ ਗਰਿੱਡ ਚੀਮਾਂ ਤੋਂ ਚਲਦੀ ਚੀਮਾ ਸ਼ਹਿਰੀ, ਮੇਨ ਰੋਡ, ਬੀਰ ਕਲਾਂ, ਝਾੜੋਂ ਅਤੇ ਸ਼ਾਹਪੁਰ ਕਲਾਂ ਦੀ ਘਰੇਲੂ ਅਤੇ ਇਸ ਦੇ ਨਾਲ ਜਖੇਪਲ ਏ ਪੀ, ਝਾੜੋਂ ਏ ਪੀ, ਬੀਰ ਕਲਾਂ ਏ ਪੀ, ਬਾਬਾ ਕਰਮਾਂ ਏ ਪੀ, ਤੋਗਾਵਾਲ ਏ ਪੀ, ਤੋਲਾਵਾਲ ਏ ਪੀ ਅਤੇ ਭਾਈ ਬਹਿਲੋ ਏ ਪੀ ਫੀਡਰਾਂ ਤੋਂ ਚੱਲਦੀ ਖੇਤੀਬਾੜੀ ਬਿਜਲੀ ਸਪਲਾਈ ਪ੍ਰਭਾਵਤ ਰਹੇਗੀ।

## ਕਿਸਾਨ-ਮਜ਼ਦੂਰ ਜਥੇਬੰਦੀ ਦੇ ਆਗੂਆਂ ਦੀ ਮੀਟਿੰਗ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਵੱਖ-ਵੱਖ ਜ਼ੋਨ ਆਗੂਆਂ ਦੀ ਮੀਟਿੰਗ ਗੁਰਦੁਆਰਾ ਅਰਮਾਨ ਪੁਰਾ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਸੂਬਾ ਮੀਤ ਪ੍ਰਧਾਨ ਜਸਬੀਰ ਸਿੰਘ ਪਿੱਦੀ, ਸੂਬਾ ਕਮੇਟੀ ਮੈਂਬਰ ਸਤਨਾਮ ਸਿੰਘ ਪੰਨੂ ਵਿਸ਼ੇਸ਼ ਤੌਰ 'ਤੇ ਪਹੁੰਚੇ।ਜ਼ਿਲ੍ਹਾ ਆਗੂ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਦੱਸਿਆ ਕਿ ਆਗੂਆਂ ਨੇ ਕਿਹਾ ਕਿ ਚੱਲ ਰਹੇ ਖਨੌਰੀ, ਸ਼ੰਭੂ ਬਾਰਡਰਾਂ ਤੇ ਮੋਰਚੇ ਪੂਰੀ ਚੜ੍ਹਦੀ ਕਲਾਂ ਵਿੱਚ ਹਨ ਤੇ ਚਾਹੇ ਕਿਸੇ ਵੀ ਪਾਰਟੀ ਜਾਂ ਗਠਜੋੜ ਦੀ ਸਰਕਾਰ ਬਣੇ ਜਿਨ੍ਹਾਂ ਟਾਇਮ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਦਾ ਪੂਰਨ ਤੌਰ 'ਤੇ ਹੱਲ ਨਹੀਂ ਕਰਦੀਆਂ ਮੋਰਚੇ ਜਾਰੀ ਰਹਿਣਗੇ।ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਮੋਰਚੇ ਵਿੱਚ ਜਾਣ ਲਈ ਜ਼ਿਲ੍ਹਾ ਵਾਰ ਤੀਬਰਤਾ ਸੂਬਾ ਕਮੇਟੀ ਵਲੋਂ ਬਣਾ ਕੇ ਪੇਸ਼ ਕਰ ਦਿੱਤੀ ਗਈ ਹੈ ਤੇ ਆਪਣੀ ਵਾਰੀ ਆਉਣ ਤੇ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚੋਂ ਹਜ਼ਾਰਾਂ ਦੀ ਗਿਣਤੀ ਲੈ ਕੇ ਕਿਸਾਨ ਮੋਰਚੇ ਵਿੱਚ ਸ਼ਾਮਲ ਹੋਣ 'ਤੇ ਚੱਲ ਰਹੇ ਮੋਰਚੇ ਵਾਸਤੇ ਲੰਗਰਾਂ ਲਈ ਪਿੰਡਾਂ ਵਿਚੋਂ ਵੱਧ ਤੋਂ ਵੱਧ ਕਣਕ ਇਕੱਠੀ ਕਰਕੇ ਜਮ੍ਹਾਂ ਕੀਤੀ ਜਾਵੇ। ਮੀਟਿੰਗ 'ਚ ਪਿੰਡਾਂ ਦੇ ਫੰਡਾਂ ਦੀ ਰਿਪੋਰਟ, ਵਹੀਕਲਾਂ ਦੀ ਰਿਪੋਰਟ, ਜਥੇਬੰਦਕ ਢਾਂਚੇ ਤੇ ਹੋਰ ਘਾਟਾਂ ਕਮਜ਼ੋਰੀਆਂ 'ਤੇ ਵੀ ਮੰਥਨ ਕੀਤਾ ਗਿਆ।

## ਮੀਤ ਹੇਅਰ ਦੀ ਜਿੱਤ 'ਤੇ ਮਨਾਏ ਗਏ ਜਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਅਪਣੇ ਨਜ਼ਦੀਕੀ ਵਿਰੋਧੀ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ ਪਛਾੜਦੇ ਹੋਏ 172582 ਵੋਟਾਂ ਨਾਲ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਜੇਤੂ ਰਹੇ ਹਨ। ਹਲਕਾ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਉੱਦਮ ਸਦਕਾ ਮੀਤ ਹੇਅਰ ਨੂੰ ਹਲਕਾ ਮਹਿਲ ਕਲਾਂ 'ਚੋਂ 35726 ਵੋਟਾਂ, ਇਕਬਾਲ ਝੂੰਦਾਂ ਨੂੰ 7121 ਵੋਟਾਂ, ਸੁਖਪਾਲ ਖਹਿਰਾ ਨੂੰ 16631 ਵੋਟਾਂ, ਭਾਜਪਾ ਦੇ ਅਰਵਿੰਦ ਖੰਨਾ ਨੂੰ 5048 ਵੋਟਾਂ ਮਿਲੀਆਂ।ਇਸ ਤਰ੍ਹਾਂ ਨਾਲ ਮੀਤ ਹੇਅਰ ਸਿਮਰਨਜੀਤ ਸਿੰਘ ਮਾਨ ਨਾਲੋਂ 23711 ਵੱਧ ਵੋਟਾਂ ਵੱਧ ਲੈ ਕੇ ਹਲਕਾ ਮਹਿਲ ਕਲਾਂ ਤੋਂ ਅੱਗੇ ਰਹੇ।ਜਿੱਤ ਦੀ ਖੁਸ਼ੀ ਮਨਾਉਂਦਿਆਂ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਇੱਕ-ਦੂਜੇ ਦਾ ਮੂੰਹ ਮਿੱਠਾ ਕਰਾਇਆ ਅਤੇ ਲੱਡੂ ਵੰਡੇ।ਇਸ ਮੌਕੇ ਹਾਜ਼ਰ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਮੀਤ ਹੇਅਰ ਨੂੰ ਜਿੱਤਣ ਦੀ ਵਧਾਈ ਦਿੱਤੀ ਤੇ ਹਲਕਾ ਮਹਿਲ ਕਲਾਂ ਦੇ ਵੋਟਰਾਂ ਦਾ ਧੰਨਵਾਦ ਕੀਤਾ ਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਦਿਨ-ਰਾਤ ਇਕ ਕਰਕੇ ਮੀਤ ਹੇਅਰ ਨੂੰ ਜਿਤਾਉਣ ਦੇ ਯਤਨ ਕੀਤੇ।

# ਰਾਜਾ ਵੜਿੰਗ ਦੀ ਜਿੱਤ ਦੀ ਖੁਸ਼ੀ 'ਚ ਜਗਰਾਉਂ ਕਾਂਗਰਸੀ ਵਰਕਰਾਂ ਨੇ ਮਨਾਈ ਖੁਸ਼ੀ



**ਜਗਰਾਉਂ (ਅਮਿਤ ਖੰਨਾ)** ਲੋਕ ਸਭਾ ਹਲਕਾ ਲੁਧਿਆਣਾ ਤੋਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵਿਰੋਧੀਆਂ ਨੂੰ ਪਛਾੜਦੇ ਹੋਏ ਚੰਗੀ ਲੀਡ ਨਾਲ ਜਿੱਤ ਹਾਸਲ ਕੀਤੀ ਹੈ। ਦੱਸਣਯੋਗ ਹੈ ਕਿ ਰਾਜਾ ਵੜਿੰਗ ਨੂੰ ਜਗਰਾਉਂ, ਦਾਖਾ, ਗਿੱਲ ਅਤੇ ਆਤਮ ਨਗਰ ਤੋਂ ਜਿੱਤ ਹਾਸਲ ਕੀਤੀ ਹੈ। ਬਾਕੀ ਲੁਧਿਆਣਾ ਦੇ ਪੰਜ ਵਿਧਾਨ ਸਭਾ ਹਲਕਿਆਂ 'ਚ ਰਾਜਾ ਵੜਿੰਗ ਬੁਰੀ ਤਰ੍ਹਾਂ ਹਾਰੇ ਹਨ, ਉਥੇ ਜਗਰਾਉਂ ਤੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ 9000 ਦੇ ਕਰੀਬ ਨਾਲ ਲੀਡ ਹਾਸਲ ਕਰਕੇ ਜਿੱਤ ਪ੍ਰਾਪਤ ਕੀਤੀ।

ਜਿੱਤ ਦੀ ਖੁਸ਼ੀ 'ਚ ਹਲਕਾ ਇੰਚਾਰਜ ਜਗਤਾਰ ਸਿੰਘ ਜੱਗਾ ਹਿੱਸੋਵਾਲ ਤੇ ਸਾਬਕਾ ਪ੍ਰਧਾਨ ਸੋਨੀ ਗਾਲਿਬ ਨੇ ਝਾਂਸੀ ਰਾਣੀ ਚੌਂਕ 'ਚ ਲੱਡੂ ਵੰਡੇ ਅਤੇ ਵਰਕਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ।

ਜੱਗਾ ਹਿੱਸੋਵਾਲ ਤੇ ਸੋਨੀ ਗਾਲਿਬ ਨੇ ਕਿਹਾ ਕਿ ਇਹ ਜਿੱਤ ਵਰਕਰਾਂ ਦੀ ਅਣਥੱਕ ਮਿਹਨਤ ਸਦਕਾ ਹੋਈ ਹੈ, ਜਿਸ ਲਈ ਅਸੀਂ ਸਮੂਹ ਵਰਕਰਾਂ ਦਾ ਧੰਨਵਾਦ ਕਰਦੇ ਹਾਂ ਅਤੇ ਰਾਜਾ ਵੜਿੰਗ ਨੂੰ ਵਧਾਈ ਦਿੰਦੇ ਹਾਂ। ਇਸ ਮੌਕੇ ਬਲਾਕ ਦਿਹਾਤੀ ਪ੍ਰਧਾਨ ਨਵਦੀਪ ਸਿੰਘ ਗਰੇਵਾਲ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਜਤਿੰਦਰਪਾਲ ਰਾਣਾ, ਕੌਂਸਲਰ ਵਿਕਰਮ ਜੱਸੀ, ਕੌਂਸਲਰ ਅਮਨ ਕਪੂਰ ਬੌਬੀ, ਕੌਂਸਲਰ ਰਵਿੰਦਰਪਾਲ ਰਾਜੂ ਕਾਮਰੇਡ, ਕੌਂਸਲਰ ਮੇਸ਼ੀ ਸਹੋਤਾ, ਹੈਪੀ ਪਹਿਲਵਾਨ, ਪਰਾਸ਼ਰ ਦੇਵ ਪੱਪੀ, ਸ਼ਹਿਰੀ ਪ੍ਰਧਾਨ ਹਰਪ੍ਰੀਤ ਸਿੰਘ ਧਾਲੀਵਾਲ, ਰਾਹੁਲ ਮਲਹੋਤਰਾ, ਜੁਆਏ ਮਲਹੋਤਰਾ, ਨੀਟਾ ਸੱਭਰਵਾਲ, ਹਰਦੀਪ ਜੱਸੀ, ਡਾ. ਇਕਬਾਲ ਸਿੰਘ ਧਾਲੀਵਾਲ, ਦਰਸ਼ਨ ਸਿੰਘ ਧਾਲੀਵਾਲ, ਗੋਪਾਲ ਸ਼ਰਮਾ, ਸਤਿੰਦਰਪਾਲ ਸਿੰਘ ਤਤਲਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਕਾਂਗਰਸੀ ਵਰਕਰ ਹਾਜ਼ਰ ਸਨ।

# ਬੱਚਿਆਂ ਨੂੰ ਤੈਰਾਕੀ ਸਿਖਾਉਣ ਲਈ ਸਵੀਮਿੰਗ ਪੂਲ ਦਾ ਉਦਘਾਟਨ

**ਪਾਤੜਾਂ, (ਨਿਸ਼ਾਨ ਸਿੰਘ ਬਣਵਾਲਾ)** ਹੈਲਿਕਸ ਆਕਸਫੋਰਡ ਸਮਾਰਟ ਸਕੂਲ ਪਾਤੜਾਂ ਦੇ ਬੱਚਿਆਂ ਨੂੰ ਗਰਮੀ ਦੇ ਪ੍ਰਭਾਵ ਤੋਂ ਬਚਾਉਣ ਅਤੇ ਤੈਰਾਕੀ ਦੇ ਗੁਰ ਸਿਖਾਉਣ ਦੇ ਮਕਸਦ ਨਾਲ ਸਕੂਲ ਮੈਨੇਜਮੈਂਟ ਦੇ ਚੇਅਰਮੈਨ ਰਹੇ ਸਵ: ਦਿਆਲ ਸਿੰਘ ਹਰੀਕਾ ਦੀ ਯਾਦ ਵਿੱਚ ਸਵੀਮਿੰਗ ਪੂਲ ਕੰਪਲੈਕਸ ਦਾ ਉਦਘਾਟਨ ਡਾਇਰੈਕਟਰ ਦਵਿੰਦਰ ਕੌਰ ਨੇ ਰੀਬਨ ਕੱਟ ਕੇ ਕੀਤਾ, ਜਿਸ ਵਿੱਚ ਬੱਚਿਆਂ ਨੂੰ ਤੈਰਾਕੀ ਦੀ ਸਿਖਲਾਈ ਤਜ਼ਰਬੇਕਾਰ ਕੋਚ ਵੱਲੋਂ ਦਿੱਤੀ ਜਾਵੇਗੀ।



ਸਕੂਲ ਪ੍ਰਿੰਸੀਪਲ ਅਮਰਜੋਤ ਕੌਰ ਨੇ ਦੱਸਿਆ ਕਿ ਜ਼ਿਆਦਾਤਰ ਸਕੂਲਾਂ ਵਿੱਚ ਤੈਰਾਕੀ ਦੀ ਸਿਖਲਾਈ ਕਿਰਾਏ ਦੇ ਪੂਲ ਵਿੱਚ ਦਿੱਤੀ ਜਾਂਦੀ ਹੈ।ਉਨ੍ਹਾਂ ਨੇ ਬੱਚਿਆਂ ਨੂੰ ਗਰਮੀ ਦੇ ਪ੍ਰਭਾਵ ਤੋਂ ਬਚਾਉਣ ਤੇ ਤੈਰਾਕੀ ਦੀ ਸਿਖਲਾਈ ਦੇਣ ਵਾਸਤੇ ਸਕੂਲ ਵਿੱਚ ਇੰਡੋਰ ਅੰਤਰਰਾਸ਼ਟਰੀ ਪੱਧਰ ਦਾ ਪੂਲ ਤਿਆਰ ਕੀਤਾ ਗਿਆ ਹੈ।ਉਨ੍ਹਾਂ ਨੇ ਦੱਸਿਆ ਕਿ ਇਹ ਪੂਲ ਹੈਲਿਕਸ ਸਕੂਲ ਵਿਦਿਆਰਥੀਆਂ ਦੇ ਨਾਲ-ਨਾਲ ਦੇ ਦੂਜੇ ਸਕੂਲਾਂ ਦੇ ਵਿਦਿਆਰਥੀਆਂ ਲਈ ਵੀ ਖੁੱਲ੍ਹਾ ਹੋਵੇਗਾ ਤਾਂ ਜੁ ਪੂਰੇ ਇਲਾਕੇ ਦੇ ਬੱਚਿਆਂ ਦਾ ਸਰਵਪੱਖੀ ਵਿਕਾਸ ਹੋ ਸਕੇ।

ਐਮਡੀ ਮੰਨਤ ਕੌਰ ਨੇ ਕਿਹਾ ਕਿ ਪੂਲ ਫਿਲਟ੍ਰੇਸ਼ਨ, ਕੈਮਰੇ ਆਦਿ ਆਧੁਨਿਕ ਸਹੂਲਤਾਂ ਨਾਲ ਲੈਸ ਹੈ। ਬੱਚਿਆਂ ਨੂੰ ਤੈਰਾਕੀ ਦੇ ਫਾਇਦੇ ਸਮਝਾਉਂਦੇ ਹੋਏ ਜਿਵੇਂ ਕੁਦਰਤੀ ਆਫ਼ਤਾਂ ਸਮੇਂ ਖੁਦ ਤੇ ਹੋਰਾਂ ਨੂੰ ਬਚਾਉਣ, ਬੱਚਿਆਂ ਦਾ ਮਾਨਸਿਕ ਤੇ ਸਰੀਰਕ ਵਿਕਾਸ ਬਾਰੇ ਦੱਸਕੇ ਤੈਰਾਕੀ ਸਿਖਲਾਈ ਲਈ ਪ੍ਰੇਰਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਹੈ ਕਿ ਸਕੂਲ ਸ਼ੁਰੂ ਤੋਂ ਬੱਚਿਆਂ ਨੂੰ ਉਚੇਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ ਸਰਵਪੱਖੀ ਵਿਕਾਸ ਲਈ ਕਮ ਕਰ ਰਿਹਾ ਹੈ।ਅੱਗੇ ਤੋਂ ਹੋਰ ਸਹੂਲਤਾਂ ਦੇਣ ਲਈ ਵਚਨਬੱਧ ਹੈ।

## ਗੈਸ ਸਿਲੰਡਰ ਫਟਣ ਕਾਰਨ ਘਰ ਦਾ ਮਾਲਕ ਬੁਰੀ ਤਰ੍ਹਾਂ ਝੁਲਸਿਆ

**ਸਿਰਸਾ (ਸੁਰਿੰਦਰ ਪਾਲ ਸਿੰਘ)** ਇੰਦਰਾਪੁਰੀ ਇਲਾਕੇ ਦੇ ਇਕ ਘਰ 'ਚ ਗੈਸ ਸਿਲੰਡਰ ਫਟਣ ਕਾਰਨ ਜ਼ਬਰਦਸਤ ਧਮਾਕਾ ਹੋਣ ਕਾਰਨ ਘਰ ਦਾ ਮਾਲਕ ਬੁਰੀ ਤਰ੍ਹਾਂ ਝੁਲਸ ਗਿਆ।ਉਸਨੂੰ ਇਲਾਜ ਲਈ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਤੇ ਉਸਦੀ ਹਾਲਤ ਨਾਜ਼ੁਕ ਬਣੀ ਹੋਈ ਹੈ।ਇੰਦਰਾਪੁਰੀ ਮੁਹੱਲੇ ਦੇ ਰਹਿਣ ਵਾਲੇ ਰਾਜਿੰਦਰ ਕੁਮਾਰ ਨੇ ਗੈਸ ਏਜੰਸੀ ਤੋਂ 2 ਸਿਲੰਡਰ ਮੰਗਵਾਏ ਤਾਂ ਏਜੰਸੀ ਦਾ ਡਿਲੀਵਰੀ ਬੁਆਏ ਸਿਲੰਡਰ ਡਿਲੀਵਰ ਕਰਨ ਲਈ ਆਇਆ ਤਾਂ ਰਾਜਿੰਦਰ ਕੁਮਾਰ ਦੋਵੇ ਸਿਲੰਡਰ ਲੈ ਕੇ ਰਸੋਈ 'ਚ ਗਿਆ ਤੇ ਇਕ ਸਿਲੰਡਰ ਦੀ ਸੀਲ ਕੱਢ ਕੇ ਗੈਸ ਚੁੱਲ੍ਹੇ ਵਿਚ ਫਿਟ ਕਰਨ ਲੱਗਾ ਤਾਂ ਅਚਾਨਕ ਗੈਸ ਸਿਲੰਡਰ ਵਿਚ ਧਮਾਕਾ ਹੋ ਗਿਆ।ਧਮਾਕੇ ਦੀ ਜ਼ੋਰਦਾਰ ਆਵਾਜ਼ ਨਾਲ ਰਾਜਿੰਦਰ ਚੀਕਦਾ ਹੋਇਆ ਬਾਹਰ ਆਇਆ ਤੇ ਝੁਲਸੀ ਹਾਲਤ ਵਿੱਚ ਲੋਕਾਂ ਨੇ ਉਸ 'ਤੇ ਪਾਣੀ ਪਾਇਆ।ਚਸ਼ਮਦੀਦਾਂ ਦਾ ਕਹਿਣਾ ਹੈ ਕਿ ਰਾਜਿੰਦਰ ਨੇ ਆਪ ਵੀ ਅੱਗ ਬੁਝਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਰਾਜਿੰਦਰ ਦਾ ਪੂਰਾ ਸਰੀਰ ਅੱਗ ਨਾਲ ਸੜ ਗਿਆ।ਘਟਨਾ ਤੋਂ ਬਾਅਦ ਫਾਇਰ ਬ੍ਰਿਗੇਡ ਪਹੁੰਚੀ ਤੇ ਰਸੋਈ ਵਿਚ ਲੱਗੀ ਅੱਗ ਬੁਝਾਈ। ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਸਿਲੰਡਰ ਧਮਾਕੇ ਦੀ ਘਟਨਾ ਪਹਿਲੀ ਵਾਰ ਵਾਪਰੀ ਹੈ। ਘਟਨਾ ਸਮੇਂ ਡਲੀਵਰੀ ਬੁਆਏ ਵੀ ਬਾਹਰ ਮੌਜੂਦ ਸੀ ਪਰ ਓਹ ਬੇਵੱਸ ਰਿਹਾ।

## ਰੇਲ ਗੱਡੀ ਦੀ ਲਪੇਟ 'ਚ ਆਉਣ ਕਾਰਨ ਬਜ਼ੁਰਗ ਦੀ ਮੌਤ

**ਮਾਨਸਾ (ਰੀਤਵਾਲ)** ਇੱਕ ਅਣਪਛਾਤੇ ਬਜ਼ੁਰਗ ਵਿਅਕਤੀ ਦੀ ਰੇਲ ਗੱਡੀ ਦੀ ਲਪੇਟ 'ਚ ਆਉਣ ਕਾਰਨ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਹੈ। ਰੇਲਵੇ ਪੁਲਸ ਚੌਂਕੀ ਦੇ ਜਾਂਚ ਅਧਿਕਾਰੀ ਨਿਰਮਲ ਸਿੰਘ ਨੇ ਦੱਸਿਆ ਕਿ ਮੰਗਲਵਾਰ ਦੀ ਦੁਪਹਿਰ ਦੇ ਬਾਅਦ ਇੱਕ ਰੇਲ ਗੱਡੀ ਜੋ ਬਠਿੰਡਾ ਤੋਂ ਜਾਖਲ ਵੱਲ ਜਾ ਰਹੀ ਸੀ। ਰੇਲਵੇ ਪਲੇਟਫਾਰਮ ਨਜ਼ਦੀਕ 60 ਸਾਲਾ ਅਣਪਛਾਤਾ ਬਜ਼ੁਰਗ ਵਿਅਕਤੀ ਜੋ ਰੇਲਵੇ ਲਾਇਨ ਪਾਰ ਕਰ ਰਿਹਾ ਸੀ, ਜਿਸਦੀ ਰੇਲ ਗੱਡੀ ਦੀ ਚਪੇਟ 'ਚ ਆਉਣ ਕਾਰਨ ਮੌਤ ਹੋ ਗਈ।ਉਨ੍ਹਾਂ ਕਿਹਾ ਕਿ ਮ੍ਰਿਤਕ ਦੀ ਲਾਸ਼ ਨੂੰ ਮਾਨਸਾ ਦੇ ਸਿਵਲ ਹਸਪਤਾਲ ਦੀ ਮੋਰਚਰੀ 'ਚ 72 ਘੰਟੇ ਲਈ ਰੱਖਿਆ ਗਿਆ ਹੈ ਤਾਂ ਜੁ ਇਸ ਦੀ ਪਛਾਣ ਹੋ ਸਕੇ।

# ਕਾਮਰੇਡ ਅਮੋਲਕ ਸਿੰਘ ਔਲਖ ਦੀ ਬਰਸੀ ਭਲਕੇ

**ਫ਼ਰੀਦਕੋਟ, (ਗੁਰਪ੍ਰੀਤ ਸਿੰਘ ਬੇਦੀ)** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 7 ਜੂਨ ਨੂੰ ਪੰਜਾਬ ਦੇ ਅਮਨ ਚੈਨ ਅਤੇ ਭਾਈਚਾਰਕ ਸਾਂਝ ਦੀ ਰਾਖੀ ਲਈ ਸ਼ਹੀਦ ਹੋਏ ਕਾਮਰੇਡ ਅਮੋਲਕ ਸਿੰਘ ਤੇ ਉਸਦੇ 6 ਸਾਥੀਆਂ ਦੀ 33ਵੀਂ ਬਰਸੀ ਇਨਕਲਾਬੀ ਜੋਸ਼ ਨਾਲ ਪਿੰਡ ਔਲਖ ਸਥਿਤ ਯਾਦਗਾਰ 'ਤੇ ਮਨਾਈ ਜਾਵੇਗੀ।ਇਹ ਬਿਆਨ ਸੀਪੀਆਈ ਦੀ ਜ਼ਿਲ੍ਹਾ ਕੌਂਸਲ ਮੀਟਿੰਗ ਬਾਅਦ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਜਾਰੀ ਕੀਤਾ।ਕਾਮਰੇਡ ਜਗਤਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਜ਼ਿਲ੍ਹਾ ਸਕੱਤਰ ਤੋਂ ਇਲਾਵਾ ਕਾਮਰੇਡ ਗੁਰਨਾਮ ਸਿੰਘ, ਗੋਰਾ ਪਿਪਲੀ, ਸੁਖਜਿੰਦਰ ਸਿੰਘ ਤੂੰਬੜਭੰਨ, ਸੁਖਦਰਸ਼ਨ ਰਾਮ ਸ਼ਰਮਾ, ਮੁਖਤਿਆਰ ਸਿੰਘ ਭਾਣਾ, ਪੱਪੀ ਢਿੱਲਵਾਂ, ਚਰਨਜੀਤ ਸਿੰਘ ਚੰਬੇਲੀ, ਵੀਰ ਸਿੰਘ ਕੰਮੇਆਣਾ ਤੇ ਇੰਦਰਜੀਤ ਸਿੰਘ ਗਿੱਲ ਨੇ ਸੰਬੋਧਨ ਕੀਤਾ।ਬੁਲਾਰਿਆਂ ਨੇ ਕਿਹਾ ਕਿ ਜਿੱਥੇ ਕਮਿਊਨਿਸਟ ਪਾਰਟੀਆਂ ਨੇ ਹਮੇਸ਼ਾ ਮਿਹਨਤਕਸ਼ ਜਮਾਤ ਦੇ ਹੱਕੀ ਸੰਘਰਸ਼ਾਂ ਲਈ ਮੂਹਰੇ ਹੋ ਕੇ ਸੰਘਰਸ਼ ਲੜੇ ਹਨ, ਉੱਥੇ ਪੰਜਾਬ ਦੇ ਮਾੜੇ ਹਾਲਾਤਾਂ ਵਿੱਚ ਪੰਜਾਬੀਆਂ ਦੀ ਭਾਈਚਾਰਕ ਸਾਂਝ ਦੀ ਰਾਖੀ ਲਈ ਵੀ



ਕੁਰਬਾਨੀਆਂ ਦੇਣ ਤੋਂ ਪਿੱਛੇ ਨਹੀਂ ਹਟੇ, ਜਿਸਦੀ ਮਿਸਾਲ ਕਾਮਰੇਡ ਅਮੋਲਕ ਸਿੰਘ ਤੇ ਉਸਦੇ ਛੇ ਸਾਥੀਆਂ ਦੀ ਸ਼ਹੀਦੀ ਹੈ।ਮੀਟਿੰਗ ਵਿੱਚ ਇਸ ਗੱਲ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ ਕਿ ਬੇਅੰਤ ਧਨ ਤੇ ਤਾਕਤ ਦੇ ਬਾਵਜੂਦ ਦੇਸ਼ ਦੇ ਲੋਕਾਂ ਨੇ ਮੋਦੀ ਸਰਕਾਰ ਦੇ 400 ਪਾਰ ਦੇ ਨਾਹਰੇ ਨੂੰ ਰੱਦ ਕਰਕੇ ਉਸ ਨੂੰ ਜ਼ੋਰ ਦਾ ਝਟਕਾ ਦਿੱਤਾ ਹੈ।ਇਸ ਦੇ ਨਾਲ ਹੀ ਪੰਜਾਬ ਦੀ ਮਾਨ ਸਰਕਾਰ, ਜੋ ਸਾਰੀਆਂ 13 ਸੀਟਾਂ ਜਿੱਤਣ ਦੇ ਦਾਅਵੇ ਕਰ ਰਹੀ ਸੀ, ਨੂੰ ਲੋਕਾਂ ਨੇ ਸਬਕ ਸਿਖਾਇਆ ਹੈ ਕਿ ਸਿਰਫ਼ ਗੱਲਾਂ ਦੇ ਕੜਾਹ ਨਾਲ ਨਹੀਂ ਸਰਨਾ, ਚੋਣਾਂ ਵੇਲੇ ਕੀਤੇ ਵਾਅਦੇ ਪੂਰੇ ਕਰਨੇ ਪੈਣੇ ਹਨ।ਇਸ ਮੌਕੇ ਮਾਸਟਰ ਗੁਰਚਰਨ ਸਿੰਘ ਮਾਨ ਨੇ ਲੋਕ ਸਭਾ ਹਲਕਾ ਫ਼ਰੀਦਕੋਟ ਦੇ ਸਾਰੇ ਵੋਟਰ ਭੈਣ ਭਰਾਵਾਂ ਅਤੇ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦਾ ਸਖ਼ਤ ਗਰਮੀ ਵਿੱਚ ਦਿੱਤੇ ਸਹਿਯੋਗ ਲਈ ਧੰਨਵਾਦ ਕਰਦੇ ਹੋਏ ਉਨ੍ਹਾਂ ਦੇ ਹਰ ਦੁੱਖ-ਸੁੱਖ ਵਿੱਚ ਸਾਥ ਦੇਣ ਦਾ ਭਰੋਸਾ ਦਿੱਤਾ।ਜ਼ਿਲ੍ਹਾ ਕੌਂਸਲ ਵੱਲੋਂ ਸਮੂਹ ਇਲਾਕਾ ਵਾਸੀਆਂ ਨੂੰ 7 ਜੂਨ ਨੂੰ 11 ਵਜੇ ਔਲਖ ਪਿੰਡ ਦੀ ਫਿਰਨੀ 'ਤੇ ਸਥਿਤ ਯਾਦਗਾਰ ਵਿਖੇ ਮਨਾਏ ਜਾ ਰਹੇ ਬਰਸੀ ਸਮਾਗਮ ਵਿੱਚ ਵਧ-ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਕਰਨ ਦੀ ਮੰਗ

**ਕੋਟਕਪੂਰਾ, (ਰਛਪਾਲ ਭੁੱਲਰ)** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, 1680 ਸੈਕਟਰ 22 ਬੀ, ਚੰਡੀਗੜ੍ਹਦੇ ਪ੍ਰਮੁੱਖ ਆਗੂਆਂ ਸਰਵ ਸ੍ਰੀ ਦਰਸ਼ਨ ਸਿੰਘ ਲੁਬਾਣਾ ਐਕਟਿੰਗ ਚੇਅਰਮੈਨ,ਚਰਨ ਸਿੰਘ ਸਰਾਭਾ ਸਰਪ੍ਰਸਤ, ਰਣਜੀਤ ਸਿੰਘ ਰਾਣਵਾਂ ਸੂਬਾ ਪ੍ਰਧਾਨ, ਸੁਰਿੰਦਰ ਕੁਮਾਰ ਪੁਆਰੀ ਜਨਰਲ ਸਕੱਤਰ, ਜਗਦੀਸ਼ ਸਿੰਘ ਚਾਹਲ ਮੁੱਖ ਜਥੇਬੰਦਕ ਸਕੱਤਰ, ਪ੍ਰੇਮ ਚਾਵਲਾ ਤੇ ਕਰਤਾਰ ਸਿੰਘ ਪਾਲ ਅਡੀਸ਼ਨਲ ਜਨਰਲ ਸਕੱਤਰ, ਗੁਰਮੇਲ ਸਿੰਘ ਮੈਲਡੇ ਸੀਨੀਅਰ ਮੀਤ ਪ੍ਰਧਾਨ ਨੇ ਕਿਹਾ ਕਿ ਦੇਸ਼ ਦੇ ਕਰੋੜਾਂ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਅਬ ਕੀ ਬਾਰ 400 ਪਾਰ' ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਜਾ ਰਹੇ ਚੋਣ ਪ੍ਰਚਾਰ ਦੌਰਾਨ ਪੰਜਾਬ ਬਣੇਗਾ ਹੀਰੋ ਇਸ ਵਾਰ 13-0 ਦੇ ਦਾਅਵੇ ਦੀ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਚੰਗੀ ਤਰ੍ਹਾਂ ਫੂਕ ਕੱਢਕੇ ਰੱਖ ਦਿੱਤੀ ਹੈ।ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਨੇ ਆਪਣੇ ਪੰਜ ਮੰਤਰੀਆਂ ਅਤੇ ਚਾਰ ਵਿਧਾਇਕਾਂ ਨੂੰ ਲੋਕ ਸਭਾ ਚੋਣਾਂ ਦੇ ਮੈਦਾਨ ਵਿੱਚ ਖੜਾ ਕੀਤਾ ਸੀ ਤੇ ਇਨ੍ਹਾਂ 9 ਵਿੱਚੋਂ ਸਿਰਫ 2 ਨੂੰ ਹੀ ਸਫਲਤਾ ਮਿਲੀ ਤੇ ਬਾਕੀ 7 ਨੂੰ ਤਕੜੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

ਆਗੂਆਂ ਨੇ ਅੱਗੇ ਦੱਸਿਆ ਕਿ ਪੰਜਾਬ ਵਿੱਚ ਹੁਕਮਰਾਣ ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਸਾਲ 2022 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਗਏ ਸਾਰੇ ਚੋਣ ਵਾਅਦੇ ਤੁਰੰਤ ਪੂਰੇ ਕਰਨੇ ਚਾਹੀਦੇ ਹਨ, ਜਿਵੇਂ ਕਿ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾਂ, ਠੇਕਾ, ਆਊਟ ਸੋਰਸ ਤੇ ਸਕੀਮ ਵਰਕਰਾਂ ਨੂੰ ਪੱਕਾ ਕਰਨਾ, ਤਨਖ਼ਾਹ ਰਵੀਜ਼ਨ ਅਤੇ ਡੀ ਏ ਦੇ ਬਕਾਏ ਦੇਣਾ, 12 ਫੀਸਦੀ ਡੀ ਏ ਦੀਆਂ ਤਿੰਨ ਕਿਸ਼ਤਾਂ ਤੁਰੰਤ ਦੇਣਾ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਲਾਗੂ ਕਰਨਾ, ਪਰਖ ਕਾਲ ਦਾ ਸਮਾਂ ਘਟਾ ਕੇ ਇੱਕ ਸਾਲ ਕਰਨਾ ਅਤੇ ਪਰਖ ਕਾਲ ਦੇ ਸਮੇਂ ਦੌਰਾਨ ਪੂਰੀਆਂ ਤਨਖਾਹਾਂ ਦੇਣਾ, ਸਕੀਮ ਵਰਕਰਾਂ ਦੀਆਂ ਉਜਰਤਾਂ ਦੁੱਗਣੀਆਂ ਕਰਨਾ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਨਾ ਆਦਿ।

ਆਗੂਆਂ ਨੇ ਅੱਗੇ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਦੇ ਪੈਨਸ਼ਨਰਾਂ ਦੀ ਲੀਡਰਸ਼ਿਪ ਨਾਲ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਤੁਰੰਤ ਗੱਲਬਾਤ ਦਾ ਰਸਤਾ ਅਖਤਿਆਰ ਕਰਕੇ ਸਾਰੇ ਮਸਲੇ ਹੱਲ ਕਰਨੇ ਚਾਹੀਦੇ ਹਨ ਤਾਂ ਜੁ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਪਾਏ ਜਾ ਰਹੇ ਗੁੱਸੇ ਨੂੰ ਸ਼ਾਂਤ ਕੀਤਾ ਜਾ ਸਕੇ।

## ਸਾਬਕਾ ਉਪ ਪ੍ਰਧਾਨ ਮੰਤਰੀ ਦੇ ਪਰਵਾਰ ਦੇ ਸਿਆਸੀ ਪੱਤੇ ਚਿੱਤ



**ਸਿਰਸਾ (ਸੁਰਿੰਦਰ ਪਾਲ ਸਿੰਘ)** ਹਰਿਆਣਾ ਵਿੱਚ ਲੋਕ ਸਭਾ ਚੋਣਾਂ ਵਿੱਚ ਸਾਬਕਾ ਉਪ ਪ੍ਰਧਾਨ ਮੰਤਰੀ ਦੇਵੀ ਲਾਲ ਪਰਵਾਰ ਦੇ ਦੂਜ ਤੋਂ ਤੀਜੀ ਪੀੜ੍ਹੀ ਤੱਕ ਦੇ ਮੈਂਬਰਾਂ ਨੇ ਇਸ ਵਾਰ ਦੋ ਥਾਂਵਾਂ ਤੋਂ ਲੋਕ ਸਭਾ ਚੋਣਾਂ ਲੜੀਆਂ ਸਨ, ਪਰ ਪਰਿਵਾਰ ਦਾ ਕੋਈ ਵੀ ਮੈਂਬਰ ਚੋਣ ਨਹੀਂ ਜਿੱਤ ਸਕਿਆ।ਹਿਸਾਰ ਸੀਟ 'ਤੇ ਚੌਧਰੀ ਦੇਵੀ ਲਾਲ ਦੇ ਪੁੱਤਰ ਰਣਜੀਤ ਸਿੰਘ ਚੌਟਾਲਾ ਨੇ ਭਾਜਪਾ ਉਮੀਦਵਾਰ ਵਜੋਂ ਹਿਸਾਰ ਸੀਟ ਤੋਂ ਚੋਣ ਲੜੀ ਅਤੇ ਜੇਜੇਪੀ ਵੱਲੋਂ ਸੁਨੈਨਾ ਚੌਟਾਲਾ, ਇਨੈਲੋ ਤੋਂ ਸੁਨੈਨਾ ਚੋਣ ਮੈਦਾਨ 'ਚ ਸਨ।ਦੇਵੀ ਲਾਲ ਦੇ ਪੋਤੇ ਅਭੈ ਸਿੰਘ ਚੌਟਾਲਾ ਕੁਰੂਕਸ਼ੇਤਰ ਸੀਟ ਤੋਂ ਚੋਣ ਹਾਰ ਗਏ। ਇੱਥੋਂ ਤੱਕ ਕਿ ਨੈਨਾ, ਸੁਨੈਨਾ ਤੇ ਅਭੈ ਦੀ ਜ਼ਮਾਨਤ ਵੀ ਜ਼ਬਤ ਹੋ ਗਈ।ਅਭੈ ਨੂੰ 6.53 ਫੀਸਦੀ ਵੋਟਾਂ ਮਿਲੀਆਂ। ਨੈਨਾ ਨੂੰ ਸਿਰਫ਼ 1.88 ਫ਼ੀਸਦੀ ਤੇ ਸੁਨੈਨਾ ਨੂੰ ਸਿਰਫ਼ 1.9 ਫ਼ੀਸਦੀ ਵੋਟਾਂ ਅਤੇ ਰਣਜੀਤ ਚੌਟਾਲਾ ਨੂੰ 43.19 ਫੀਸਦੀ ਵੋਟਾਂ ਮਿਲੀਆਂ।ਤਾਊ ਦੇਵੀ ਲਾਲ ਦੇ ਚਾਰੇ ਪੁੱਤਰਾਂ ਦੇ ਸਿਆਸੀ ਰਸਤੇ ਵੱਖੋ-ਵੱਖਰੇ ਹਨ।ਰਣਜੀਤ ਚੌਟਾਲਾ ਨੇ ਸੰਸਦ ਮੈਂਬਰ ਬਣਨ ਲਈ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਤੱਕ ਦੇ ਦਿੱਤਾ, ਪਰ ਹਿਸਾਰ ਦੀ ਜਨਤਾ ਨੇ ਉਨ੍ਹਾਂ ਨੂੰ ਗਲ਼ ਨਾਲ ਨਹੀਂ ਲਾਇਆ।

## ਸ਼੍ਰੀ ਰਘੂਨਾਥ ਮੰਦਰ 'ਚ ਮਨਾਈ ਜਾਵੇਗੀ ਸ਼ਨੀ ਜੈਅੰਤੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਸ੍ਰੀ ਮੁਕਤਸਰ ਸਾਹਿਬ ਤੇ ਰਘੂਨਾਥ ਮੰਦਰ ਵਿਖੇ 6 ਜੂਨ ਨੂੰ ਸ਼ਨੀ ਜੈਅੰਤੀ ਸ਼ਰਧਾ ਭਾਵ ਅਤੇ ਧੂਮ ਧਾਮ ਨਾਲ ਮਨਾਈ ਜਾਵੇਗੀ।ਚੇਅਰਮੈਨ ਰਾਜ ਖੁਰਾਣਾ ਅਤੇ ਪ੍ਰਧਾਨ ਅਸ਼ੋਕ ਤੇਰੀਆ ਨੇ ਦੱਸਿਆ ਕਿ ਸ਼ਨੀ ਜੈਅੰਤੀ ਦੇ ਸੰਬੰਧ ਵਿੱਚ ਪਿਛਲੇ ਕਈ ਦਿਨਾਂ ਤੋਂ ਮੰਦਰ ਵਿਖੇ ਸ਼ਨੀਦੇਵ ਮਹਾਰਾਜ ਨੂੰ 108 ਘੰਟੇ ਨਿਰੰਤਰ ਤੇਲ ਇਸ਼ਨਾਨਧਾਰਾ ਚੱਲ ਰਹੀ ਹੈ, ਜਿਹੜੀ ਕੱਲ੍ਹ ਸੰਪੰਨ ਹੋ ਜਾਵੇਗੀ।ਧਾਰਾ ਦੇ ਸਮਾਪਨ ਸਮਾਰੋਹ ਮੌਕੇ ਸਨੀ ਦੇਵ ਮਹਾਰਾਜ ਨੂੰ ਮਹਾਂ ਇਸ਼ਨਾਨ ਕਰਾਇਆ ਜਾਵੇਗਾ।ਇਸ ਸਬੰਧ 'ਚ ਜਿੱਥੇ ਤਰਬੂਜ ਦਾ ਲੰਗਰ ਲਾਇਆ ਗਿਆ, ਉਥੇ ਕੱਲ ਸਾਰਾ ਦਿਨ ਪੂਰੀ ਛੋਲੇ ਦਾ ਲੰਗਰ ਚਲਦਾ ਰਹੇਗਾ।

# ਜ਼ਮੀਨੀ ਵਿਵਾਦ ਕਾਰਨ ਪੀੜਤ ਧਿਰ ਨੂੰ ਹੀ ਪ੍ਰੇਸ਼ਾਨ ਕਰਨ ਦਾ ਦੋਸ਼



**ਮਾਨਸਾ (ਪੱਤਰ ਪ੍ਰੇਰਕ)** ਪਿੰਡ ਕੁਲਰੀਆਂ ਵਿਖੇ ਜ਼ਮੀਨੀ ਵਿਵਾਦ ਨੂੰ ਲੈ ਕੇ ਪੰਚਾਇਤ ਤੇ ਸਰਪੰਚ ਰਾਜਵੀਰ ਸਿੰਘ ਦੀ ਧਿਰ ਵੱਲੋਂ ਕਾਸ਼ਤਕਾਰ ਕਿਸਾਨਾਂ ਉੱਤੇ ਮੁੜ ਤੋਂ ਹਮਲਾ ਕਰ ਦਿੱਤਾ ਗਿਆ ਹੈ।ਪਹਿਲਾਂ ਵੀ ਕਿਸਾਨ ਸੀਤਾ ਸਿੰਘ ਉੱਤੇ ਗੱਡੀ ਚੜ੍ਹਾ ਕੇ ਜ਼ਖ਼ਮੀ ਕਰਨ ਕਾਰਨ ਰਾਜੂ ਸਰਪੰਚ ਦੀ ਧਿਰ ਉੱਤੇ ਧਾਰਾ 307 ਦਾ ਪਰਚਾ ਦਰਜ ਕੀਤਾ ਹੋਇਆ ਹੈ, ਪਰ ਤਿੰਨ ਮਹੀਨੇ ਬੀਤਣ ਦੇ ਬਾਵਜੂਦ ਪੁਲਸ ਪ੍ਰਸ਼ਾਸਨ ਵੱਲੋਂ ਕੋਈ ਵੀ ਗ੍ਰਿਫ਼ਤਾਰੀ ਨਹੀਂ ਕੀਤੀ ਗਈ।ਕੱਲ੍ਹ ਫਿਰ ਸਰਪੰਚ ਧਿਰ ਵੱਲੋਂ ਕਿਸਾਨਾਂ ਦੇ ਘਰ ਜਾ ਕੇ ਉਨ੍ਹਾਂ ਉੱਤੇ ਹਮਲਾ ਕੀਤਾ ਗਿਆ ਤੇ ਔਰਤਾਂ ਸਮੇਤ ਕਾਫ਼ੀ ਕਿਸਾਨ ਫੱਟੜ ਕੀਤੇ ਗਏ, ਜਿਨ੍ਹਾਂ ਵਿੱਚੋਂ ਦੋ ਕਿਸਾਨ ਜਸਪ੍ਰੀਤ ਸਿੰਘ ਤੇ ਜਗਦੇਵ ਸਿੰਘ ਗੰਭੀਰ ਸੱਟਾਂ ਨਾਲ ਜ਼ਖ਼ਮੀ ਹੋਣ ਕਾਰਨ ਬੁਢਲਾਡਾ ਹਸਪਤਾਲ 'ਚੋਂ ਸਿਵਲ ਹਸਪਤਾਲ ਮਾਨਸਾ ਵਿਖੇ ਰੈਫਰ ਕਰ ਦਿੱਤੇ ਗਏ ਹਨ।ਜ਼ਖ਼ਮੀ ਕਰਨ ਦੇ ਬਾਵਜੂਦ ਆਮ ਆਦਮੀ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਤੇ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਤੇ ਰਾਜੂ ਸਰਪੰਚ, ਕਾਸ਼ਤਕਾਰ ਕਿਸਾਨਾਂ ਨੂੰ ਤੰਗ-ਪ੍ਰੇਸ਼ਾਨ ਕਰ ਰਹੇ ਹਨ।ਕਿਸਾਨਾਂ ਦੀ ਕੁੱਟਮਾਰ ਕਰਨ ਤੋਂ ਬਾਅਦ ਸਰਪੰਚ ਦੀ ਗੁੰਡਾ ਢਾਣੀ ਵੱਲੋਂ ਪਿੰਡ ਦੇ ਮਨਰੇਗਾ ਭਵਨ 'ਚ ਆਪਣੀ ਖੜੀ ਗੱਡੀ ਨੂੰ ਖ਼ੁੱਦ ਹੀ ਅੱਗ ਲਾ ਕੇ ਕਿਸਾਨਾਂ ਉੱਤੇ ਝੂਠਾ ਪਰਚਾ ਦਰਜ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ, ਜਿਸਦੀ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਵੱਲੋਂ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਵਿੱਚ ਜ਼ਿਲਾ ਕਮੇਟੀ ਵੱਲੋਂ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਂਦੀ ਹੈ ਤੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਜੇਕਰ ਰਾਜੂ ਧਿਰ ਵੱਲੋਂ ਕੀਤੇ ਹਮਲੇ 'ਤੇ ਸਖ਼ਤ ਕਾਰਵਾਈ ਨਾ ਕੀਤੀ ਗਈ ਅਤੇ ਕਿਸਾਨਾਂ ਦੇ ਬਿਆਨਾਂ ਉੱਤੇ ਜਾਇਜ਼ ਪਰਚਾ ਦਰਜ ਨਾ ਕੀਤਾ ਗਿਆ ਤਾਂ ਜਥੇਬੰਦੀ ਤੁਰੰਤ ਸਖ਼ਤ ਐਕਸ਼ਨ ਕਰਨ ਲਈ ਮਜਬੂਰ ਹੋਵੇਗੀ।ਨਾਲ ਹੀ ਜੇਕਰ ਕਿਸਾਨਾਂ ਨੂੰ ਝੂਠੇ ਪਰਚੇ ਬਣਾ ਕੇ ਜਾਣਬੁੱਝ ਕੇ ਜ਼ਲੀਲ ਕੀਤਾ ਗਿਆ ਤਾਂ ਜਥੇਬੰਦੀ ਵੱਲੋਂ ਇਸਦਾ ਜਨਤਕ ਪੱਧਰ 'ਤੇ ਜਵਾਬ ਦਿੱਤਾ ਜਾਵੇਗਾ।ਜ਼ਿਲ੍ਹਾ ਪੱਧਰੀ, ਬਲਾਕ ਪੱਧਰੀ ਕਮੇਟੀ ਵੱਲੋਂ ਪ੍ਰਸ਼ਾਸਨ ਨੂੰ ਅਪੀਲ ਹੈ ਕਿ ਰਾਜੂ ਸਰਪੰਚ ਤੇ ਉਸ ਦੇ ਸਰਗਣੇ ਉੱਤੇ ਜੋ ਪਹਿਲਾਂ ਹੀ 307 ਦਾ ਪਰਚਾ ਦਰਜ ਹੈ ਤੇ ਐਕਸ਼ਨ ਕਰਦੇ ਹੋਏ ਜਲਦ ਤੋਂ ਜਲਦ ਗ੍ਰਿਫ਼ਤਾਰ ਕੀਤਾ ਜਾਵੇ।

## ਦੋ ਭਰਾਵਾਂ ਦੀ ਕੁੱਟਮਾਰ ਕਰਕੇ ਮੋਟਰਸਾਈਕਲ ਖੋਹਣ ਵਾਲੇ ਤਿੰਨ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਦਾਣਾ ਮੰਡੀ ਗੇਟ ਨੰਬਰ 1 ਆਸਲ ਰੋਡ ਵਿਖੇ ਦੋ ਨੌਜਵਾਨਾਂ ਦੀ ਕੁੱਟਮਾਰ ਕਰਕੇ ਮੋਟਰਸਾਈਕਲ ਖੋਹਣ ਵਾਲੇ ਤਿੰਨ ਵਿਅਕਤੀਆਂ ਨੂੰ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ ਗ੍ਰਿਫ਼ਤਾਰ ਕਰਕੇ ਉਨ੍ਹਾਂ ਖਿਲਾਫ਼ 379-ਬੀ, 379, 411 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਕੁਲਦੀਪ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਜਨਤਾ ਪ੍ਰੀਤ ਨਗਰ ਸਿਟੀ ਫ਼ਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਭਰਾ ਦਲਜੀਤ ਸਿੰਘ ਨਾਲ ਮੋਟਰਸਾਈਕਲ ਸਪਲੈਂਡਰ ਪਲੱਸ 'ਤੇ ਸਵਾਰ ਹੋ ਕੇ ਘਰ ਤੋਂ ਕੰਮ ਕਾਜ ਸਬੰਧੀ ਦਾਣਾ ਮੰਡੀ ਨੂੰ ਆਏ, ਜਦ ਉਹ ਦਾਣਾ ਮੰਡੀ ਦੇ ਗੇਟ ਨੰਬਰ 1 'ਤੇ ਪੁੱਜੇ ਤਾਂ ਗੋਲਡਨ ਇਨਕਲੇਵ ਸਾਇਡ ਤੋਂ 6-7 ਅਣਪਛਾਤੇ ਵਿਅਕਤੀ ਤੇ 2 ਮੋਟਰਸਾਈਕਲਾਂ 'ਤੇ ਆਏ। ਕੁਲਦੀਪ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਨੇ ਮੋਟਰਸਾਈਕਲ ਰੋਕ ਕੇ ਉਸ ਦੀ ਤੇ ਉਸ ਦੇ ਭਰਾ ਨਾਲ ਕੁੱਟਮਾਰ ਕਰਕੇ ਉਨ੍ਹਾਂ ਦਾ ਮੋਟਰਸਾਈਕਲ ਖੋਹ ਲਿਆ ਤੇ ਦਾਣਾ ਮੰਡੀ ਵੱਲ ਫਰਾਰ ਹੋ ਗਏ। ਕੁਲਦੀਪ ਸਿੰਘ ਨੇ ਦੱਸਿਆ ਕਿ ਦੋਸ਼ੀਅਨ ਨੂੰ ਸਾਹਮਣੇ ਆਉਣ ਤੇ ਪਛਾਣ ਸਕਦਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਪੁਲਿਸ ਪਾਰਟੀ ਵੱਲੋਂ 3 ਦੋਸ਼ੀਅਨ ਰਾਹੁਲ ਉਰਫ ਨਿੱਕਾ ਪੁੱਤਰ ਵਿਜੇ ਕੁਮਾਰ ਵਾਸੀ ਲੇਲੀ ਵਾਲਾ, ਰਣਜੀਤ ਸਿੰਘ ਉਰਫ਼ ਰਾਜਾ ਪੁੱਤਰ ਜਸਬੀਰ ਸਿੰਘ ਵਾਸੀ ਕਨਾਲ ਕਲੋਨੀ ਤੇ ਸੈਮਸੰਗ ਵਿਸ਼ਾਲ ਪੁੱਤਰ ਰਾਕੇਸ਼ ਕੁਮਾਰ ਵਾਸੀ ਲੇਲੀਵਾਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਇਨ੍ਹਾਂ ਕੋਲੋਂ 2 ਮੋਟਰਸਾਈਕਲ ਹੀਰੋ ਸਪਲੈਂਡਰ ਪਲੱਸ ਬਰਾਮਦ ਕੀਤੇ ਗਏ। ਜਾਂਚਕਰਤਾ ਨੇ ਦੱਸਿਆ ਕਿ ਪੁਲਿਸ ਨੇ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਤੰਗ-ਪ੍ਰੇਸ਼ਾਨ ਹੋ ਕੇ ਕੀਤੀ ਆਤਮ-ਹੱਤਿਆ, ਇੱਕ ਖਿਲਾਫ਼ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਕਸਬਾ ਮੁੱਦਕੀ ਵਿਖੇ ਤੰਗ ਪ੍ਰੇਸ਼ਾਨ ਅਤੇ ਦੁਖੀ ਹੋ ਕੇ ਇਕ ਵਿਅਕਤੀ ਵੱਲੋਂ ਆਤਮ ਹੱਤਿਆ ਕਰਨ ਦੀ ਖਬਰ ਸਾਹਮਣੇ ਆਈ ਹੈ। ਥਾਣਾ ਘੱਲਖੁਰਦ ਪੁਲਸ ਨੇ ਇਕ ਵਿਅਕਤੀ ਖਿਲਾਫ਼ 306 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਹਰਪਾਲ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਮੁੱਦਕੀ ਨੇ ਦੱਸਿਆ ਕਿ ਉਸ ਦਾ ਭਰਾ ਸਲਵਿੰਦਰ ਸਿੰਘ (48 ਸਾਲ) ਉਰਫ਼ ਸੇਵਕ ਪੁੱਤਰ ਪ੍ਰੀਤਮ ਸਿੰਘ ਵਾਸੀ ਮੁੱਕੀ ਨੇ ਵਿਆਹ ਨਹੀਂ ਕਰਾਇਆ ਸੀ ਤੇ ਪਿੰਡ ਦੀ ਰਹਿਣ ਵਾਲੀ ਕੁਲਵਿੰਦਰ ਕੌਰ ਪਤਨੀ ਸਵ. ਤਰੇਸਮ ਸਿੰਘ ਦੇ ਘਰ ਕਾਫੀ ਸਮੇਂ ਤੋਂ ਆਉਣਾ ਜਾਣਾ ਸੀ। ਕੁਲਵਿੰਦਰ ਕੌਰ ਦੇ ਬੱਚੇ ਵੱਡੇ ਹੋਣ ਕਰਕੇ ਉਸ ਦਾ ਪਰਵਾਰ ਤੇ ਰਿਸ਼ਤੇਦਾਰ ਇਨ੍ਹਾਂ ਨੂੰ ਆਪਸ ਵਿਚ ਮਿਲਣ ਤੋਂ ਰੋਕਦੇ ਸਨ। ਕੁਝ ਦਿਨ ਪਹਿਲਾ ਸਲਵਿੰਦਰ ਨੇ ਆਪਣੀ ਭੈਣ ਨੂੰ ਕਿਹਾ ਸੀ ਕਿ ਕੁਲਵਿੰਦਰ ਕੌਰ ਦਾ ਪਰਿਵਾਰ ਹੁਣ ਤੱਕ ਮੇਰੀ ਕਮਾਈ ਖਾਂਦਾ ਰਿਹਾ ਹੈ ਤੇ ਹੁਣ ਕੁਲਵਿੰਦਰ ਕੌਰ ਨਾਲ ਮਿਲਣ ਕਰਕੇ ਤੰਗ ਪ੍ਰੇਸ਼ਾਨ ਕਰਕੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹਨ, ਜਿਸ ਕਰਕੇ ਸਲਵਿੰਦਰ ਸਿੰਘ ਪ੍ਰੇਸ਼ਾਨ ਰਹਿੰਦਾ ਸੀ ਤੇ ਇਨ੍ਹਾਂ ਵਿਅਕਤੀਆਂ ਤੋਂ ਦੁਖੀ ਹੋ ਕੇ 4-5 ਦਿਨ ਪਹਿਲਾਂ ਆਤਮਹੱਤਿਆ ਕਰ ਲਈ ਹੈ, ਜਿਸ ਕਰਕੇ ਇਸ ਦੀ ਲਾਸ਼ੀ ਬਦਬੂ ਮਾਰ ਰਹੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਦੋਸ਼ੀ ਜਸਵੀਰ ਸਿੰਘ ਉਰਫ ਸ਼ੀਰਾ ਵਾਸੀ ਘੱਲਖੁਰਦ ਖਿਲਾਫ਼ ਮਾਮਲਾ ਦਰਜ ਰਜਿਸਟਰ ਕੀਤਾ ਗਿਆ ਹੈ।

# ਡੀ ਏ ਵੀ ਸਕੂਲ ਦੇ ਵਿਦਿਆਰਥੀਆਂ ਨੇ ਪੰਜ ਰੋਜ਼ਾ ਕੈਂਪ 'ਚ ਭਾਗ ਲਿਆ



**ਮਲੋਟ, (ਗੁਰਮੀਤ ਸਿੰਘ ਮੱਕੜ)** ਡੀ.ਏ.ਵੀ ਪਬਲਿਕ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਦੀ ਰਹਿਨੁਮਾਈ ਹੇਠ ਅਤੇ ਅਧਿਆਪਕਾ ਸਵੀਨਾ ਅਰੋੜਾ ਅਤੇ ਸੁਪ੍ਰੀਤ ਕੌਰ ਦੀ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਨੇ ਭਾਰਤ ਸਕਾਊਟਸ ਅਤੇ ਗਾਈਡ ਵੱਲੋਂ ਲਾਏ ਗਏ ਹੈਕਿੰਗ ਅਤੇ ਟਰੈਕਿੰਗ ਕੈਂਪ ਤਾਰਾ ਦੇਵੀ (ਸ਼ਿਮਲਾ) ਵਿੱਚ ਭਾਗ ਲਿਆ।

ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੇ ਦੱਸਿਆ ਕਿ ਲੜਕੀਆਂ ਲਈ ਸਕਾਊਟਿੰਗ ਕੈਂਪ ਇੱਕ ਸੰਪੂਰਨ ਤਜਰਬਾ ਹੈ, ਜੋ ਨਿੱਜੀ ਵਿਕਾਸ, ਹੁਨਰ ਵਿਕਾਸ, ਸਮਾਜਿਕ ਪਰਸਪਰ ਪ੍ਰਭਾਵ, ਵਾਤਾਵਰਣ ਸੰਭਾਲ ਅਤੇ ਸਮੁੱਚੀ ਤੰਦਰੁਸਤੀ ਨੂੰ ਉਤਸ਼ਾਹਤ ਕਰਦਾ ਹੈ, ਇਹ ਸਭ ਇੱਕ ਮਜ਼ੇਦਾਰ ਤੇ ਸਹਾਇਕ ਵਾਤਾਵਰਣ ਵਿਚ ਹੈ। ਇਸ ਕੈਂਪ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈ ਕੇ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ। ਕੈਂਪ ਵਿੱਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਨ੍ਹਾਂ ਵਿੱਚੋਂ ਅੱਠ ਨੂੰ 12 ਕਿਲੋਮੀਟਰ ਦੀ ਟਰੈਕਿੰਗ, ਰੋਪ ਕਲਾਈਬਿੰਗ, ਵੱਖ-ਵੱਖ ਸੱਭਿਆਚਾਰਕ ਗਤੀਵਿਧੀਆਂ ਤੇ ਅੱਗ ਲੱਗਣ ਦੀ ਸੂਰਤ ਵਿੱਚ ਰੱਖੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਵਿਸ਼ੇਸ਼ ਸਿਖਲਾਈ ਦਿੱਤੀ ਗਈ। ਕੈਂਪ ਵਿਚ ਸਕੂਲ ਦੀਆਂ 23 ਵਿਦਿਆਰਥਣਾਂ ਨੇ ਭਾਗ ਲਿਆ। ਇਸ ਪੰਜ ਰੋਜ਼ਾ ਕੈਂਪ ਵਿਚ ਵਿਦਿਆਰਥਣਾਂ ਨੂੰ ਜਾਖੂ ਮੰਦਰ, ਤਾਰਾ ਦੇਵੀ ਮੰਦਰ, ਸੰਕਟ ਮੋਚਨ ਹਨੂੰਮਾਨ ਮੰਦਰ, ਸਕਾਊਟ ਹਾਲ, ਮਾਲ ਰੋਡ ਸ਼ਿਮਲਾ, ਪੁਰਾਣਾ ਚਰਚ, ਪੰਚਕੂਲਾ ਹਰਿਆਣਾ ਸਥਿਤ ਗੁਰਦੁਆਰਾ ਨੱਡਾ ਸਾਹਿਬ, ਯਵਾਨਿਕਾ ਪਾਰਕ ਦੀ ਸੈਰ ਕਰਾਈ ਗਈ।

## ਨਗਰ ਕੌਂਸਲ ਦਾ ਜੇ ਈ ਲੱਖ ਰੁਪਏ ਦੀ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

**ਬਠਿੰਡਾ (ਬਖਤੌਰ ਢਿੱਲੋਂ)** ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਅਪਣਾਈ ਜ਼ੀਰੋ ਟਾਲਰੈਂਸ ਨੀਤੀ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤਖੋਰੀ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਵਿਜੀਲੈਂਸ ਬਿਊਰੋ ਨੇ ਬੀਤੀ ਰਾਤ ਨਗਰ ਕੌਂਸਲ ਵਿਖੇ ਤਾਇਨਾਤ ਜੇ.ਈ. ਜਤਿੰਦਰ ਸਿੰਘ ਨੂੰ 1,00,000 ਰੁਪਏ ਦੀ ਰਿਸ਼ਵਤ ਹਾਸਲ ਕਰਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਜਤਿੰਦਰ ਸਿੰਘ ਜੇ.ਈ. ਵਿਰੁੱਧ ਇਹ ਮੁਕੱਦਮਾ ਦੀ ਪਿੰਡ ਖੀਵਾਂ ਕਲਾ ਕੋਆਪ੍ਰੇਟਿਵ ਕਿਰਤ ਸੁਸਾਇਟੀ ਤੇ ਉਸਾਰੀ ਸਭਾ ਦੇ ਪ੍ਰਧਾਨ ਸੁਰਿੰਦਰ ਗਰਗ ਦੀ ਸ਼ਿਕਾਇਤ ਉੱਪਰ ਦਰਜ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਉਕਤ ਜੇ.ਈ. ਵੱਲੋਂ ਕਸਤੂਰਬਾ ਗਾਂਧੀ ਹੋਸਟਲ ਬਰੇਟਾ, ਜ਼ਿਲ੍ਹਾ ਮਾਨਸਾ ਦੇ ਉਸਾਰੀ ਕਾਰਜਾਂ ਵਿੱਚ ਘਪਲੇਬਾਜ਼ੀ ਕਰਨ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਬਠਿੰਡਾ ਰੇਂਜ ਵੱਲੋਂ ਪਹਿਲਾਂ ਹੀ ਅਕਤੂਬਰ 2022 ਵਿੱਚ ਇੱਕ ਮੁਕੱਦਮੇ ਵਿੱਚ ਦੋਸ਼ੀ ਵਜੋਂ ਨਾਮਜ਼ਦ ਕੀਤਾ ਹੋਇਆ ਹੈ।ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਸੋਸਾਇਟੀ ਨੂੰ ਨਗਰ ਕੌਂਸਲ ਮਾਨਸਾ ਵੱਲੋਂ ਬਿਜਲੀ ਦੀ ਸਪਲਾਈ, ਗਲੀਆਂ ਦੀ ਉਸਾਰੀ ਦੇ ਕੰਮ ਤੇ ਹੋਰ ਕਈ ਕੰਮ ਅਲਾਟ ਹੋਏ ਸਨ।ਇਸ ਸਬੰਧੀ ਸੁਸਾਇਟੀ ਵੱਲੋਂ ਕੰਮ ਮੁਕੰਮਲ ਕਰਨ ਉਪਰੰਤ ਅਦਾਇਗੀ ਕਰਨ ਲਈ ਬਿੱਲ ਨਗਰ ਕੌਂਸਲ ਮਾਨਸਾ ਵਿਖੇ ਭੇਜੇ ਗਏ ਸਨ, ਪਰ ਅਦਾਇਗੀ ਕਰਨ ਲਈ ਉਕਤ ਨਗਰ ਕੌਂਸਲ ਦੇ ਕਾਰਜਕਾਰੀ ਅਧਿਕਾਰੀ (ਈ.ਓ), ਜੂਨੀਅਰ ਇੰਜੀਨੀਅਰ (ਜੇ.ਈ), ਸਹਾਇਕ ਨਗਰ ਕੌਂਸਲ ਇੰਜਨੀਅਰ (ਏ.ਐਮ.ਈ), ਲੇਖਾਕਾਰ, ਕਲਰਕ ਅਤੇ ਕੰਪਿਊਟਰ ਅਪ੍ਰੇਟਰ ਵੱਲੋਂ ਉਸ ਕੋਲੋਂ ਕਮਿਸ਼ਨ ਦੀ ਮੰਗ ਕੀਤੀ ਜਾ ਰਹੀ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਬਠਿੰਡਾ ਰੇਂਜ ਵੱਲੋਂ ਸ਼ਿਕਾਇਤ ਵਿੱਚ ਲਾਏ ਗਏ ਦੋਸ਼ਾਂ ਦੀ ਮੁੱਢਲੀ ਜਾਂਚ ਉਪਰੰਤ ਜਾਲ ਵਿਛਾਇਆ, ਜਿਸ ਦੌਰਾਨ ਮੁਲਜ਼ਮ ਜਤਿੰਦਰ ਸਿੰਘ ਜੇ.ਈ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਬਿੱਲ ਪਾਸ ਕਰਨ ਬਦਲੇ ਕਮਿਸ਼ਨ ਦੇ ਤੌਰ 'ਤੇ 1,00,000 ਰੁਪਏ ਦੀ ਰਿਸ਼ਵਤ ਲੈਂਦਿਆਂ ਬੀਤੀ ਰਾਤ ਰੰਗੇ ਹੱਥੀਂ ਕਾਬੂ ਕੀਤਾ ਗਿਆ।ਵਿਜੀਲੈਂਸ ਟੀਮ ਨੇ ਮੌਕੇ 'ਤੇ ਹੀ ਮੁਲਜ਼ਮ ਦੇ ਕਬਜ਼ੇ 'ਚੋਂ 1,00,000 ਰੁਪਏ ਦੀ ਰਿਸ਼ਵਤ ਦੀ ਰਕਮ ਵੀ ਬਰਾਮਦ ਕਰ ਲਈ।


SMFG IndiaCredit

## SMFG INDIA CREDIT COMPANY LIMITED
## (formerly Fullerton India Credit Company Limited)

ਕਾਰਪੋਰੇਟ ਦਫਤਰ : 10ਵੀਂ ਮੰਜ਼ਲ, ਦਫਤਰ ਨੰ. 101, 102 ਅਤੇ 103, 2 ਉੱਤਰੀ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ-400051

**ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਵਿਕਰੀ ਨੋਟਿਸ**

ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ 15 ਦਿਨਾਂ ਦਾ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਅਚੱਲ ਜਾਇਦਾਦਾਂ, ਜਿਨ੍ਹਾਂ ਦਾ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ (ਪਹਿਲਾਂ ਫੁਲਟਰੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ)/ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਕਬਜ਼ਾ ਹਾਸਲ ਕਰ ਲਿਆ ਗਿਆ ਹੈ, ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਕੀ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ ਦੇ ਹੇਠਾਂ ਦਰਸਾਈ ਮਿਤੀ ਅਤੇ ਸਮੇਂ 'ਤੇ, ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ (ਪਹਿਲਾਂ ਫੁਲਟਰੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ)/ਸਕਿਉਰਡ ਕ੍ਰੈਡਿਟਰ ਵੱਲ ਹੇਠਾਂ ਦਰਸਾਈ ਬਕਾਇਆ ਰਕਮ ਅਤੇ ਇਸ ਉਪਰ ਮੁਕੰਮਲ ਅਦਾਇਗੀ ਦੀ ਮਿਤੀ ਤੱਕ ਭਵਿੱਖੀ ਵਿਆਜ ਅਤੇ ਅਤੇ ਹੋਰ ਖਰਚੇ, ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਕੋਲੋਂ ਵਸੂਲਣ ਲਈ ਕੀਤੀ ਜਾਵੇਗੀ। ਰਾਖਵੀਂ ਕੀਮਤ, ਬਿਆਨਾ ਰਕਮ ਡਿਪਾਜ਼ਟ (ਈ ਐੱਮ ਡੀ) ਅਤੇ ਈ ਐੱਮ ਡੀ ਡਿਪਾਜ਼ਟ ਦੀ ਅੰਤਮ ਮਿਤੀ ਵੀ ਹੇਠਾਂ ਦਰਸਾਈ ਗਈ ਹੈ :

| ਕਰਜ਼ਦਾਰ/ਗਰੰਟਰ | ਡਿਮਾਂਡ ਨੋਟਿਸ ਦੀ ਮਿਤੀ ਤੇ ਰਕਮ | ਅਚੱਲ ਜਾਇਦਾਦ ਦਾ ਵੇਰਵਾ | ਰਾਖਵੀਂ ਕੀਮਤ , ਈ ਐੱਮ ਡੀ ਅਤੇ ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ | ਈ-ਨਿਲਾਮੀ ਦੀ ਮਿਤੀ ਤੇ ਸਮਾਂ |
|---|---|---|---|---|
| (1) ਐੱਸ ਕੇ ਲਖਨਪਾਲ ਨਿੱਟਰਜ<br>(2) ਸੰਜੀਵ ਕੁਮਾਰ<br>(3) ਰਜਨੀ ਲੱਖਨਪਾਲ<br>(4) ਪੁਸ਼ਪਾ ਦੇਵੀ<br>(5) ਸ਼ਿਵ ਕੁਮਾਰ | 14.03.2022 ਨੂੰ ਬਕਾਇਆ ਰੁਪਏ 69,87,109/- (ਉਨੱਤਰ ਲੱਖ ਸਤਾਸੀ ਹਜ਼ਾਰ ਇੱਕ ਸੌ ਨੌਂ ਰੁਪਏ ਕੇਵਲ) | ਅਚੱਲ ਜਾਇਦਾਦ ਮਕਾਨ ਨੰ. **B-VI-208** ਵਾਕਿਆ ਗਲੀ ਨੰ. 5, ਨੇੜੇ ਰਾਮ ਮੰਦਰ ਪੁਰਾਣੀ ਮਾਧੋਪੁਰੀ, ਲੁਧਿਆਣਾ, ਪੰਜਾਬ-141008 ਨਾਲ ਸੰਬੰਧਤ ਸਭ ਕੁਝ। ਹੱਦਾਂ : ਬੈਨਾਮੇ ਅਨੁਸਾਰ : ਪੂਰਬ : ਗੁਆਂਢੀ, ਪੱਛਮ ਸੜਕ, ਉੱਤਰ : ਅਮਰ ਨਾਥ, ਦੱਖਣ : ਪ੍ਰਿਥੀ ਰਾਜ | ਰਾਖਵੀਂ ਕੀਮਤ ਆਈ ਐੱਨ ਆਰ 52,31,250/- (ਬਵੰਜਾ ਲੱਖ ਇਕੱਤੀ ਹਜ਼ਾਰ ਦੋ ਸੌ ਪੰਜਾਹ ਰੁਪਏ ਕੇਵਲ) ਅਤੇ ਬਿਆਨਾ ਰਕਮ ਡਿਪਾਜ਼ਟ ਆਈ ਐੱਨ ਆਰ 5,23,125/- (ਪੰਜ ਲੱਖ ਤੇਈ ਹਜ਼ਾਰ ਇੱਕ ਸੌ ਪੱਚੀ ਰੁਪਏ ਕੇਵਲ) ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ : 27.06.2024 | ਮਿਤੀ : 28.06.2024 ਸਮਾਂ : ਸਵੇਰੇ 11.00 ਵਜੇ ਤੋਂ ਦੁਪਹਿਰ 01.00 ਵਜੇ (ਹਰੇਕ 5 ਮਿੰਟ ਦੇ ਅਸੀਮਤ ਵਾਧੇ ਨਾਲ) |
| (1) ਅਸ਼ੋਕ ਨਿਟਿੰਗ ਵਰਕਸ<br>(2) ਅਸ਼ੋਕ ਕੁਮਾਰ<br>(3) ਮਮਤਾ ਰਾਣੀ<br>(4) ਰਾਮ ਗੋਪਾਲ | 28 ਅਕਤੂਬਰ 2022 ਨੂੰ ਬਕਾਇਆ ਰੁਪਏ 56,27,393/- (ਛਪੰਜਾ ਲੱਖ ਸਤਾਈ ਹਜ਼ਾਰ ਤਿੰਨ ਸੌ ਤਰਿਆਨਵੇਂ ਰੁਪਏ ਕੇਵਲ) | ਜਾਇਦਾਦ 1 : ਜਾਇਦਾਦ ਖਸਰਾ ਨੰ. 1449, 1450, 1448, 1447, 1499/1 ਗਲੀ ਨੰ. 6, ਬਚਿੱਤਰ ਨਗਰ, ਵਾਕਿਆ ਗਿੱਲ ਨੰ. 2, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਜਾਇਦਾਦ ਨੰ. II : ਖਸਰਾ ਨੰ. 1449, 1450, 1448, 1447, ਵਾਕਿਆ ਗਿੱਲ-II, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ | ਰਾਖਵੀਂ ਕੀਮਤ ਆਈ ਐੱਨ ਆਰ 22,29,300/- (ਬਾਈ ਲੱਖ ਉਨੱਤੀ ਹਜ਼ਾਰ ਤਿੰਨ ਸੌ ਰੁਪਏ ਕੇਵਲ), ਜਾਇਦਾਦ 1 ਵਾਸਤੇ ਅਤੇ ਆਈ ਐੱਨ ਆਰ 35,54,100/- (ਪੈਂਤੀ ਲੱਖ ਚੁਰੰਜਾ ਹਜ਼ਾਰ ਇੱਕ ਸੌ ਰੁਪਏ ਕੇਵਲ) ਜਾਇਦਾਦ 2 ਵਾਸਤੇ ਅਤੇ ਬਿਆਨਾ ਰਕਮ ਡਿਪਾਜ਼ਟ ਆਈ ਐੱਨ ਆਰ 2,22,930/-(ਦੋ ਲੱਖ ਬਾਈ ਹਜ਼ਾਰ ਨੌਂ ਸੌ ਤੀਹ ਰੁਪਏ ਕੇਵਲ) ਜਾਇਦਾਦ 1 ਵਾਸਤੇ ਅਤੇ ਆਈ ਐੱਨ ਆਰ 3,55,410/-(ਤਿੰਨ ਲੱਖ ਪਚਵੰਜਾ ਹਜ਼ਾਰ ਚਾਰ ਸੌ ਦਸ ਰੁਪਏ ਕੇਵਲ) ਜਾਇਦਾਦ 2 ਵਾਸਤੇ। ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 27.06.2024 | ਮਿਤੀ : 28.06.2024 ਸਮਾਂ : ਸਵੇਰੇ 11.00 ਵਜੇ ਤੋਂ ਦੁਪਹਿਰ 01.00 ਵਜੇ (ਹਰੇਕ 5 ਮਿੰਟ ਦੇ ਅਸੀਮਤ ਵਾਧੇ ਨਾਲ) |
| (1) ਜੰਗ ਫੋਰਜਿੰਗਜ਼<br>(2) ਅੰਮ੍ਰਿਤਪਾਲ ਸਿੰਘ ਦਹੇਲਾ<br>(3) ਸੁਖਵਿੰਦਰ ਸਿੰਘ ਦਹੇਲਾ<br>(4) ਪ੍ਰਭਜੋਤ ਕੌਰ<br>(5) ਸੁਖਵਿੰਦਰ ਕੌਰ<br>(6) ਗੁਰਪ੍ਰੀਤ ਕੌਰ<br>(7) ਹਰਦੀਪ ਕੌਰ | 28/10/2022 ਨੂੰ ਬਕਾਇਆ ਰੁਪਏ 1,07,72,208.65/- (ਇੱਕ ਕਰੋੜ ਸੱਤ ਲੱਖ ਬੱਤਰ ਹਜ਼ਾਰ ਦੋ ਸੌ ਅੱਠ ਰੁਪਏ ਅਤੇ ਪੈਂਹਠ ਪੈਸੇ ਕੇਵਲ) | ਜਾਇਦਾਦ ਖਸਰਾ ਨੰ. 824, ਮਕਾਨ ਨੰ. 11220, ਗਲੀ ਨੰ. 5, ਪਿੰਡ ਢੋਲੇਵਾਲ ਅਬਾਦੀ ਪ੍ਰਤਾਪ ਨਗਰ ਨੇੜੇ ਸ਼ਿਵ ਮੰਦਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। | ਰਾਖਵੀਂ ਕੀਮਤ ਰੁਪਏ 97,03,000/- (ਸਤਾਨਵੇਂ ਲੱਖ ਤਿੰਨ ਹਜ਼ਾਰ ਰੁਪਏ ਕੇਵਲ) ਅਤੇ ਬਿਆਨਾ ਰਕਮ ਡਿਪਾਜ਼ਟ (ਈ ਐੱਮ ਡੀ ) ਰੁਪਏ 9,70,300/- (ਨੌਂ ਲੱਖ ਸੱਤਰ ਹਜ਼ਾਰ ਤਿੰਨ ਸੌ ਰੁਪਏ ਕੇਵਲ) ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 27.06.2024 | ਮਿਤੀ : 28.06.2024 ਸਮਾਂ : ਸਵੇਰੇ 11.00 ਵਜੇ ਤੋਂ ਦੁਪਹਿਰ 01.00 ਵਜੇ (ਹਰੇਕ 5 ਮਿੰਟ ਦੇ ਅਸੀਮਤ ਵਾਧੇ ਨਾਲ) |

ਹੋਰ ਵੇਰਵਿਆਂ ਲਈ ਕਿਰਪਾ ਕਰਕੇ ਅਮੀਨ ਕੁਮਾਰ ameen.Kumar@ fullertonindia.com +91 8685987810 ਅਤੇ ਹਰਮਨੀ ਜੌਲੀ Harmani.jolly@fullertonindia.com + 91 8655901470 'ਤੇ ਸੰਪਰਕ ਕੀਤਾ ਜਾਵੇ। ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕਿਰਪਾ ਕਰਕੇ ਫੁਲਟਰੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ/ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ www.smfgindia.com/https://smfgindia.auctiontiger.net 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।

ਮਿਤੀ : 06/06/2024
ਸਥਾਨ : ਲੁਧਿਆਣਾ

ਸਹੀ/- ਅਧਿਕਾਰਤ ਅਫਸਰ
ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ (ਪਹਿਲਾਂ ਫੁਲਟਰੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ)



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

6-May-PAGE-3.qxd 6/5/2024 10:06 PM Page 1



# ਗੁਰਦਾਸਪੁਰ ਲੋਕ ਸਭਾ ਸੀਟ ਤੋਂ ਸੁਖਜਿੰਦਰ ਸਿੰਘ ਰੰਧਾਵਾ ਦੀ ਸ਼ਾਨਦਾਰ ਜਿੱਤ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਗੁਰਦਾਸਪੁਰ ਲੋਕ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ।ਸੁਖਜਿੰਦਰ ਸਿੰਘ ਰੰਧਾਵਾ 3,61713 ਨਾਲ ਜੇਤੂ ਰਹੇ। 18ਵੀਂ ਲੋਕ ਸਭਾ ਚੋਣਾਂ ਦੌਰਾਨ ਗੁਰਦਾਸਪੁਰ ਲੋਕ ਸਭਾ ਸੀਟ ਤੋਂ ਆਸਾਨੀ ਨਾਲ ਸੰਸਦ ਮੈਂਬਰ ਚੁਣੇ ਗਏ ਸੁਖਜਿੰਦਰ ਸਿੰਘ ਰੰਧਾਵਾ ਨੂੰ ਸਿਆਸੀ ਤੇ ਸਮਾਜਿਕ ਕੰਮਾਂ ਦੇ ਪੱਖ ਤੋਂ ਕਿਸੇ ਮਾਨਤਾ ਦੀ ਲੋੜ ਨਹੀਂ, ਉਹ ਪ੍ਰਸਿੱਧ ਸਿਆਸਤਦਾਨ ਹਨ ਜੋ ਦੋ ਵਾਰ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ। ਸਿਆਸਤ ਦੀ ਪ੍ਰਤਿਭਾ ਆਪਣੇ ਪਰਿਵਾਰ ਤੋਂ ਪ੍ਰਾਪਤ ਕਰਨ ਤੋਂ ਬਾਅਦ ਸੁਖਜਿੰਦਰ ਰੰਧਾਵਾ ਆਪਣੇ ਪਿਤਾ ਦੇ ਨਾਲ-ਨਾਲ ਸਰਗਰਮ ਰਹੇ ਅਤੇ 2002 ਵਿੱਚ ਉਹ ਪਹਿਲੀ ਵਾਰ ਵਿਧਾਇਕ ਵਜੋਂ ਪੰਜਾਬ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹੇ ਸਨ। ਉਹ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਦੌਰਾਨ ਸਹਿਕਾਰਤਾ ਅਤੇ ਜੇਲ੍ਹ ਵਿਭਾਗ ਦੇ ਕੈਬਨਿਟ ਮੰਤਰੀ ਰਹੇ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਦੌਰਾਨ 20 ਸਤੰਬਰ 2021 ਤੋਂ 16 ਮਾਰਚ 2022 ਤੱਕ ਉਪ ਮੁੱਖ ਮੰਤਰੀ ਵੀ ਰਹੇ।2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਹਲਕਾ ਡੇਰਾ ਬਾਬਾ ਨਾਨਕ ਤੋਂ ਚੋਣ ਜਿੱਤ ਕੇ ਵਿਧਾਇਕ ਚੁਣੇ ਗਏ ਸਨ ਅਤੇ ਇਸ ਮੌਕੇ ਵੀ ਉਹ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਹਨ।ਜਦੋਂ ਕਈ ਮੁੱਦਿਆਂ 'ਤੇ ਕਾਂਗਰਸ ਸਰਕਾਰ ਅਤੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਕਈ ਆਗੂਆਂ ਦੇ ਮਤਭੇਦ ਸਨ ਤਾਂ ਉਸ ਮੌਕੇ ਸੁਖਜਿੰਦਰ ਸਿੰਘ ਰੰਧਾਵਾ ਨੇ ਸਪੱਸ਼ਟ ਸਟੈਂਡ ਲਿਆ ਸੀ।ਹੁਣ ਵੀ ਪਾਰਟੀ ਨੇ ਉਨ੍ਹਾਂ 'ਚ ਭਰੋਸਾ ਕਰਕੇ ਚੋਣ ਮੈਦਾਨ ਵਿੱਚ ਉਤਾਰਿਆ ਸੀ। ਉਨ੍ਹਾਂ ਇਸ ਵਾਰ ਵੀ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ।ਰੰਧਾਵਾ ਦੀ ਸ਼ਾਨਦਾਰ ਜਿੱਤ ਮੌਕੇ ਡੇਰਾ ਬਾਬਾ ਨਾਨਕ ਦੇ ਕਾਂਗਰਸੀ ਵਰਕਰ ਕਸਬੇ ਦੇ ਪੁਰਾਣੇ ਬੱਸ ਸਟੈਂਡ ਮਹਾਰਾਜਾ ਰਣਜੀਤ ਸਿੰਘ ਚੌਕ ਵਿਖੇ ਇਕੱਠੇ ਹੋਏ, ਜਿੱਥੇ ਉਨ੍ਹਾਂ ਵੱਲੋਂ ਜਿੱਤ ਦੀ ਖੁਸ਼ੀ ਵਿੱਚ ਆਮ ਲੋਕਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ ਤੇ ਭਾਰੀ ਆਤਿਸ਼ਬਾਜ਼ੀ ਕੀਤੀ ਗਈ ।ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਮੁਨੀਸ਼ ਮਹਾਜਨ, ਸੀਨੀਅਰ ਕਾਗਰਸੀ ਆਗੂ, ਦਵਿੰਦਰ ਪਾਲ ਸਿੰਘ ਬੇਦੀ, ਬਜ਼ੁਰਗ ਕਾਗਰਸੀ ਨੇਤਾ ਮਹਿੰਗਾ ਰਾਮ ਗਰੀਬ, ਜਨਕ ਰਾਜ ਮਹਾਜਨ, ਪਵਨ ਕੁਮਾਰ ਪੰਮਾ, ਬਿੱਟਾ ਢਿੱਲੋਂ, ਰਿਸ਼ੂ ਰੈਡੀਮੇਡ, ਰਾਜਾ ਵੇਰੋਕੇ, ਸੁਖਪ੍ਰੀਤ ਸਿੰਘ (ਸੁੱਖੂ) ਬੱਲੀ ਬੇਦੀ, ਪ੍ਰੀਤਮ ਪਾਲ, ਪਿਆਰਾ ਫੌਜੀ, ਸੁਖਜੀਤ ਸਿੰਘ ਨੇਕੀ, ਹਰਦੀਪ ਸਿੰਘ ਚੰਦੂਨੰਗਲ, ਹਰਮੀਤ ਸਿੰਘ, ਅਸ਼ੋਕ ਕੁਮਾਰ ਮਹਿਰਾ, ਗੋਗਾ ਮਹਾਜਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।



# ਸਪੀਡ ਬਰੇਕਰ ਤੇ ਸਾਈਨ ਬੋਰਡ ਨਾ ਹੋਣ ਕਾਰਨ ਹਾਦਸੇ ਵਾਪਰਨ ਦਾ ਖਦਸ਼ਾ

**ਗੁਰਦਾਸਪੁਰ, (ਜਨਕ ਮਹਾਜਨ)**

ਦੋਰਾਂਗਲਾ-ਗਾਹਲੜੀ ਸੜਕ ਸਥਿਤ ਬਣੇ ਨਬੀਪੁਰ ਬਾਈਪਾਸ 'ਤੇ ਕੋਈ ਵੀ ਸਾਈਨ ਬੋਰਡ ਅਤੇ ਸਪੀਡ ਬਰੇਕਰ ਆਦਿ ਨਾ ਹੋਣ ਕਰਕੇ ਇਥੇ ਕਿਸੇ ਵੇਲੇ ਵੀ ਕੋਈ ਹਾਦਸਾ ਵਾਪਰ ਸਕਦਾ ਹੈ।



ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀ ਨਸੀਬ ਸਿੰਘ ਤੇ ਹੋਰਨਾਂ ਲੋਕਾਂ ਨੇ ਦੱਸਿਆ ਕਿ ਦੋਰਾਂਗਲਾ ਸੜਕ ਵਲੋਂ ਨਬੀਪੁਰ ਬਾਈਪਾਸ ਹਰਦੋਛੰਨੀ ਅਤੇ ਕਲਾਨੌਰ ਚੌਕਾਂ ਰੋਡ ਤੋਂ ਚੌਕਾਂ ਨੂੰ ਪਾਰ ਕਰਦਾ ਹੋਇਆ ਬਬਰੀ ਬਾਈਪਾਸ ਨਾਲ ਜਾ ਮਿਲਦਾ ਹੈ ਜੋ ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇ ਨਾਲ ਜੁੜਿਆ ਹੋਇਆ ਹੈ। ਲੋਕਾਂ ਨੇ ਦੱਸਿਆ ਕਿ ਬਟਾਲਾ-ਅੰਮ੍ਰਿਤਸਰ ਤੋਂ ਦੋਰਾਂਗਲਾ, ਗਾਹਲੜੀ, ਬਹਿਰਾਮਪੁਰ ਆਦਿ ਕਸਬੇ ਨੂੰ ਜਾਣ ਵਾਲੇ ਵਹੀਕਲ ਜ਼ਿਆਦਾਤਰ ਬਬਰੀ ਬਾਈਪਾਸ ਤੋਂ ਨਬੀਪੁਰ ਬਾਈਪਾਸ ਵੱਲ ਮੁੜ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਬਾਈਪਾਸ 'ਤੇ ਨਬੀਪੁਰ ਚੌਂਕ, ਹਰਦੋਛੰਨੀ ਚੌਕ ਅਤੇ ਦੋਰਾਂਗਲਾ ਵਾਲੇ ਟੀ. ਪੁਆਇੰਟ ਵਾਲੀ ਸੜਕ 'ਤੇ ਕੋਈ ਵੀ ਸਿਗਨਲ ਲਾਈਟ ਅਤੇ ਸਪੀਡ ਬ੍ਰੇਕਰ ਨਾ ਹੋਣ ਕਾਰਨ ਤੇਜ਼ ਰਫ਼ਤਾਰ ਵਾਹਨ ਆਪਸ ਵਿਚ ਟਕਰਾ ਜਾਂਦੇ ਹਨ। ਇਨ੍ਹਾਂ ਚੌਕਾਂ 'ਤੇ ਕਈ ਵਾਰ ਹਾਦਸੇ ਵਾਪਰ ਚੁੱਕੇ ਹਨ। ਇਸ ਬਾਈਪਾਸ ਸੜਕ 'ਤੇ ਵਹੀਕਲਾਂ ਦੀ ਆਵਾਜਾਈ ਦਿਨ-ਰਾਤ ਨਿਰੰਤਰ ਜਾਰੀ ਰਹਿੰਦੀ ਹੈ। ਇਲਾਕਾ ਵਾਸੀਆਂ ਨੇ ਮੰਗ ਕੀਤੀ ਕਿ ਨਬੀਪੁਰ ਬਾਈਪਸ ਵਿਚਕਾਰ ਆਉਂਦੇ ਵੱਖ-ਵੱਖ ਚੌਕਾਂ 'ਤੇ ਸਿਗਨਲ ਬੋਰਡ, ਸਾਈਨ ਬੋਰਡ ਅਤੇ ਸਪੀਡ ਬਰੇਕਰ ਲਗਾਏ ਜਾਣ ਤਾਂ ਜੋ ਇਥੋਂ ਚੌਕ ਕਰਾਸ ਕਰਦੇ ਸਮੇਂ ਵਾਹਨ ਚਾਲਕ ਹੌਲੀ ਰਫ਼ਤਾਰ ਨਾਲ ਲੰਘ ਸਕੇ ਅਤੇ ਹਾਦਸੇ ਵਾਪਰਨ ਤੋਂ ਬਚਾਅ ਹੋ ਸਕੇ।

# ਰੰਧਾਵਾ ਨੇ ਰੋਡ ਸ਼ੋਅ ਕੱਢ ਕੇ ਸ਼ੁਕਰਾਨੇ ਵਜੋਂ ਧਾਰਮਿਕ ਅਸਥਾਨਾਂ 'ਤੇ ਮੱਥਾ ਟੇਕਿਆ

**ਗੁਰਦਾਸਪੁਰ, (ਜਨਕ ਮਹਾਜਨ)**

ਲੋਕ ਸਭਾ ਚੋਣ ਨਤੀਜੇ ਆਉਣ ਤੋਂ ਪਹਿਲਾਂ ਹੀ ਕਾਂਗਰਸੀ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਗੁਰਦਾਸਪੁਰ ਦੇ ਕਾਂਗਰਸੀ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਘਰ ਪਹੁੰਚ ਗਏ ਸਨ। ਇੱਥੋਂ ਉਨ੍ਹਾਂ ਦੀ ਜਿੱਤ ਪੱਕੀ ਹੋਣ ਤੋਂ ਬਾਅਦ ਉਹ ਗਿਣਤੀ ਕੇਂਦਰ ਪੁੱਜੇ ਅਤੇ ਬਾਅਦ 'ਚ ਪਾਹੜਾ ਸਮੇਤ ਧਾਰਮਿਕ ਸਥਾਨਾਂ ਦੇ ਦਰਸ਼ਨ ਕੀਤੇ। ਜ਼ਿਕਰਯੋਗ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਵਾਲੇ ਦਿਨ ਵੀ ਸੁਖਜਿੰਦਰ ਸਿੰਘ ਰੰਧਾਵਾ ਵਿਧਾਇਕ ਪਾਹੜਾ ਦੀ ਰਿਹਾਇਸ਼ 'ਤੇ ਮੌਜੂਦ ਸਨ ਅਤੇ ਜਿੱਤ ਦੀ ਖ਼ਬਰ ਸੁਣ ਕੇ ਉਥੋਂ ਚਲੇ ਗਏ ਸਨ। ਰੰਧਾਵਾ ਨੇ ਆਪਣੀ ਚੋਣ ਮੁਹਿੰਮ ਪਾਹੜਾ ਨਿਵਾਸ ਤੋਂ ਸ਼ੁਰੂ ਕੀਤੀ ਸੀ। ਜ਼ਿਕਰਯੋਗ ਹੈ ਕਿ ਸੁਖਜਿੰਦਰ ਰੰਧਾਵਾ ਮੰਗਲਵਾਰ ਸਵੇਰ ਤੋਂ ਹੀ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਘਰ ਮੌਜੂਦ ਸਨ। ਜਿਵੇਂ ਹੀ ਉਨ੍ਹਾਂ ਦੀ ਲੀਡ 80 ਹਜ਼ਾਰ ਦੇ ਨੇੜੇ ਪੁੱਜੀ ਤਾਂ ਉਹ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਅਤੇ ਨਗਰ ਕੌਂਸਲ ਦੇ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਦੇ ਨਾਲ ਗਿਣਤੀ ਕੇਂਦਰ ਪੁੱਜੇ। ਜਿੱਥੇ ਉਨ੍ਹਾਂ ਨਾਲ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਅਰੁਣਾ ਚੌਧਰੀ, ਅਮਿਤ ਵਿੱਜ ਵੀ ਮੌਜੂਦ ਸਨ। ਆਪਣੀ ਜਿੱਤ ਦਾ ਸਿਹਰਾ ਸਮੂਹ ਕਾਂਗਰਸ ਲੀਡਰਸ਼ਿਪ ਨੂੰ ਦੇਣ ਤੋਂ ਬਾਅਦ ਰੰਧਾਵਾ ਵਿਧਾਇਕ ਪਾਹੜਾ ਨਾਲ ਖੁੱਲ੍ਹੀ ਜੀਪ ਵਿੱਚ ਬੈਠ ਕੇ ਰੋਡ ਸ਼ੋਅ ਕਰਦੇ ਹੋਏ ਗੁਰਦਾਸਪੁਰ ਸ਼ਹਿਰ ਪੁੱਜੇ ਜਿੱਥੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਹਨੂੰਮਾਨ ਮੰਦਰ 'ਚ ਮੱਥਾ ਟੇਕਿਆ ਅਤੇ ਆਸ਼ੀਰਵਾਦ ਲਿਆ। ਇਸ ਤੋਂ ਬਾਅਦ ਉਨ੍ਹਾਂ ਵਿਧਾਇਕ ਪਾਹੜਾ ਦੀ ਰਿਹਾਇਸ਼ 'ਤੇ ਪਹੁੰਚ ਕੇ ਵਰਕਰਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ।ਸ. ਰੰਧਾਵਾ ਅਤੇ ਵਿਧਾਇਕ ਪਾਹੜਾ ਮੱਥਾ ਟੇਕਣ ਲਈ ਗੁਰਦੁਆਰਾ ਸ੍ਰੀ ਬਾਰਠ ਸਾਹਿਬ ਪੁੱਜੇ । ਉਪਰੰਤ ਦੋਵੇਂ ਜਣੇ ਸੁਖਜਿੰਦਰਾ ਕਾਲਜ ਵਿੱਚ ਜਿੱਤ ਦਾ ਸਰਟੀਫਿਕੇਟ ਲੈਣ ਗਏ।



# ਜਿੱਤ ਤੋਂ ਬਾਅਦ ਕਲਾਨੌਰ ਪਹੁੰਚਣ 'ਤੇ ਸੁਖਜਿੰਦਰ ਰੰਧਾਵਾ ਦਾ ਜ਼ੋਰਦਾਰ ਸਵਾਗਤ



**ਕਲਾਨੌਰ, (ਮਨਦੀਪ ਕੋਹਲੀ)**

ਸਰਦਾਰ ਰੰਧਾਵਾ ਨੇ ਆਪਣੇ ਵਿਰੋਧੀ ਬੀਜੇਪੀ ਦੇ ਦਿਨੇਸ਼ ਬੱਬੂ ਨੂੰ ਵੱਡੇ ਫਰਕ ਨਾਲ ਹਰਾਇਆ ਹੈ। ਜਿੱਤ ਪ੍ਰਾਪਤ ਕਰਨ ਉਪਰੰਤ ਧਾਰੋਵਾਲੀ ਡੇਰਾ ਬਾਬਾ ਨਾਨਕ ਜਾਂਦਿਆਂ ਰਸਤੇ ਵਿੱਚ ਕਲਾਨੌਰ ਬਸ ਸਟੈਂਡ 'ਤੇ ਹੀ ਕਾਂਗਰਸੀ ਵਰਕਰਾਂ ਅਤੇ ਅਹੁਦੇਦਾਰਾਂ ਵੱਲੋਂ ਉਨ੍ਹਾਂ ਨੂੰ ਰੋਕ ਕੇ ਜ਼ੋਰਦਾਰ ਸਵਾਗਤ ਕੀਤਾ ਗਿਆ, ਪਟਾਕੇ ਚਲਾਏ ਗਏ ਅਤੇ ਢੋਲ ਦੀ ਥਾਪ 'ਤੇ ਭੰਗੜੇ ਪਾਏ ਗਏ ਅਤੇ ਲੱਡੂ ਵੰਡੇ ਗਏ। ਰੰਧਾਵਾ ਸਾਹਿਬ ਜ਼ਿੰਦਾਬਾਦ ਕਾਂਗਰਸ ਜ਼ਿੰਦਾਬਾਦ ਦੇ ਨਾਅਰੇ ਵੀ ਲਗਾਏ ਗਏ। ਇਸ ਮੌਕੇ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਧਰਮ ਪਤਨੀ ਮੈਡਮ ਜਤਿੰਦਰ ਕੌਰ ਰੰਧਾਵਾ ਅਤੇ ਉਨਾਂ ਦੇ ਬੇਟੇ ਉਦੈਵੀਰ ਰੰਧਾਵਾ ਤੋਂ ਇਲਾਵਾ ਹੋਰ ਵੀ ਰਿਸ਼ਤੇਦਾਰ ਉਨਾਂ ਦੇ ਕਾਫਲੇ ਵਿੱਚ ਸ਼ਾਮਿਲ ਸਨ।ਸਰਦਾਰ ਰੰਧਾਵਾ ਦਾ ਸਵਾਗਤ ਕਰਨ ਵਾਲਿਆਂ ਵਿੱਚ ਅਮਰਜੀਤ ਖੁੱਲਰ, ਗੌਰਵ ਸਲਹੋਤਰਾ, ਸੌਰਵ ਸਲਹੋਤਰਾ, ਤਰਸੇਮ ਰਾਜ ਮਹਾਜਨ, ਪੱਪੀ ਮਹਾਜਨ, ਦੀਪਕ ਮਹਾਜਨ, ਸੰਦੀਪ ਮਹਾਜਨ, ਅਸ਼ੋਕ ਖੁੱਲਰ, ਸ਼ੈਰੀ ਸਿੰਘ, ਗੋਪੀ ਬਲਹੋਤਰਾ, ਕੁਲਵਿੰਦਰ ਲਾਡਾ, ਰਜੇਸ਼ ਕੁਮਾਰ, ਟੋਨੀ ਸੱਚਰ, ਕੇਬਲ ਵਾਲੇ, ਦੀਪਕ ਸੱਚਰ, ਕਾਕਾ ਮਹਾਦੇਵ, ਨੰਬਰਦਾਰ ਕਮਲ ਟੇਲਰ, ਬੀਰ ਮਸੀਹ ਸੌਂਤਾ, ਬਿੱਟੂ ਪ੍ਰਧਾਨ, ਡਾਕਟਰ ਸੁਰਿੰਦਰ, ਸੁਰਿੰਦਰ ਸੱਚਰ, ਸਾਬਾ ਮੱਲੀ, ਸਤਨਾਮ ਸਿੰਘ ਤੋਂ ਇਲਾਵਾ ਸੈਂਕੜਿਆਂ ਦੀ ਗਿਣਤੀ ਵਿੱਚ ਕਾਂਗਰਸ ਦੇ ਵਰਕਰ ਹਾਜ਼ਰ ਸਨ।

# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਫ਼ਲਦਾਰ ਬੂਟੇ ਵੰਡੇ ਤੇ ਛਬੀਲ ਲਗਾਈ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸਿੱਖ ਵੈੱਲਫੇਅਰ ਫਾਊਂਡੇਸ਼ਨ ਧਾਰੀਵਾਲ ਦੇ ਮੈਂਬਰਾਂ ਵੱਲੋਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਠੰਡੇ-ਮਿੱਠੇ ਜਲ ਦੀ ਛਬੀਲ ਅਤੇ ਫ਼ਲਦਾਰ ਬੂਟਿਆਂ ਦਾ ਲੰਗਰ ਲਗਾਇਆ। ਧਾਰੀਵਾਲ ਦੇ ਫੱਜੂਪੁਰ ਚੌਕ ਨੇੜੇ ਹਰਵਿੰਦਰ ਸਟੂਡੀਓ ਅੱਗੇ ਲਗਾਈ ਛਬੀਲ ਦੌਰਾਨ ਠੰਡੇ-ਮਿੱਠੇ ਜਲ ਦੇ ਨਾਲ 700 ਫ਼ਲਦਾਰ ਬੂਟਿਆਂ ਦਾ ਲੰਗਰ ਵਰਤਾਇਆ। ਇਸ ਮੌਕੇ ਸਿੱਖ ਵੈੱਲਫੇਅਰ ਫਾਊਂਡੇਸ਼ਨ ਦੇ ਮੁੱਖ ਸੇਵਾਦਾਰ ਪੰਕਜ ਸਿੰਘ ਲੇਹਲ, ਨਵਨੀਤ ਸਿੰਘ ਨੋਬਲ ਭੁੰਬਲੀ ਨੇ ਕਿਹਾ ਆਏ ਸਾਲ ਗਰਮੀਆਂ ਦੇ ਮੌਸਮ ਦੌਰਾਨ ਤਾਪਮਾਨ ਵਿੱਚ ਰਿਕਾਰਡ ਤੋੜ ਵਾਧਾ ਹੋਣਾ ਮਾਨਵਤਾ ਦੇ ਲਈ ਖਤਰੇ ਦੀ ਘੰਟੀ ਨਾਲੋ ਘੱਟ ਨਹੀ ਹੈ, ਜੋ ਕਿ ਵੱਡਾ ਚਿੰਤਾ ਦਾ ਵਿਸ਼ਾ ਹੈ। ਹਰ ਮਨੁੱਖ ਨੂੰ ਇਸ ਪ੍ਰਤੀ ਸੰਜੀਦਗੀ ਨਾਲ ਸੋਚਣ/ਕਦਮ ਚੁੱਕਣ ਅਤੇ ਵਧੇਰੇ ਰੁੱਖ ਲਗਾਉਣ ਦੀ ਲੋੜ ਹੈ। ਉਨ੍ਹਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਹਰ ਮਨੁੱਖ ਪੰਜ ਰੁੱਖ ਲਗਾ ਕੇ ਉਨ੍ਹਾਂ ਦੀ ਸੰਭਾਲ ਕਰੇ ਤਾਂ ਜੋ ਵਧੇਰੇ ਰੁੱਖ ਹੋਣ ਨਾਲ ਤਾਪਮਾਨ ਵਿੱਚ ਵਾਧਾ ਨਹੀਂ ਹੋਵੇਗਾ ਅਤੇ ਵਧੇਰੇ ਆਕਸੀਜਨ ਮਿਲੇਗੀ। ਇਸ ਮੌਕੇ ਸਿੱਖ ਵੈੱਲਫੇਅਰ ਫਾਊਂਡੇਸ਼ਨ ਦੇ ਮੁੱਖ ਸੇਵਾਦਾਰ ਪੰਕਜ ਸਿੰਘ ਲੇਹਲ, ਨਵਨੀਤ ਸਿੰਘ ਭੁੰਬਲੀ, ਮਲਕੀਤ ਸਿੰਘ ਰਣੀਆ, ਕੈਪਟਨ ਵਰਿਆਮ ਸਿੰਘ, ਥਾਣੇਦਾਰ ਪ੍ਰੀਤਮ ਸਿੰਘ ਕਾਹਲੋਂ, ਬਾਬਾ ਗੁਰਸ਼ਰਨ ਸਿੰਘ ਮਿੰਟਾ ਜਫਰਵਾਲ, ਮੇਜਰ ਸਿੰਘ, ਰਜਿੰਦਰ ਸਿੰਘ, ਸ਼ਮਸ਼ੇਰ ਸਿੰਘ, ਪ੍ਰਭਜੋਤ ਸਿੰਘ, ਬਿਕਰਮਜੀਤ ਸਿੰਘ, ਭਾਈ ਜਗਰੂਪ ਸਿੰਘ, ਸੰਦੀਪ ਸਿੰਘ ਸੰਨੀ ਕਾਹਲੋਂ ਆਦਿ ਸੇਵਾਦਾਰ ਹਾਜ਼ਰ ਸਨ।



# ਸ਼ਹਿਰ ਨੂੰ ਸਾਫ਼-ਸੁਥਰਾ, ਸੁੰਦਰ ਤੇ ਹਰਿਆ-ਭਰਿਆ ਬਣਾਉਣ ਦੀ ਅਪੀਲ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**-ਵਿਸ਼ਵ ਵਾਤਾਵਰਨ ਦਿਵਸ ਮੌਕੇ ਹਰਪ੍ਰੀਤ ਸਿੰਘ ਕਮਿਸ਼ਨਰ ਨਗਰ ਨਿਗਮ ਅੰਮ੍ਰਿਸਰ.ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਗਰ ਨਿਗਮ ਦੇ ਸਿਹਤ ਵਿਭਾਗ ਵੱਲੋਂ ਐੱਸਜੀਪੀਸੀ., ਫਿਨਿਲਪ, ਏਕ ਜੋਤੀ ਸੰਸਥਾ, ਹਰਿਆਵਲ ਪੰਜਾਬ ਦੇ ਸਾਂਝੇ ਉਪਰਾਲੇ ਨਾਲ ਇੱਕ ਰੈਲੀ ਕੱਢੀ ਗਈ।ਇਸ ਵਾਤਾਵਰਨ ਦਿਵਸ ਮੌਕੇ ਸ਼ਹਿਰ ਵਾਸੀਆਂ ਨੂੰ ਇਸ ਪਵਿੱਤਰ ਸ਼ਹਿਰ ਨੂੰ ਸਾਫ਼ ਸੁਥਰਾ, ਸੁੰਦਰ ਅਤੇ ਹਰਿਆ ਭਰਿਆ ਬਣਾਉਣ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਅਪੀਲ ਕੀਤੀ ਗਈ।ਨਗਰ ਨਿਗਮ ਅੰਮ੍ਰਿਤਸਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਂਝੇ ਯਤਨਾਂ ਸਦਕਾ ਕੂੜੇ ਦੇ ਸੁਚੱਜੇ ਨਿਪਟਾਰੇ ਲਈ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਘਰ ਵਿੱਚੋਂ ਨਿਕਲਣ ਵਾਲੇ ਗਿੱਲੇ ਕੂੜੇ ਅਤੇ ਪੱਤਿਆਂ ਤੋਂ ਖਾਦ ਬਣਾਉਣ ਲਈ ਮਸ਼ੀਨ ਲਗਾਈ ਗਈ ਹੈ।ਇਸ ਮੌਕੇ ਸਮੂਹ ਸ਼ਹਿਰ ਵਾਸੀਆਂ ਨੂੰ ਕੂੜੇ ਤੋਂ ਘਰ-ਘਰ ਖਾਦ ਬਣਾਉਣ ਦੀ ਅਪੀਲ ਵੀ ਕੀਤੀ ਗਈ।ਇਸ ਮੌਕੇ ਸਿਹਤ ਅਫ਼ਸਰ ਸ੍ਰੀ ਯੋਗੇਸ਼ ਅਰੋੜਾ, ਮੁੱਖ ਸੇਵਾਦਾਰ ਰਣਜੀਤ ਸਿੰਘ, ਐਸ.ਆਈ ਰਾਜਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ: ਨਰਿੰਦਰ ਸਿੰਘ ਮਥਰੇਵਾਲ, ਮਲਕੀਤ ਸਿੰਘ ਗੁਰਵਾਲੀ, ਸਵੱਛ ਭਾਰਤ ਨਗਰ ਨਿਗਮ ਅੰਮ੍ਰਿਤਸਰ ਦੇ ਬ੍ਰਾਂਡ ਅੰਬੈਸਡਰ ਅਵਤਾਰ ਸਿੰਘ ਘੁੱਲਾ, ਅਰਜਨ ਰਾਮ, ਅਜੇ ਕੋਹਾੜੇ, ਜਸਤਰਨ ਦੀਪ ਸਿੰਘ, ਏਕ ਜੋਤੀ ਸੰਸਥਾ ਤੋਂ ਕੁਲਜੀਤ ਸਿੰਘ, ਮਨਜੀਤ ਸਿੰਘ, ਹਰਿਆਵਲ ਪੰਜਾਬ ਤੋਂ ਪੀ. ਐਨ. ਸ਼ਰਮਾ, ਮੁਕੇਸ਼ ਅਗਰਵਾਲ ਆਦਿ ਹਾਜ਼ਰ ਸਨ।

# ਹੈਟ੍ਰਿਕ ਜੇਤੂ ਔਜਲਾ ਨੂੰ ਵਧਾਈਆਂ ਦੇਣ ਲਈ ਕਾਂਗਰਸੀ ਵਰਕਰਾਂ ਦਾ ਲੱਗਾ ਤਾਂਤਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**

ਗੁਰਜੀਤ ਸਿੰਘ ਔਜਲਾ ਜਿਨ੍ਹਾਂ ਨੇ ਅੰਮ੍ਰਿਤਸਰ ਤੋਂ ਤੀਜੀ ਵਾਰ ਜਿੱਤ ਦਰਜ ਕਰਦੇ ਹੋਏ ਆਪਣੇ ਵਿਰੋਧੀਆਂ ਨੂੰ ਹਾਰ ਦਾ ਮੂੰਹ ਵਿਖਾਇਆ ਹੈ, ਨੂੰ ਕਾਂਗਰਸੀ ਵਰਕਰਾਂ ਵੱਲੋਂ ਵਧਾਈ ਦਿੱਤੀ ਅਤੇ ਮੂੰਹ ਮਿੱਠਾ ਕਰਵਾਇਆ ਗਿਆ ।ਇਸ ਮੌਕੇ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਅੰਮ੍ਰਿਤਸਰ ਤੋਂ ਅਕਾਲੀ ਦਲ, ਭਾਜਪਾ ਦੇ ਉਮੀਦਵਾਰਾਂ ਦੀ ਤੀਜੀ ਵਾਰ ਹਾਰ ਨੇ ਸਾਬਤ ਕਰ ਦਿੱਤਾ ਹੈ ਕਿ ਲੋਕ ਧਰਮ ਦੇ ਨਾਂ 'ਤੇ ਜਾਂ ਦੂਜਿਆਂ ਨੂੰ ਬਦਮਾਨ ਕਰਨ ਦੀ ਰਾਜਨੀਤੀ 'ਤੇ ਨਹੀਂ ਸਗੋਂ ਕੀਤੇ ਕੰਮਾਂ ਦੇ ਆਧਾਰ 'ਤੇ ਵੋਟਾਂ ਪਾਉਂਦੇ ਹਨ।ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਚੋਣਾ ਦੌਰਾਨ ਉਨ੍ਹਾਂ ਖੁਦ ਹੀ ਨਹੀਂ ਸਗੋਂ ਉਨ੍ਹਾਂ ਦੇ ਵਰਕਰਾਂ ਨੇ ਸਖ਼ਤ ਮਿਹਨਤ ਕੀਤੀ ਹੈ। ਉਨ੍ਹਾਂ ਕਿਹਾ ਕਿ ਮੇਰਾ ਪਰਿਵਾਰ ਅਤੇ ਉਹ ਆਪ ਗੁਰੂ ਨਗਰੀ ਵਾਸੀਆਂ ਦੀ ਸੇਵਾ ਲਈ ਹਮੇਸ਼ਾ ਹਾਜ਼ਰ ਰਹੇ ਹਨ ਅਤੇ ਭਵਿੱਖ 'ਚ ਵੀ ਇਸੇ ਤਰ੍ਹਾਂ ਹੀ ਰਹਿਣਗੇ।ਔਜਲਾ ਨੇ ਕਿਹਾ ਕਿ ਹੁਣ ਉਹ ਰੁਕੇ ਹੋਏ ਪ੍ਰਾਜੈਕਟਾਂ ਨੂੰ ਪਹਿਲਕਦਮੀ ਦੇ ਆਧਾਰ 'ਤੇ ਮੁਕੰਮਲ ਕਰਵਾਉਣਗੇ।ਅਸੀਂ ਸੂਬਾ ਸਰਕਾਰ 'ਤੇ ਨਸ਼ਾਖੋਰੀ ਨੂੰ ਰੋਕਣ ਅਤੇ ਕਾਨੂੰਨ ਵਿਵਸਥਾ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਦਬਾਅ ਬਣਾਵਾਂਗੇ ਤੇ ਜੇਕਰ ਲੋੜ ਪਈ ਤਾਂ ਅਸੀਂ ਲੋਕਾਂ ਲਈ ਸੜਕਾਂ 'ਤੇ ਵੀ ਉਤਰਾਂਗੇ, ਪਰ ਲੋਕਾਂ ਦੇ ਮਾਣ ਨੂੰ ਟੁੱਟਣ ਨਹੀਂ ਦੇਵਾਂਗੇ। ਸਰਦਾਰ ਔਜਲਾ ਦਾ ਮੂੰਹ ਮਿੱਠਾ ਕਰਾਉਣ ਵਾਲਿਆਂ ਵਿੱਚ ਸਾਬਕਾ ਚੇਅਰਮੈਨ ਮੋਹਨ ਸਿੰਘ ਬਾਠ, ਝਿਲਮਿਲ ਸਿੰਘ ਸਾਧਪੁਰ, ਸਾਬਕਾ ਸਰਪੰਚ ਪਲਵਿੰਦਰ ਸਿੰਘ ਖੁਜਾਲਾ, ਤੇਜਿੰਦਰ ਸਿੰਘ ਸ਼ਾਹ ਤਰਫਾਨ, ਜਗਤਾਰ ਸਿੰਘ, ਇਕਬਾਲ ਸਿੰਘ ਬਾਠ ਸਮੇਤ ਹੋਰ ਆਗੂ ਸ਼ਾਮਲ ਸਨ।



# ਜੂਨ '84 ਘੱਲੂਘਾਰੇ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਜੂਨ 1984 'ਚ ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋਏ ਸਿੰਘ, ਸਿੰਘਣੀਆਂ ਤੇ ਬੱਚਿਆਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ 6 ਜੂਨ ਨੂੰ ਹੋਣ ਵਾਲੇ 40ਵੇਂ ਸਾਲਾਨਾ ਸ਼ਹੀਦੀ ਸਮਾਗਮ ਦੇ ਸਬੰਧ ਵਿਚ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਮੌਕੇ ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਸਰਵਣ ਕਰਵਾਇਆ। ਆਰੰਭਤਾ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਭਾਈ ਅਜਾਇਬ ਸਿੰਘ ਅਭਿਆਸੀ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੈਨੇਜਰ ਨਰਿੰਦਰ ਸਿੰਘ, ਵਧੀਕ ਮੈਨੇਜਰ ਇਕਬਾਲ ਸਿੰਘ ਅਤੇ ਕੰਵਰਚੜ੍ਹਤ ਸਿੰਘ ਆਦਿ ਹਾਜ਼ਰ ਸਨ।

# ਰੇਲਵੇ ਪੁਲਸ ਨੇ ਵਿਭਾਗੀ ਨਿਯਮਾਂ ਤੇ ਹਦਾਇਤਾਂ ਬਾਰੇ ਜਾਗਰੂਕਤਾ ਸੈਮੀਨਾਰ ਕਰਵਾਇਆ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਰੇਲਵੇ ਪੁਲਸ ਧਾਰੀਵਾਲ ਵੱਲੋਂ ਵਿਭਾਗ ਦੇ ਨਿਯਮਾਂ ਅਤੇ ਹਦਾਇਤਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੌਰਾਨ ਰੇਲਵੇ ਪੁਲਸ (ਜੀਆਰਪੀ) ਚੌਕੀ ਧਾਰੀਵਾਲ ਦੇ ਇੰਚਾਰਜ ਸਹਾਇਕ ਸਬ-ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਅਕਸਰ ਹੀ ਦੇਖਿਆ ਗਿਆ ਹੈ ਕਿ ਰੇਲਵੇ ਟਰੈਕ ਦੇ ਨੇੜੇ ਰਹਿੰਦੇ ਝੁੱਗੀਆਂ/ਝੌਂਪੜੀਆਂ ਵਾਲੇ ਪਰਿਵਾਰਾਂ ਦੇ ਬੱਚੇ ਆਪਣਾ ਸਮਾਂ ਲੰਘਾਉਣ ਲਈ ਰੇਲਵੇ ਟਰੈਕ/ਲਾਈਨ ਨੇੜੇ ਖੇਡਾਂ ਖੇਡਦੇ ਹੋਏ ਚੱਲਦੀ ਰੇਲ ਗੱਡੀ 'ਤੇ ਪਥਰਾਅ ਕਰਦੇ ਹਨ। ਇਹ ਬੱਚਿਆਂ ਦੀ ਖੇਡ ਬਣ ਜਾਂਦੀ ਹੈ ਪਰ ਇਸ ਤਰ੍ਹਾਂ ਦੇ ਪਥਰਾਅ ਕਾਰਨ ਰੇਲ ਗੱਡੀ ਖਰਾਬ ਹੋ ਜਾਂਦੀ ਹੈ ਅਤੇ ਅੰਦਰ ਬੈਠੇ ਯਾਤਰੀ ਵੀ ਪੱਥਰਬਾਜ਼ੀ ਕਾਰਨ ਜ਼ਖ਼ਮੀ ਹੋ ਜਾਂਦੇ ਹਨ। ਰੇਲਵੇ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਲਈ ਬੱਚਿਆਂ ਦੀਆਂ ਅਜਿਹੀਆਂ ਗਤੀਵਿਧੀਆਂ ਨੂੰ ਰੋਕਣ ਲਈ ਮੁੱਖ ਤੌਰ 'ਤੇ ਰੇਲਵੇ ਲਾਈਨ ਦੇ ਸਮਾਂਤਰ ਸਥਿਤ ਕਲੋਨੀਆਂ ਅਤੇ ਸਕੂਲਾਂ ਵਰਗੇ ਸੰਵੇਦਨਸ਼ੀਲ ਖੇਤਰਾਂ 'ਤੇ ਧਿਆਨ ਕੇਂਦਰਿਤ ਕਰਨ ਦੇ ਜੀਆਰਪੀ ਨੂੰ ਨਿਰਦੇਸ਼ ਦਿੱਤੇ ਗਏ ਹਨ ਅਤੇ ਆਰਪੀਐੱਫ ਤੋਂ ਬਾਅਦ ਹੁਣ ਜੀਆਰਪੀ ਨੂੰ ਵੀ ਚੱਲਦੀ ਟਰੇਨ 'ਤੇ ਪਥਰਾਅ ਕਰਨ ਵਾਲਿਆਂ ਖਿਲਾਫ਼ ਕੇਸ ਦਰਜ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਡੀ. ਜੀ. ਪੀ. ਰੇਲਵੇ ਪੰਜਾਬ ਵੱਲੋਂ ਰੇਲਵੇ ਸਬੰਧਿਤ ਹੋਰ ਘਟਨਾਵਾਂ ਦੇ ਨਾਲ-ਨਾਲ ਰੇਲਿੰਗ ਸਟਾਕ 'ਤੇ ਪਥਰਾਅ ਜਾਂ ਕੋਈ ਹੋਰ ਵਸਤੂ ਸੁੱਟਣ ਵਾਲਿਆਂ ਵਿਰੁੱਧ ਕੇਸ ਦਰਜ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਜੇਕਰ ਕੋਈ ਦੋਸ਼ੀ ਪਾਇਆ ਗਿਆ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਜੀਆਰਪੀ ਪੁਲਸ ਅਧਿਕਾਰੀ ਸਹਾਇਕ ਸਬ-ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਸ਼ਹਿਰ ਵਿੱਚ ਲੰਘਦੀ ਅੱਪਰਬਾਰੀ ਨਹਿਰ ਉਪਰ ਬਣੇ ਰੇਲਵੇ ਲਾਈਨ ਲੋਹੇ ਦੇ ਪੁਲ ਨੇੜੇ ਨਹਿਰ ਕੰਢੇ ਝੁੱਗੀਆਂ ਵਿੱਚ ਰਹਿੰਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵੀ ਇਸ ਸਬੰਧੀ ਵਿਸ਼ੇਸ਼ ਤੌਰ 'ਤੇ ਜਾਗਰੂਕ ਕੀਤਾ। ਇਸ ਮੌਕੇ ਜੀਆਰਪੀ ਅਧਿਕਾਰੀ ਨਾਲ ਹੌਲਦਾਰ ਸੁਖਵਿੰਦਰ ਸਿੰਘ ਆਦਿ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।



# ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਜੇਤੂ ਰਹੇ

**ਤਰਨਤਾਰਨ/ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**

ਲੋਕ ਸਭਾ ਹਲਕਾ-03 ਖਡੂਰ ਸਾਹਿਬ ਲਈ ਵੋਟਾਂ ਦੀ ਗਿਣਤੀ ਵੱਖ-ਵੱਖ ਸਥਾਨਾਂ 'ਤੇ ਸਥਾਪਿਤ ਕੀਤੇ ਗਏ ਗਿਣਤੀ ਕੇਂਦਰਾਂ 'ਤੇ ਹੋਈ।ਜ਼ਿਲ੍ਹਾ ਤਰਨਤਾਰਨ ਦੇ ਚਾਰ ਵਿਧਾਨ ਸਭਾ ਹਲਕਿਆਂ ਦੀ ਗਿਣਤੀ ਇੰਟਰਨੈਸ਼ਨਲ ਕਾਲਜ ਆਫ ਨਰਸਿੰਗ ਅਤੇ ਮਾਈ ਭਾਗੋ ਕਾਲਜ ਆਫ ਨਰਸਿੰਗ ਪਿੱਦੀ ਵਿਖੇ ਪੂਰੇ ਅਮਨ ਅਮਾਨ ਨਾਲ ਹੋਈ।ਇਸ ਤੋਂ ਇਲਾਵਾ ਵਿਧਾਨ ਸਭਾ ਹਲਕਾ ਬਾਬਾ ਬਕਾਲਾ ਤੇ ਜੰਡਿਆਲਾ ਗੁਰੂ ਦੀ ਗਿਣਤੀ ਅੰਮ੍ਰਿਤਸਰ ਵਿਖੇ, ਵਿਧਾਨਾ ਸਭਾ ਹਲਕਾ ਕਪੂਰਥਲਾ ਤੇ ਸੁਲਤਾਨਪੁਰ ਲੋਧੀ ਦੀ ਗਿਣਤੀ ਵਿਰਸਾ ਵਿਹਾਰ ਕਪੂਰਥਲਾ ਵਿਖੇ ਅਤੇ ਵਿਧਾਨ ਸਭਾ ਹਲਕਾ ਜ਼ੀਰਾ ਦੀ ਗਿਣਤੀ ਫਿਰੋਜ਼ਪੁਰ ਵਿਖੇ ਸਥਾਪਿਤ ਕੀਤੇ ਗਿਣਤੀ ਕੇਂਦਰਾਂ 'ਤੇ ਹੋਈ।ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਹਲਕੇ ਦੇ ਰਿਟਰਨਿੰਗ ਅਫਸਰ ਸੰਦੀਪ ਕੁਮਾਰ ਨੇ ਦੱਸਿਆ ਕਿ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ, ਅੰਮ੍ਰਿਤਪਾਲ ਸਿੰਘ 4,04,430 ਵੋਟਾਂ ਹਾਸਿਲ ਕਰਕੇ ਜੇਤੂ ਰਹੇ।ਉਨ੍ਹਾਂ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਨੇ ਕਾਂਗਰਸ ਦੇ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਤੋਂ 1,97,120 ਵੋਟਾਂ ਦੇ ਫ਼ਰਕ ਨਾਲ ਜਿੱਤ ਪ੍ਰਾਪਤ ਕੀਤੀ।ਉਨਾਂ ਦੱਸਿਆ ਕਿ ਕਾਂਗਰਸੀ ਉਮੀਦਵਾਰ ਕੁਲਬੀਰ ਜ਼ੀਰਾ ਨੂੰ ਕੁੱਲ 2,07,310 ਵੋਟਾਂ ਪ੍ਰਾਪਤ ਹੋਈਆਂ। ਉੱਥੇ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰ, ਲਾਲਜੀਤ ਸਿੰਘ ਭੁੱਲਰ ਵੱਲੋਂ 1,94,836 ਵੋਟਾਂ ਹਾਸਿਲ ਕੀਤੀਆਂ ।ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਨੇ 86416 ਵੋਟਾਂ ਪ੍ਰਾਪਤ ਕੀਤੀਆਂ ਅਤੇ ਭਾਜਪਾ ਉਮੀਦਵਾਰ ਮਨਜੀਤ ਸਿੰਘ ਮੰਨਾ ਨੇ 86,373 ਵੋਟਾਂ ਹਾਸਿਲ ਕੀਤੀਆਂ।ਇਸ ਤੋਂ ਇਲਾਵਾ ਨੋਟਾ ਨੂੰ 3452 ਵੋਟਾਂ ਪਾਈਆਂ ਗਈਆਂ।ਉਨ੍ਹਾ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਰੈਜ਼ੀਡੈਂਟਲ ਸਕੂਲ ਫਾਰ ਮੈਰੀਟੋਰੀਅਸ ਸਟੂਡੈਂਟਸ, ਅੰਮ੍ਰਿਤਸਰ, ਸ੍ਰੀ ਮਾਤਾ ਗੰਗਾ ਸੀਨੀਅਰ ਸੈਕੰਡਰੀ ਸਕੂਲ, ਬਾਬਾ ਬਕਾਲਾ, ਵਿਰਸਾ ਵਿਹਾਰ ਕਪੂਰਥਲਾ ਅਤੇ ਪੰਜਾਬ ਯੂਨੀਵਰਸਿਟੀ ਕਾਲਜ, ਮੋਹਕਮ ਸਿੰਘ ਵਾਲਾ, ਜ਼ੀਰਾ ਰੋਡ, ਫਿਰੋਜ਼ਪੁਰ ਵਿਖੇ ਹਲਕਾ ਖਡੂਰ ਸਾਹਿਬ ਦੀਆਂ ਵੋਟਾਂ ਦੀ ਗਿਣਤੀ ਸਬੰਧਤ ਜ਼ਿਲ੍ਹਾ ਚੋਣ ਅਧਿਕਾਰੀਆਂ ਵੱਲੋਂ ਕਰਵਾਈ ਗਈ। ਰਿਟਰਨਿੰਗ ਅਫਸਰ ਸੰਦੀਪ ਕੁਮਾਰ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਸਵੇਰੇ ਠੀਕ 8 ਵਜੇ ਨਾਲ ਗਿਣਤੀ ਕੇਂਦਰਾਂ ਤੇ ਸ਼ੁਰੂ ਹੋਈ।ਗਿਣਤੀ ਦਾ ਕਾਰਜ ਚੋਣ ਕਮਿਸ਼ਨ ਦੇ ਗਿਣਤੀ ਅਬਜ਼ਰਵਰਾਂ ਦੀ ਦੇਖ-ਰੇਖ ਵਿਚ ਹੋਇਆ ਅਤੇ ਬੜੇ ਹੀ ਸ਼ਾਂਤਮਈ ਢੰਗ ਨਾਲ ਸਮਾਪਤ ਹੋਇਆ।ਇਸ ਮੌਕੇ ਸੰਦੀਪ ਕੁਮਾਰ ਨੇ ਖਾਸ ਤੌਰ 'ਤੇ ਚੋਣ ਪ੍ਰਕਿਰਿਆ ਦੌਰਾਨ ਸਹਿਯੋਗ ਕਰਨ ਲਈ ਸਮੂਹ ਰਾਜਨੀਤਿਕ ਪਾਰਟੀਆਂ ਅਤੇ ਚੋਣ ਪ੍ਰਕਿਰਿਆ ਨੂੰ ਮੁਕੰਮਲ ਕਰਨ ਵਿੱਚ ਯੋਗਦਾਨ ਦੇਣ ਵਾਲੇ ਹਰ ਇੱਕ ਵਿਭਾਗ ਅਤੇ ਕਰਮਚਾਰੀ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੇ ਕਿਹਾ ਕਿ ਸਮੂਹ ਵਿਭਾਗਾਂ ਦੇ ਕਰਮਚਾਰੀਆਂ ਨੇ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾ ਕੇ ਇਸ ਲੋਕਤੰਤਰ ਦੇ ਤਿਉਹਾਰ ਵਿੱਚ ਯੋਗਦਾਨ ਪਾਇਆ ਹੈ।ਉਨ੍ਹਾਂ ਨੇ ਇਸ ਸਮੁੱਚੀ ਪ੍ਰਕਿਰਿਆ ਦੌਰਾਨ ਚੋਣ ਗਤੀਵਿਧੀਆਂ ਨੂੰ ਲੋਕਾਂ ਤੱਕ ਪ੍ਰਚਾਰਿਤ ਕਰਨ ਅਤੇ ਸਵੀਪ ਪ੍ਰੋਜੈਕਟ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਮੀਡੀਆ ਦਾ ਵੀ ਵਿਸ਼ੇਸ ਤੌਰ 'ਤੇ ਧੰਨਵਾਦ ਕੀਤਾ।



# ਮਹਿੰਗਾਈ ਭੱਤੇ ਦੀ ਅਦਾਇਗੀ ਨਾ ਕਰਨ ਵਾਲੇ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਮੰਗ

**ਵੇਰਕਾ (ਰਾਣਾ)**-ਬਲਾਕ ਸਿੱਖਿਆ ਦਫ਼ਤਰ (ਐਲੀ:) ਵੇਰਕਾ ਜ਼ਿਲਾ ਅੰਮ੍ਰਿਤਸਰ ਦੇ ਬਪੀਓ ਅਤੇ ਕਲਰਕ ਵੱਲੋਂ ਬਲਾਕ ਦੇ ਮੌਜੂਦਾ ਤੇ ਸੇਵਾਮੁਕਤ ਅਧਿਆਪਕਾਂ ਨੂੰ ਸਰਕਾਰ ਵੱਲੋ ਮਿਲਣ ਵਾਲੇ 6 ਫ਼ੀਸਦੀ ਮਹਿੰਗਾਈ ਭੱਤੇ ਦੀ ਅਦਾਇਗੀ ਜਾਣਬੁੱਝ ਕੇ ਪਿਛਲੇ 1 ਸਾਲ ਤੋਂ ਨਾ ਕਰਨ ਵਾਲੇ ਅਧਿਕਾਰੀਆਂ ਖਿਲਾਫ਼ ਪੀੜਤ ਟੀਚਰਾਂ ਨੇ ਕਾਨੂੰਨੀ/ਵਿਭਾਗੀ ਫੌਰੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।ਇਸ ਬਾਬਤ ਬਲਾਕ ਵੇਰਕਾ ਦੇ ਬੀਪੀਓ ਤੇ ਕਲਰਕ ਨੇ ਵਿੱਤ ਵਿਭਾਗ ਪੰਜਾਬ ਸਰਕਾਰ ਦੇ ਚੰਡੀਗੜ੍ਹੋਂ 24 ਮਈ 2023 ਨੂੰ ਜਾਰੀ ਪੱਤਰ ਨੂੰ ਨਜ਼ਰਅੰਦਾਜ਼ ਕਰਦੇ ਹੋਏ ਟੀਚਰਾਂ ਨੂੰ ਮਿਲਣ ਵਾਲੇ 6 ਫ਼ੀਸਦੀ ਮਹਿੰਗਾਈ ਭੱਤੇ ਦੀ ਅਦਾਇਗੀ 1 ਸਾਲ ਦਾ ਸਮਾਂ ਲੰਘਣ ਉਪਰੰਤ ਹਾਲੇ ਤੱਕ ਨਹੀਂ ਕਰਵਾਈ ਹੈ।ਜਦੋਂਕਿ ਜ਼ਿਲਾ ਅੰਮ੍ਰਿਤਸਰ ਦੇ 14 ਬਲਾਕਾਂ ਵੱਲੋਂ ਉਪਰੋਕਤ ਅਦਾਇਗੀ ਮਿਲਣਯੋਗ ਲਾਭਪਾਤਰੀਆਂ ਨੂੰ ਲਗਭਗ ਅਦਾ ਕੀਤੀ ਜਾ ਚੁੱਕੀ ਹੈ। ਇਸ ਸੰਬੰਧੀ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਸਭ ਭਲੀਭਾਂਤ ਜਾਣਦੇ ਹੋਏ ਵੀ ਉਕਤ ਬੀਪੀਓ ਤੇ ਕਲਰਕ ਖਿਲਾਫ ਕੋਈ ਕਾਰਵਾਈ ਕਰਨ ਦੀ ਬਜਾਏ ਮੂਕ-ਦਰਸ਼ਕ ਬਣੇ ਹੋਏ ਹਨ ਜਿਹੜੇ ਬੀਤੇ 1 ਸਾਲ ਤੋਂ ਨਾ ਹੀ ਬਕਾਏ ਦੀ ਮਿਲਣ ਵਾਲੀ ਬਕਾਇਆ ਰਾਸ਼ੀ ਦਿਵਾਉਂਦੇ ਹਨ ਅਤੇ ਨਾ ਹੀ ਇਸ ਮਾਮਲੇ ਵਿੱਚ ਲੋੜੀਂਦੀ ਕਾਰਵਾਈ ਕਰਦੇ ਹਨ।ਕਾਬਲੇਗੌਰ ਹੈ ਕਿ ਖਾਸਕਰ ਬਲਾਕ ਵੇਰਕਾ ਦੇ ਅਧਿਆਪਕਾਂ ਨੂੰ ਹੀ ਮਿਲਣ ਵਾਲੇ 6% ਮਹਿੰਗਾਈ ਭੱਤੇ ਦੇ ਲਾਭ ਤੋਂ ਵਾਂਝੇ ਰੱਖਣਾ ਭ੍ਰਿਸ਼ਟ ਬੀਪੀਓ ਤੇ ਕਲਰਕ ਦੀ ਮਾੜੀ ਮਨਸ਼ਾ ਜੱਗ ਜ਼ਾਹਿਰ ਹੁੰਦੀ ਹੈ।ਇਸ ਬਾਬਤ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਨੇ ਬਲਾਕ ਵੇਰਕਾ ਵਿਰੁੱਧ ਲੋੜੀਂਦੀ ਕਾਰਵਾਈ ਕਰਵਾਉਣ ਲਈ ਸਿੱਖਿਆ ਵਿਭਾਗ ਦੇ ਉਚ ਅਫ਼ਸਰਾਂ ਨੂੰ ਹਲਫ਼ੀਆ ਬਿਆਨ ਪੇਸ਼ ਕੀਤਾ ਹੋਇਆ ਹੈ ਜੋ ਹਾਲੇ ਤੀਕ ਅਧਿਕਾਰੀਆਂ ਦੇ ਵਿਚਾਰ ਅਧੀਨ ਚੱਲਦਾ ਹੈ।ਉਕਤ ਸੰਬੰਧੀ ਪੀੜਤ ਬਲਾਕ ਦੇ ਮੌਜੂਦਾ ਅਤੇ ਸੇਵਾਮੁਕਤ ਟੀਚਰ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਡੀਜੀਐੱਸਈ ਸਿੱਖਿਆ ਵਿਭਾਗ (ਸਕੂਲਜ਼) ਅਜੀਤਗੜ੍ਹ, ਮਾਨਯੋਗ ਡੀਪੀਆਈ (ਐਲੀ:ਸਿੱ:/ਸੈਂ:ਸਿੱ:) ਅਜੀਤਗੜ੍ਹ, ਮਾਨਯੋਗ ਪ੍ਰਬੰਧਕੀ ਸਕੱਤਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ-ਗਿਣਤੀ ਵਿਭਾਗ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਜ਼ਿਲ ਮੈਜਿਸਟ੍ਰੇਟ ਅੰਮ੍ਰਿਤਸਰ ਅਤੇ ਜ਼ਿਲਾ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ ਪਾਸੋਂ ਤੁਰੰਤ 6% ਭੱਤੇ ਦੀ ਅਦਾਇਗੀ ਕਰਵਾਉਣ ਦੀ ਮੰਗ ਕੀਤੀ ਹੈ।ਇਸ ਮੌਕੇ ਪ੍ਰਭਾਵਿਤ ਟੀਚਰਾਂ ਨੇ ਸ਼ਾਸ਼ਨ-ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਬਕਾਇਆ ਛੇਤੀ ਨਾ ਮਿਲਣ 'ਤੇ ਉਹ ਹੁਣ ਇਨਸਾਫ ਲੈਣ ਲਈ ਮਜਬੂਰਨ ਮਾਨਯੋਗ ਅਦਾਲਤ ਵਿੱਚ ਜਾਣਗੇ।ਇਸ ਸੰਬੰਧ ਵਿੱਚ ਜ਼ਿਲਾ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ ਸੁਸ਼ੀਲ ਨਾਥ ਨਾਲ ਰਾਬਤਾ ਕਰਨ ਉਪਰੰਤ ਉਨ੍ਹਾਂ ਆਖਿਆ ਕਿ ਉਪਰੋਕਤ ਮਾਮਲਾ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ ਅਤੇ ਕਸੂਰਵਾਰ ਅਧਿਕਾਰੀ/ਕਲਰਕ ਵਿਰੁੱਧ ਕਾਰਵਾਈ ਵੀ ਕਰਾਂਗੇ ।

# ਅਲਜ਼ਾਈਮਰ ਤੇ ਡਿਮੈਂਸ਼ੀਆ ਬਜ਼ੁਰਗਾਂ ਤੱਕ ਹੀ ਸੀਮਤ ਨਹੀਂ ਨੌਜਵਾਨ ਵੀ ਇਸ ਦੀ ਗ੍ਰਿਫ਼ਤ 'ਚ : ਡਾ. ਦਿਨੇਸ਼

**ਅੰਮ੍ਰਿਤਸਰ, (ਜਗਦੀਸ਼ ਕਮਲੇਸ਼)**-ਦਿਮਾਗ ਰੋਗਾਂ ਦੇ ਮਾਹਰ ਡਾ. ਦਿਨੇਸ਼ ਕੁਮਾਰ ਡੀਐੱਮ ਨਿਰਾਲੋਜੀ ਪ੍ਰੋਫੈਸਰ ਗੁਰੂ ਰਾਮਦਾਸ ਜੀ ਮੈਡੀਕਲ ਕਾਲਜ ਵੱਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਿਮਾਗ ਦੇ ਸੈੱਲਾਂ ਦੇ ਕਮਜ਼ੋਰ ਹੋਣ ਕਾਰਨ ਅਲਜ਼ਾਈਮਰ ਦਾ ਖ਼ਤਰਾ ਵੱਧ ਜਾਂਦਾ ਹੈ ਅਤੇ ਵਿਅਕਤੀ ਹੌਲੀ-ਹੌਲੀ ਆਪਣੀ ਯਾਦਾਸ਼ਤ ਗੁਆਉਣਾ ਸ਼ੁਰੂ ਕਰ ਦਿੰਦਾ ਹੈ।ਡਿਮੈਂਸ਼ੀਆ ਅਲਜ਼ਾਈਮਰ ਰੋਗ ਦਾ ਸਭ ਤੋਂ ਆਮ ਰੂਪ ਹੈ।ਇਹ ਬਿਮਾਰੀ ਸਿਰਫ਼ ਬਜ਼ੁਰਗਾਂ ਤੱਕ ਹੀ ਸੀਮਤ ਨਹੀਂ ਰਹਿ ਗਈ, ਸਗੋਂ ਨੌਜਵਾਨ ਵੀ ਇਸ ਬਿਮਾਰੀ ਦੀ ਲਪੇਟ ਵਿੱਚ ਆ ਰਹੇ ਹਨ।ਹਰ ਸਾਲ ਲੱਖਾਂ ਲੋਕ ਇਸ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਸਮੇਂ ਸਿਰ ਇਸ ਦੇ ਲੱਛਣਾਂ ਨੂੰ ਪਛਾਣ ਕੇ ਕਿਸੇ ਮਾਹਿਰ ਨਿਊਰੋਲੋਜਿਸਟ ਤੋਂ ਇਲਾਜ ਸ਼ੁਰੂ ਕਰਵਾਇਆ ਜਾਵੇ, ਤਾਂ ਹੀ ਇਸ ਬਿਮਾਰੀ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।ਮਾਹਿਰ ਨੇ ਹੋਰ ਦੱਸਿਆ ਕਿ ਇਸ ਰੋਗ ਨਾਲ ਅੱਖਾਂ ਦੀ ਰੌਸ਼ਨੀ ਘਟਣਾ, ਛੋਟੇ-ਮੋਟੇ ਕੰਮ ਕਰਨ ਵਿੱਚ ਮੁਸ਼ਕਲ, ਪਰਿਵਾਰ ਦੇ ਮੈਂਬਰਾਂ ਨੂੰ ਪਛਾਣ ਨਾ ਸਕਣਾ, ਰਾਤ ਨੂੰ ਨੀਂਦ ਨਾ ਆਉਣਾ, ਰੱਖੀਆਂ ਚੀਜ਼ਾਂ ਭੁੱਲ ਜਾਣਾ, ਉਦਾਸੀ, ਡਰ, ਸ਼ਖ਼ਸੀਅਤ ਵਿੱਚ ਤਬਦੀਲੀ, ਯਾਦ ਨਾ ਆਉਣਾ ਇਸ ਬਿਮਾਰੀ ਦੇ ਲੱਛਣ ਹਨ। ਉਨ੍ਹਾਂ ਕਿਹਾ ਕਿ ਅਲਜ਼ਾਈਮਰ ਦਾ ਪੂਰਾ ਇਲਾਜ ਨਹੀਂ ਹੈ, ਪਰ ਇਸ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕਦਾ ਪਰ, ਯਾਦਾਸ਼ਤ ਵਧਾਉਣ ਦੀਆਂ ਕਸਰਤਾਂ ਕਰਵਾ ਕੇ ਤੇ ਦਵਾਈਆਂ ਨਾਲ ਅਲਜ਼ਾਈਮਰ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਆਪਣੀ ਜੀਵਨ ਸ਼ੈਲੀ ਵਿੱਚ ਕੁਝ ਬਦਲਾਅ ਕਰਕੇ ਇਸ ਬਿਮਾਰੀ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।ਜਿਵੇਂ ਕਿ ਪੌਸ਼ਟਿਕ ਤੱਤਾਂ ਨਾਲ ਭਰਪੂਰ ਖੁਰਾਕ ਲਓ, ਲੋਕਾਂ ਨਾਲ ਮੇਲ਼ -ਮਿਲਾਪ ਤਾਂ ਕਿ ਡਿਪਰੈਸ਼ਨ ਨਾ ਹੋਵੇ।ਭਰਪੂਰ ਨੀਂਦ ਲਓ, ਨਸ਼ਿਆਂ ਤੋਂ ਦੂਰ ਰਹੋ, ਬਲੱਡ ਪ੍ਰੈਸ਼ਰ ਅਤੇ ਸ਼ੂਗਰ ਨੂੰ ਕੰਟਰੋਲ ਕਰੋ, ਨਿਯਮਤ ਕਸਰਤ ਕਰੋ ਅਤੇ ਸਕਾਰਾਤਮਕ ਸੋਚ ਬਣਾਈ ਰੱਖੋ।



# ਯੂਜੀਸੀ ਦੀਆਂ ਆਨਲਾਈਨ ਕਲਾਸਾਂ ਸ਼ੁਰੂ : ਭਾਈ ਗੁਰਇਕਬਾਲ ਸਿੰਘ

**ਅੰਮ੍ਰਿਤਸਰ, (ਜਗਦੀਸ਼ ਕਮਲੇਸ਼)**-ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਭਾਈ ਗੁਰਇਕਬਾਲ ਸਿੰਘ ਵੱਲੋਂ ਭਾਈ ਮਤੀਦਾਸ ਜੀ ਚੈਰੀਟੇਬਲ ਟਰੱਸਟ ਯਮਨਾ ਪਾਰ ਦਿੱਲੀ ਵਿਖੇ ਯੂਜੀਸੀ ਦੀਆਂ ਫ੍ਰੀ ਆਨਲਾਈਨ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ ਜਿਸ ਦਾ ਬੀਤੇ ਦਿਨੀਂ ਭਲਾਈ ਕੇਂਦਰ ਵਿਖੇ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਸ੍ਰੀ ਦਰਬਾਰ ਸਾਹਿਬ, ਮੁੱਖ ਅਰਦਾਸੀਏ ਭਾਈ ਪ੍ਰੇਮ ਸਿੰਘ, ਭਾਈ ਗੁਰਇਕਬਾਲ ਸਿੰਘ, ਸੰਚਾਲਕ ਬੀਬੀ ਜਗਜੀਤ ਕੌਰ, ਮਾਤਾ ਵਿਪਨਪ੍ਰੀਤ ਕੌਰ ਲੁਧਿਆਣੇ ਵਾਲੇ, ਜਸਵਿੰਦਰ ਸਿੰਘ ਪਟਿਆਲੇ ਵਾਲੇ ਅਤੇ ਪ੍ਰਮੁੱਖ ਸ਼ਖ਼ਸੀਅਤਾ ਨੇ ਸਭ ਆਰੰਭਤਾ ਕੀਤੀ। ਇਸ ਮੌਕੇ ਭਾਈ ਸਾਹਿਬ ਨੇ ਦੱਸਿਆ ਕਿ ਭਾਈ ਮਤੀਦਾਸ ਚੈਰੀਟੇਬਲ ਟਰੱਸਟ ਦੇ ਸੰਚਾਲਕ ਬੀਬੀ ਜਗਜੀਤ ਕੌਰ ਵੱਲੋਂ ਸੰਗਤਾਂ ਅਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਲੋੜਵੰਦ ਬੱਚਿਆਂ ਨੂੰ ਵੱਡੀਆਂ ਪੜ੍ਹਾਈਆਂ ਦੀ ਤਿਆਰੀ ਕਰਾਉਣ ਲਈ ਵੀ ਆਨਲਾਈਨ ਕਲਾਸਾਂ ਰੋਜ਼ਾਨਾ ਸਵੇਰੇ 11 ਵਜੇ ਤੋਂ ਰਾਤ 10 ਵਜੇ ਕਰਵਾਇਆ ਜਾਂਦੀਆਂ ਹਨ ਜਿਸ ਵਿੱਚ ਆਈ ਏਐੱਸ, ਯੂਜੀਸੀ, ਯੂਪੀਐੱਸਸੀ ਤੋਂ ਇਲਾਵਾ ਹੋਰ ਅਨੇਕਾਂ ਤਰ੍ਹਾਂ ਦੇ ਸਬਜੈਕਟ ਦੀ ਤਿਆਰੀ ਕਰਾਉਣ ਲਈ ਕਲਾਸਾਂ ਦੀ ਫ੍ਰੀ ਆਨਲਾਈਨ ਪੜਾਈ ਕਰਵਾਈ ਜਾਂਦੀ ਹੈ। ਇਸ ਮੌਕੇ ਭਾਈ ਸਾਹਿਬ ਨੇ ਦੱਸਿਆ ਕਿ ਤਕਰੀਬਨ 5500 ਦੇ ਕਰੀਬ ਲੋੜਵੰਦ ਬੱਚੇ ਕਲਾਸਾਂ ਲੈ ਚੁੱਕੇ ਹਨ ਅਤੇ 2700 ਦੇ ਕਰੀਬ ਰੋਜ਼ਾਨਾ ਬੱਚੇ ਕਲਾਸਾਂ ਲੈ ਰਹੇ ਹਨ। ਭਾਈ ਸਾਹਿਬ ਨੇ ਦੱਸਿਆ ਕਿ ਇਨ੍ਹਾਂ ਬੱਚਿਆਂ ਨੂੰ ਆਨਲਾਈਨ ਕਲਾਸਾਂ ਦੇਣ ਲਈ 68 ਟੀਚਰ ਸੇਵਾਵਾਂ ਨਿਭਾਅ ਰਹੇ ਹਨ। ਇਸ ਮੌਕੇ ਭਾਈ ਮਤੀਦਾਸ ਜੀ ਚੈਰੀਟੇਬਲ ਦੀ 23ਵੀਂ ਵਰ੍ਹੇਗੰਢ ਮਨਾਈ ਗਈ ਜਿਸ ਵਿੱਚ ਦੁਪਹਿਰ 3 ਵਜੇ ਤੋਂ ਸ਼ਾਮ 8 ਵਜੇ ਤੱਕ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵਿੱਚ ਸਿੰਘ ਸਾਹਿਬਾਨ ਗਿਆਨੀ ਬਲਵਿੰਦਰ ਸਿੰਘ, ਭਾਈ ਪ੍ਰੇਮ ਸਿੰਘ ਮੁੱਖ ਅਰਦਾਸੀਏ ਸ੍ਰੀ ਦਰਬਾਰ ਸਾਹਿਬ, ਮਾਤਾ ਵਿਪਨਪ੍ਰੀਤ ਕੌਰ ਲੁਧਿਆਣੇ ਵਾਲੇ ਬੀਬੀ ਪਰਮਜੀਤ ਕੌਰ ਪੰਮਾ ਭੈਣ ਤੋਂ ਇਲਾਵਾ ਭਾਈ ਗੁਰਇਕਬਾਲ ਸਿੰਘ ਨੇ ਕਥਾ ਕੀਰਤਨ ਦਿਆਂ ਅੰਮ੍ਰਿਤਮਈ ਵਰਖਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਉਪਰੰਤ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ ।




# ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਦਾ 120ਵਾਂ ਜਨਮ ਦਿਹਾੜਾ ਮਨਾਇਆ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.), ਅੰਮ੍ਰਿਤਸਰ ਵੱਲੋਂ ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਦਾ 120ਵਾਂ ਜਨਮ ਦਿਨ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਸਹਿਜ ਪਾਠ ਅਤੇ ਸੁਖਮਨੀ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਭਾਈ ਜਸਬੀਰ ਸਿੰਘ, ਪੰਜਾਬ ਐਂਡ ਸਿੰਧ ਬੈਂਕ ਵਾਲਿਆਂ ਅਤੇ ਪਿੰਗਲਵਾੜਾ ਪਰਿਵਾਰ ਦੇ ਬੱਚਿਆਂ ਵੱਲੋਂ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਵਿਦਵਾਨ ਬੁਲਾਰਿਆਂ ਨੇ ਆਪਣੇ ਵੱਖ-ਵੱਖ ਵਿਚਾਰ ਪੇਸ਼ ਕੀਤੇ।ਇਸ ਪ੍ਰੋਗਰਾਮ ਵਿਚ ਭਗਵੰਤ ਸਿੰਘ ਦਿਲਾਵਾਰੀ, ਸਵਰਾਜਬੀਰ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਚੀਫ਼ ਸੰਪਾਦਕ, ਕਰਨਲ ਜਸਮੀਤ ਸਿੰਘ ਗਿੱਲ, ਡਾ. ਨਵਨੀਤ ਕੌਰ ਭੁੱਲਰ, ਗੁਰਚਰਨ ਸਿੰਘ ਨੂਰਪੁਰ, ਭਾਈ ਵਰਿੰਦਰਪਾਲ ਸਿੰਘ (ਰਿਟਾ. ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ), ਐਡਵੋਕੇਟ ਸਾਜਨਪ੍ਰੀਤ ਸਿੰਘ, ਗਿਆਨੀ ਕੇਵਲ ਸਿੰਘ ਸਾਬਕਾ ਜੱਥੇਦਾਰ ਦਮਦਮਾ ਸਾਹਿਬ, ਜਸਵਿੰਦਰ ਸਿੰਘ ਅਕਾਲ ਪੁਰਖਕੀ ਫੌਜ, ਦਵਿੰਦਰਜੀਤ ਕੌਰ, ਪ੍ਰੋ. ਸਰਬਜੀਤ ਸਿੰਘ ਛੀਨਾ ਉਚੇਚੇ ਤੌਰ 'ਤੇ ਹਾਜ਼ਰ ਹੋਏ।ਇਸ ਪ੍ਰੋਗਰਾਮ ਵਿੱਚ ਆਈਆਂ ਹੋਈਆਂ ਵੱਖ-ਵੱਖ ਉੱਘੀਆਂ ਸਖਸ਼ੀਅਤਾਂ ਵੱਲੋਂ ਭਗਤ ਪੂਰਨ ਸਿੰਘ ਦੀ ਜੀਵਨੀ 'ਤੇ ਚਾਨਣਾ ਪਾਇਆ ਗਿਆ ਅਤੇ ਵਾਤਾਵਰਨ ਵਿੱਚ ਆ ਰਹੀਆਂ ਤਬਦੀਲੀਆਂ ਬਾਰੇ ਜਾਣਕਾਰੀ ਦਿੱਤੀ ਗਈ। ਸਵਰਾਜਬੀਰ ਪੰਜਾਬੀ ਟ੍ਰਿਬਿਊਨ ਦੇ ਚੀਫ਼ ਸੰਪਾਦਕ ਵੱਲੋਂ ਲਿਖੀਆਂ 3 ਕਿਤਾਬਾਂ ਭਾਈ ਹਮਾਰੇ ਸਦ ਹੀ ਜੀਵੀ, ਆਉਖੀ ਘਾਟੀ ਬਿਖੜਾ ਪੈਂਡਾ ਅਤੇ ਰੱਬ ਦੇ ਹੁਸਨ ਬਾਗ਼ ਦੇ ਵਾਰਿਸ ਦੀ ਘੁੰਡ-ਚੁਕਾਈ ਕੀਤੀ ਗਈ ਅਤੇ ਪਿੰਗਲਵਾੜਾ ਸੋਵੀਨਾਰ ਜਾਰੀ ਕੀਤਾ ਗਿਆ।ਇਸ ਮੌਕੇ ਵਿਦਵਾਨਾਂ ਨੇ ਆਪਣੇ ਵੱਡਮੁੱਲੇ ਵਿਚਾਰ ਪੇਸ਼ ਕੀਤੇ। ਪਿੰਗਲਵਾੜਾ ਸੰਸਥਾ ਪਰਿਵਾਰ ਵੱਲੋਂ ਪ੍ਰੀਤਮ ਸਿੰਘ ਢਾਬਾ ਰੇਲਵੇ ਸਟੇਸ਼ਨ ਦੇ ਪਰਿਵਾਰਕ ਮੈਂਬਰ ਜਗਜੀਤ ਸਿੰਘ ਦਾ ਸਨਮਾਨ ਕੀਤਾ ਗਿਆ। ਜੋਗਿੰਦਰ ਸਿੰਘ ਢਾਬਾ ਰੇਲਵੇ ਸਟੇਸ਼ਨ ਅੰਮ੍ਰਿਤਸਰ ਤੋਂ ਅਕਸਰ ਦੋਹਾਂ ਢਾਬਿਆਂ ਤੋਂ ਭਗਤ ਜੀ ਅਪਾਹਜ ਰੋਗੀਆਂ ਲਈ ਪ੍ਰਸ਼ਾਦੇ ਲੈਂਦੇ ਹੁੰਦੇ ਸਨ। ਦੋਵਾਂ ਹੀ ਢਾਬਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਸ ਮੌਕੇ ਸੰਸਥਾ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਭਗਤ ਪੂਰਨ ਸਿੰਘ ਜੀ ਦਾ ਜਨਮ ਦਿਹਾੜਾ ਜੋ ਅੱਜ ਮਨਾਇਆ ਗਿਆ ਹੈ, ਮੌਕੇ ਭਗਤ ਪੂਰਨ ਸਿੰਘ ਜੀ ਦੇ ਦਿਖਾਏ ਰਾਹਾਂ 'ਤੇ ਚੱਲਣ, ਬਿਤਾਏ ਪਲਾਂ ਦੀ ਪ੍ਰੇਰਨਾ ਅਤੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਕਿਹਾ ਕਿ ਭਗਤ ਜੀ ਦੀ ਜ਼ਿੰਦਗੀ ਦੀ ਉਨ੍ਹਾਂ ਉਪਰ ਡੂੰਘੀ ਛਾਪ ਹੈ।ਉਨ੍ਹਾਂ ਨੇ ਮਨੁੱਖਤਾ ਅਤੇ ਵਾਤਾਵਰਨ ਪ੍ਰਤੀ ਪੀੜ੍ਹਤ ਮਨੁੱਖਤਾ ਨੂੰ ਦਰਦ ਭਰਿਆ ਸੁਨੇਹਾ ਦਿੱਤਾ।ਇਸ ਮੌਕੇ ਡਾ. ਜਗਦੀਪਕ ਸਿੰਘ ਮੈਂਬਰ, ਮੁਖਤਾਰ ਸਿੰਘ ਆਨਰੇਰੀ ਸਕੱਤਰ, ਰਾਜਬੀਰ ਸਿੰਘ ਮੈਂਬਰ, ਹਰਜੀਤ ਸਿੰਘਅਰੋੜਾ ਮੈਂਬਰ, ਬੀਬੀ ਪ੍ਰੀਤਇੰਦਰ ਕੌਰ ਮੈਂਬਰ, ਪਰਮਿੰਦਰਜੀਤ ਸਿੰਘ ਭੱਟੀ ਮੁਖ ਪ੍ਰਸ਼ਾਸਕ, ਅਮਰਜੀਤ ਸਿੰਘ ਗਿੱਲ ਪ੍ਰਸ਼ਾਸਕ ਮਾਨਾਂਵਾਲਾ, ਬੀਬੀ ਸੁਰਿੰਦਰ ਕੌਰ ਭੱਟੀ, ਸ਼ੈਲਿੰਦਰਜੀਤ ਸਿੰਘ, ਰਜਿੰਦਰਪਾਲ ਸਿੰਘ ਡਾਇਰੈਕਟਰ ਗੂੰਗੇ-ਬੋਲਿਆਂ ਦਾ ਸਕੂਲ, ਨਰਿੰਦਰਪਾਲ ਸਿੰਘ ਸੋਹਲ, ਯੋਗੇਸ਼ ਸੂਰੀ, ਤਿਲਕ ਰਾਜ ਜਨਰਲ ਮੈਨੇਜਰ, ਹਰਪਾਲ ਸਿੰਘ ਸੰਧੂ ਕੇਅਰ ਟੇਕਰ, ਰਜਿੰਦਰਸਿੰਘ ਪੱਪੂ, ਗੁਲਸ਼ਨ ਰੰਜਨ, ਬੀਬੀ ਹਰਤੇਜਪਾਲ ਕੌਰ, ਬੀਬੀ ਮਨਜੀਤ ਕੌਰ ਬਾਬਾ ਬੁੱਢਾ ਸੇਵਾ ਸੁਸਾਇਟੀ, ਕੁਲਵੰਤ ਸਿੰਘ ਅਣੱਖੀ ਵਿਕਾਸ ਮੰਚ ਅਤੇ ਭਗਤ ਪੂਰਨ ਸਿੰਘ ਆਦਰਸ਼ ਸਕੂਲ ਦੇ ਵਿਦਿਆਰਥੀ ਅਤੇ ਕਈ ਹੋਰ ਸਖਸ਼ੀਅਤਾਂ ਉਚੇਚੇ ਤੌਰ 'ਤੇ ਹਾਜ਼ਿਰ ਸਨ ।ਇਸ ਮੌਕੇ ਮੰਚ ਦਾ ਸੰਚਾਲਨ ਮਾਸਟਰ ਰਾਜਬੀਰ ਸਿੰਘ ਮੈਂਬਰ ਪਿੰਗਲਵਾੜਾ ਦੁਆਰਾ ਸੁਚੱਜੇ ਢੰਗ ਨਾਲ ਕੀਤਾ ਗਿਆ।



# ਵਿਸ਼ਵ ਵਾਤਾਵਰਨ ਦਿਹਾੜੇ 'ਤੇ ਐੱਸ ਐੱਸ ਐੱਮ ਕਾਲਜ 'ਚ ਬੂਟੇ ਲਗਾਏ



**ਦੀਨਾਨਗਰ, (ਸੰਜੀਵ)**-ਐੱਸ ਐੱਸ ਐੱਮ ਕਾਲਜ, ਦੀਨਾਨਗਰ ਵਿਖੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਵਿਸ਼ੇਸ਼ ਤੌਰ 'ਤੇ ਪੌਦੇ ਲਗਾਉਣ ਦਾ ਆਯੋਜਨ ਪ੍ਰਿੰਸੀਪਲ-ਡਾ. ਆਰ. ਕੇ . ਤੁਲੀ ਦੀ ਅਗਵਾਈ ਹੇਠ ਕੀਤਾ ਗਿਆ।ਕਾਲਜ ਦੇ ਐੱਨ. ਐੱਸ. ਐੱਸ. ਵਿਭਾਗ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿੱਚ ਵੱਖ-ਵੱਖ ਥਾਵਾਂ ਤੇ ਬੂਟੇ ਲਗਾਏ ਗਏ।ਵੌਲੰਟੀਅਰਾਂ ਨੂੰ ਜਾਗਰੂਕ ਕਰਦੇ ਹੋਏ ਪ੍ਰਿੰ. ਨੇ ਕਿਹਾ ਕਿ ਗਲੋਬਲ ਵਾਰਮਿੰਗ ਦੇ ਪ੍ਰਭਾਵਾਂ ਨੂੰ ਰੋਕਣ, ਸ਼ੁੱਧ ਹਵਾ ਵਿਚ ਸਾਹ ਲੈਣ ਅਤੇ ਬਿਮਾਰੀਆਂ ਤੋਂ ਬਚਣ ਲਈ ਸਾਨੂੰ ਸਾਰਿਆਂ ਨੂੰ ਆਪਣੇ ਆਲੇ-ਦੁਆਲੇ ਰੁੱਖ ਲਗਾਉਣੇ ਚਾਹੀਦੇ ਹਨ।ਕਾਲਜ ਦੇ ਸਕੱਤਰ ਭਾਰਤੇਂਦੂ ਓਹਰੀ ਨੇ ਵੀ ਵਾਤਾਵਰਨ ਦੀ ਸੁਰੱਖਿਆ ਲਈ ਪਲਾਸਟਿਕ ਦੀ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ। ਐੱਨਐੱਸਐੱਸ ਅਫਸਰ ਡਾ: ਰਾਜਨ ਹਾਂਡਾ ਨੇ ਪੌਦੇ ਲਗਾਉਣ ਵਾਲਿਆਂ ਨੂੰ ਅਜਿਹੇ ਜਾਗਰੂਕਤਾ ਪ੍ਰੋਗਰਾਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪ੍ਰੋ: ਪ੍ਰਬੋਧ ਗਰੋਵਰ, ਪ੍ਰੋ. ਸੁਬੀਰ ਰਘਬੋਤਰਾ, ਪ੍ਰੋ. ਸੁਸ਼ਮਾ, ਪ੍ਰੋ. ਮੋਨਿਕਾ ਅਤੇ ਪ੍ਰੋ. ਰਵਨੀਤ ਕੌਰ ਹਾਜ਼ਰ ਸਨ।

# ਮੁਲਾਜ਼ਮਾਂ ਦਾ ਗੁੱਸਾ ਪੰਜਾਬ ਸਰਕਾਰ ਵਿਰੁੱਧ ਫੁੱਟਿਆ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**-ਲੋਕ ਸਭਾ ਚੋਣਾਂ ਦੇ ਨਤੀਜਿਆਂ 'ਤੇ ਪ੍ਰਤੀਕਰਮ ਦਿੰਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ ਦੇ ਸੂਬਾ ਕਨਵੀਨਰ ਅਤਿੰਦਰ ਪਾਲ ਸਿੰਘ,ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪ੍ਰਧਾਨ ਜਗਜੀਤ ਸਿੰਘ ਜਟਾਣਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ, ਜਨਰਲ ਸਕੱਤਰ ਹਰਦੀਪ ਸਿੰਘ , ਕੱਚਾ ਮੁਲਾਜ਼ਮ ਸਾਂਝਾ ਫਰੰਟ ਦੇ ਕਨਵੀਨਰ ਸਰਬਜੀਤ ਸਿੰਘ ਭੁੱਲਰ ਅਤੇ ਜਸਬੀਰ ਸਿੰਘ ਸੀਰਾ ਨੇ ਕਿਹਾ ਕਿ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਜਿੱਤ ਦੇ ਦਾਅਵੇ ਕਰਨ ਵਾਲੀ 'ਆਪ' ਸਰਕਾਰ ਮਹਿਜ਼ ਤਿੰਨ ਸੀਟਾਂ 'ਤੇ ਹੀ ਜਿੱਤ ਹਾਸਲ ਕਰ ਸਕੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੱਖਾਂ ਰੈਗੂਲਰ, ਇਨਲਿਸਟਮੈਂਟ ,ਆਊਟਸੋਰਸਿੰਗ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਧਰੋਹ ਦਾ ਖਮਿਆਜ਼ਾ 'ਆਪ' ਨੂੰ ਲੋਕ ਸਭਾ ਚੋਣਾਂ 'ਚ ਭੁਗਤਣਾ ਪਿਆ ਹੈ। ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਪੁਰਾਣੀ ਪੈਨਸ਼ਨ ਬਹਾਲੀ ਦਾ ਅਧੂਰਾ ਨੋਟੀਫਿਕੇਸ਼ਨ ਜ਼ਾਰੀ ਕਰਕੇ ਐਨਪੀਐਸ ਮੁਲਾਜ਼ਮਾਂ ਦੀ ਚਿਰੋਕਣੀ ਮੰਗ ਨੂੰ ਪਿਛਲੇ ਡੇਢ ਸਾਲ ਤੋਂ ਲਟਕਾਉਣ ਦੇ , ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਮੁਲਾਜ਼ਮਾਂ ਦੇ ਪੇ ਸਕੇਲ ਸੋਧ ਕੇ ਲਾਗੂ ਕਰਨ, ਪੇ ਕਮਿਸ਼ਨ ਦੇ ਬਕਾਏ, ਡੀਏ ਦੀਆਂ ਕਿਸ਼ਤਾਂ ਅਤੇ ਪੈਨਸ਼ਨਰਾਂ ਨਾਲ਼ ਵੱਡਾ ਧਰੋਹ ਕਮਾਇਆ ਹੈ। ਐਨਪੀਐਸ ਮੁਲਾਜ਼ਮਾ ਸਮੇਤ ਪੈਨਸ਼ਨਰਾਂ ਨੇ ਸਰਕਾਰ ਦੀ ਵਾਅਦਾ ਖ਼ਿਲਾਫ਼ੀ ਵਿਰੁੱਧ ਪੁਰਾਣੀ ਪੈਨਸ਼ਨ ਬਹਾਲੀ ਨੂੰ ਲੈ ਕੇ ਘਰ ਘਰ ਪੋਸਟਰ ਮੁਹਿੰਮ ਚਲਾਈ, ਜਿਸ ਵਿੱਚ ਵੋਟ 'ਤੇ ਚੋਟ ਤਹਿਤ ਮੁਲਾਜ਼ਮ ਦੀ ਵੋਟ ਦਾ ਹੱਕਦਾਰ ਉਹੀ ਜੋ ਪੁਰਾਣੀ ਪੈਨਸ਼ਨ ਬਹਾਲ ਕਰਵਾ ਸਕੇ, ਪੰਜਾਬ ਭਰ 'ਚ ਚਰਚਾ ਦਾ ਵਿਸ਼ਾ ਬਣੀ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੰਘਰਸ਼ ਕਮੇਟੀ ਨੂੰ ਭਰੋਸੇ 'ਚ ਲੈਣ ਦੀ ਬਜਾਏ ਆਗੂਆਂ ਨੂੰ ਘਰਾਂ, ਦਫ਼ਤਰਾਂ 'ਚ ਨਜ਼ਰਬੰਦ ਜਾਂ ਥਾਣੇ ਬੰਦ ਕਰਨਾਂ ਸ਼ੁਰੂ ਕਰ ਦਿੱਤਾ , ਜਿਸ 'ਤੇ ਸਰਕਾਰ ਦੇ ਇਸ ਫੈਸਲੇ ਦਾ ਮੁਲਾਜ਼ਮ ਸੱਥਾਂ 'ਚ ਡਟਵਾਂ ਵਿਰੋਧ ਹੋਇਆ ਅਤੇ 'ਆਪ' ਸਰਕਾਰ ਨੂੰ ਲੋਕ ਸਭਾ ਚੋਣਾਂ 'ਚ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ 'ਆਪ' ਸਰਕਾਰ ਨੂੰ ਲੋਕ ਸਭਾ ਦੇ ਚੋਣ ਨਤੀਜਿਆਂ ਤੋਂ ਸਬਕ ਲੈਣ ਦੀ ਨਸੀਹਤ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੁਰਾਣੀ ਪੈਨਸ਼ਨ ਬਹਾਲੀ ਸਮੇਤ ਮੁਲਾਜ਼ਮ ਮੰਗਾਂ ਵੱਲ ਪਹਿਲ ਦੇ ਆਧਾਰ 'ਤੇ ਧਿਆਨ ਦੇਣ।

6-June-PAGE-4-2024.qxd 6/5/2024 10:04 PM Page 1

ਨਵਾਂ ਜ਼ਮਾਨਾ
ਵੀਰਵਾਰ, 6 ਜੂਨ 2024

# ਲੋਕ ਫਤਵਾ

ਅਜ਼ਾਦੀ ਤੋਂ ਬਾਅਦ ਭਾਰਤ ਦੇ ਇਤਿਹਾਸ ਵਿੱਚ 2024 ਦੀਆਂ ਚੋਣਾਂ ਅਜਿਹੀਆਂ ਪਹਿਲੀਆਂ ਚੋਣਾਂ ਹਨ, ਜਿਹੜੀਆਂ ਲੋਕਤੰਤਰ ਤੇ ਸੰਵਿਧਾਨ ਨੂੰ ਬਚਾਉਣ ਦੇ ਨਾਂਅ 'ਤੇ ਲੜੀਆਂ ਗਈਆਂ ਹਨ। ਇੱਕ ਪਾਸੇ ਤਾਨਾਸ਼ਾਹ ਭਾਜਪਾ ਸੀ ਤੇ ਦੂਜੇ ਪਾਸੇ 'ਇੰਡੀਆ' ਗੱਠਜੋੜ। ਦੋਹਾਂ ਧਿਰਾਂ ਦਰਮਿਆਨ ਲੜਾਈ ਬੜੀ ਅਸਾਵੀਂ ਸੀ। ਇੱਕ ਪਾਸੇ ਭਾਜਪਾ ਕੋਲ ਸਰਕਾਰੀ ਏਜੰਸੀਆਂ ਦੀ ਧੱਕੇਸ਼ਾਹੀ, ਕਾਰਪੋਰੇਟਾਂ ਦੀ ਬੇਸ਼ੁਮਾਰ ਦੌਲਤ, ਇਕਪਾਸੜ ਚੋਣ ਕਮਿਸ਼ਨ ਤੇ ਗੁਲਾਮ ਮੀਡੀਏ ਦਾ ਪ੍ਰਚਾਰ ਤੰਤਰ ਤੇ ਦੂਜੇ ਪਾਸੇ 'ਇੰਡੀਆ' ਗੱਠਜੋੜ ਕਿਸੇ ਪਾਸਿਓਂ ਵੀ ਉਸ ਦੇ ਪਾ-ਪਾਸਕ ਨਹੀਂ ਸੀ। ਸ਼ੁਰੂਆਤ ਦੇ ਦੋ ਚੋਣ ਗੇੜਾਂ ਵਿੱਚ ਇੰਡੀਆ ਗੱਠਜੋੜ ਜੱਕੋ-ਤੱਕੀ ਦੀ ਹਾਲਤ ਵਿੱਚ ਰਿਹਾ। ਰਾਹੁਲ ਤੇ ਅਖਿਲੇਸ਼ ਦੀ ਗਾਜ਼ੀਆਬਾਦ ਵਿੱਚ ਹੋਈ ਇੱਕ ਪ੍ਰੈੱਸ ਕਾਨਫ਼ਰੰਸ ਤੋਂ ਇਲਾਵਾ ਪੱਛਮੀ ਉੱਤਰ ਪ੍ਰਦੇਸ਼ ਵਿੱਚ ਗੱਠਜੋੜ ਨੇ ਕੋਈ ਵੀ ਚੋਣ ਰੈਲੀ ਨਹੀਂ ਕੀਤੀ ਸੀ। ਪਹਿਲੇ ਦੋ ਗੇੜਾਂ ਨੇ ਸਾਬਤ ਕਰ ਦਿੱਤਾ ਕਿ ਚੋਣ ਘੋਲ ਦੀ ਵਾਗਡੋਰ ਜਨਤਾ ਸੰਭਾਲ ਚੁੱਕੀ ਹੈ। ਭਾਜਪਾ ਦੇ 10 ਸਾਲਾ ਰਾਜ ਦੌਰਾਨ ਜਨਤਾ ਨੇ ਜਿਹੜੇ ਜ਼ਖ਼ਮ ਸਹੇ ਸਨ, ਉਸ ਨੇ ਭਾਜਪਾ ਕੋਲੋਂ ਹਿਸਾਬ ਲੈਣ ਦਾ ਮਨ ਬਣਾ ਲਿਆ ਸੀ। ਜਨਤਾ ਕਿਸੇ ਨੂੰ ਜਿਤਾਉਣ ਲਈ ਨਹੀਂ, ਭਾਜਪਾ ਨੂੰ ਹਰਾਉਣ ਲਈ ਲੜ ਰਹੀ ਸੀ। ਇਹ ਜਨਤਾ ਹੀ ਸੀ, ਜਿਸ ਦੇ ਜੋਸ਼ ਨੇ 'ਇੰਡੀਆ' ਗੱਠਜੋੜ ਦੇ ਆਗੂਆਂ ਰਾਹੁਲ, ਅਖਿਲੇਸ਼, ਪ੍ਰਿਅੰਕਾ ਤੇ ਤੇਜਸਵੀ ਨੂੰ ਏਨਾ ਹੌਸਲਾ ਦਿੱਤਾ ਕਿ ਉਨ੍ਹਾਂ ਲੋਕਤੰਤਰ ਬਚਾਉਣ ਦੀ ਲੜਾਈ ਵਿੱਚ ਦਿਨ-ਰਾਤ ਇੱਕ ਕਰ ਦਿੱਤਾ ਸੀ। ਸੋਸ਼ਲ ਮੀਡੀਆ ਦਾ ਵੱਡਾ ਹਿੱਸਾ ਵੀ ਇਸ ਲੜਾਈ ਵਿੱਚ ਜਨਤਾ ਦੇ ਮੋਢੇ ਨਾਲ ਮੋਢਾ ਲਾ ਕੇ ਲੜਦਾ ਰਿਹਾ ਸੀ। ਆਖਰ ਜਨਤਾ ਦੀ ਜਿੱਤ ਹੋਈ ਹੈ। ਭਾਜਪਾ ਸਭ ਤਿਗੜਮਾਂ ਦੇ ਬਾਵਜੂਦ ਜਾਦੂਮਈ ਅੰਕੜੇ 272 ਤੋਂ ਕਾਫ਼ੀ ਦੂਰ ਰਹਿ ਗਈ ਹੈ।

ਹੋ ਸਕਦਾ ਹੈ ਕਿ ਜੋੜ-ਤੋੜ ਕਰਕੇ ਭਾਜਪਾ ਮੁੜ ਸੱਤਾ ਵਿੱਚ ਆ ਜਾਵੇ, ਪਰ ਜਨਤਾ ਨੇ ਉਸ ਦੇ ਪੈਰਾਂ ਵਿੱਚ ਅਜਿਹੀਆਂ ਬੇੜੀਆਂ ਪਾ ਦਿੱਤੀਆਂ ਹਨ, ਜਿਸ ਨਾਲ ਉਹ ਮਨਮਰਜ਼ੀ ਨਾਲ ਤੁਰ-ਫਿਰ ਨਹੀਂ ਸਕੇਗੀ। ਪਿਛਲੇ 10 ਸਾਲ ਦੇ ਮੋਦੀ ਰਾਜ ਦੌਰਾਨ ਭਾਰਤ ਦੇ ਲੋਕਤੰਤਰੀ ਢਾਂਚੇ, ਸਮਾਜਿਕ ਸਦਭਾਵਨਾ ਤੇ ਸੰਘਵਾਦ ਨੂੰ ਤਹਿਸ-ਨਹਿਸ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਭਾਜਪਾ ਦੀ ਹਾਰ ਨਾਲ ਫਿਲਹਾਲ ਸੰਵਿਧਾਨ ਤੇ ਲੋਕਤੰਤਰ 'ਤੇ ਆਏ ਖਤਰੇ ਨੂੰ ਬਰੇਕਾਂ ਲੱਗ ਗਈਆਂ ਹਨ। ਯੂਨੀਫਾਰਮ ਸਿਵਲ ਕੋਡ ਤੇ ਨਾਗਰਿਕ ਸੋਧ ਕਾਨੂੰਨ ਵਰਗੇ ਸੰਘੀ ਢਾਂਚੇ ਨੂੰ ਖੇਰੂੰ-ਖੇਰੂੰ ਕਰਨ ਵਾਲੇ ਕਾਨੂੰਨਾਂ ਤੋਂ ਸਮਾਜ ਨੂੰ ਮੁਕਤੀ ਮਿਲੇਗੀ। ਸੋਚਣ, ਸਮਝਣ ਵਾਲਿਆਂ ਦਾ ਡਰ ਦੂਰ ਹੋਵੇਗਾ। ਪ੍ਰਗਟਾਵੇ ਦੀ ਅਜ਼ਾਦੀ ਬਹਾਲ ਹੋਵੇਗੀ। ਕਿਸਾਨੀ ਅੰਦੋਲਨ ਵਿੱਚੋਂ ਨਿਕਲੇ ਮੁੱਦਿਆਂ 'ਤੇ ਵਿਚਾਰ ਕਰਨਾ ਪਵੇਗਾ।

ਭਾਜਪਾ ਦਾ ਚਾਲ-ਚਰਿਤਰ ਪਿਛਲੇ 10 ਸਾਲਾਂ ਦੇ ਰਾਜ ਦੌਰਾਨ ਪੂਰੀ ਤਰ੍ਹਾਂ ਬੇਪਰਦ ਹੋ ਚੁੱਕਾ ਹੈ। ਦੇਸ਼ ਨੇ ਤਾਨਾਸ਼ਾਹੀ ਰਾਜ ਦਾ ਤਜਰਬਾ ਵੀ ਕਰ ਲਿਆ ਹੈ ਤੇ ਚਾਣਕਿਆ ਨੀਤੀ ਦੀ ਮਾਰ ਵੀ ਸਹਿ ਲਈ ਹੈ। ਜਨਤਾ ਦੀ ਸੱਤਾਧਾਰੀ ਧਿਰ 'ਤੇ ਪਈ ਵਦਾਨੀ ਸੱਟ ਨੇ ਉਸ ਦੇ ਹੋਸ਼ ਜ਼ਰੂਰ ਟਿਕਾਣੇ ਲਿਆ ਦਿੱਤੇ ਹੋਣਗੇ। ਆਸ ਹੈ ਹੁਣ ਕਾਰਪੋਰੇਟਾਂ ਦੀ ਸੇਵਾ ਦੀ ਥਾਂ ਹਾਕਮਾਂ ਨੂੰ ਜਨਤਾ ਵੱਲ ਵੀ ਮੂੰਹ ਮੋੜਨਾ ਪਵੇਗਾ। ਪਿਛਲੇ 10 ਸਾਲਾਂ ਦੌਰਾਨ ਨਾਗਰਿਕ ਅਧਿਕਾਰਾਂ ਨੂੰ ਜਿਸ ਤਰ੍ਹਾਂ ਕੁਚਲਿਆ ਗਿਆ, ਉਸ 'ਤੇ ਜ਼ਰੂਰ ਰੋਕ ਲੱਗੇਗੀ। ਮੀਡੀਆ ਤੇ ਲੋਕਤੰਤਰੀ ਸੰਸਥਾਵਾਂ ਵੀ ਅਜ਼ਾਦ ਹਵਾ ਵਿੱਚ ਸਾਹ ਲੈ ਸਕਣਗੀਆਂ।

ਇਨ੍ਹਾਂ ਚੋਣਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਸੰਘਵਾਦ ਦੀ ਰੱਖਿਆ ਦਾ ਮੁੱਦਾ ਏਜੰਡਾ ਬਣ ਗਿਆ ਹੈ। 'ਇੰਡੀਆ' ਤੇ ਐੱਨ ਡੀ ਏ ਵਿਚਲੀਆਂ ਇਲਾਕਾਈ ਪਾਰਟੀਆਂ ਦੇ ਸਾਂਸਦਾਂ ਦੀ ਗਿਣਤੀ 204 ਤੱਕ ਪੁੱਜ ਚੁੱਕੀ ਹੈ। ਇਸ ਸਮੇਂ ਇਹ ਵੀ ਚਰਚਾ ਹੈ ਕਿ ਸ਼ਾਇਦ ਇਹ ਸਭ ਮਿਲ ਕੇ ਤੀਜਾ ਮੋਰਚਾ ਬਣਾ ਕੇ ਸੱਤਾ ਦੀ ਦਾਅਵੇਦਾਰੀ ਜਤਾ ਦੇਣ। ਜੇਕਰ ਅਜਿਹਾ ਨਹੀਂ ਵੀ ਹੁੰਦਾ ਤਾਂ ਚੰਦਰ ਬਾਬੂ ਨਾਇਡੂ ਤੇ ਨਿਤੀਸ਼ ਕੁਮਾਰ ਨੂੰ ਸੱਤਾ ਦੀ ਚਾਹਵਾਨ ਕੋਈ ਵੀ ਧਿਰ ਅੱਖੋਂ-ਪਰੋਖਾ ਨਹੀਂ ਕਰ ਸਕਦੀ। ਆਉਣ ਵਾਲੇ ਦਿਨ ਦੇਸ਼ ਲਈ ਬਹੁਤ ਅਹਿਮ ਹੋਣਗੇ। ਆਸ ਕਰਨੀ ਬਣਦੀ ਹੈ ਕਿ ਜਨਤਾ ਨੇ ਜਿਨ੍ਹਾਂ ਭਾਵਨਾਵਾਂ ਦਾ ਪ੍ਰਗਟਾਵਾ ਚੋਣਾਂ ਵਿੱਚ ਆਪਣੀ ਵੋਟ ਨਾਲ ਕੀਤਾ ਹੈ, ਸਿਆਸੀ ਧਿਰਾਂ ਉਸ ਦਾ ਸਨਮਾਨ ਕਰਨਗੀਆਂ।

-ਚੰਦ ਫਤਿਹਪੁਰੀ

# ਪਿਛਲਾ ਦਹਾਕਾ ਕਾਲੇ ਦੌਰ ਵਜੋਂ ਜਾਣਿਆ ਜਾਵੇਗਾ


ਗੁਰਮੀਤ ਸਿੰਘ ਪਲਾਹੀ

ਪ੍ਰਧਾਨ ਮੰਤਰੀ ਨਰੇਂਦਰ ਮੋਦੀ 2014-2024 ਦੌਰਾਨ ਆਪਣੇ ਭਾਸ਼ਣਾਂ, ਆਪਣੇ ਕੀਤੇ ਕੰਮਾਂ ਕਾਰਨ ਦੇਸ਼-ਵਿਦੇਸ਼ ਵਿੱਚ ਪੂਰੀ ਤਰ੍ਹਾਂ ਛਾਇਆ ਰਿਹਾ। ਇਹਨਾ ਦਸ ਵਰ੍ਹਿਆਂ 'ਚ ਦੇਸ਼ ਵਿੱਚ ਤਿੰਨ ਲੋਕ ਸਭਾ ਚੋਣਾਂ ਅਤੇ ਦੇਸ਼ ਦੀਆਂ ਸਾਰੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੋ ਜਾਂ ਤਿੰਨ ਵੇਰ ਹੋਈਆਂ ਅਤੇ ਭਾਜਪਾ ਦੇ ਮੁੱਖ ਵਕਤਾ ਵਜੋਂ ਉਸ ਨੇ ਹਜ਼ਾਰਾਂ ਭਾਸ਼ਣ ਦਿੱਤੇ। ਉਸ ਦੇ ਭਾਸ਼ਣਾਂ ਦੀ ਵੰਨਗੀ ਵੇਖੋ, ਮਹਾਤਮਾ ਗਾਂਧੀ ਨੂੰ ਦੁਨੀਆ ਵਿੱਚ ਉਦੋਂ ਤੱਕ ਕੋਈ ਨਹੀਂ ਸੀ ਜਾਣਦਾ, ਜਦੋਂ ਤੱਕ ਉਸ ਉਤੇ 'ਗਾਂਧੀ ਫ਼ਿਲਮ ਨਹੀਂ ਸੀ ਬਣੀ।' ਕਾਂਗਰਸ ਦੇ ਸੱਤਾ ਚ ਆਉਣ ਨਾਲ ਔਰਤਾਂ ਦੇ ਮੰਗਲਸੂਤਰ ਨੂੰ ਖ਼ਤਰਾ ਪੈਦਾ ਹੋ ਜਾਏਗਾ।

ਵਿਰੋਧੀ ਧਿਰਾਂ ਉਸ ਨੂੰ ਝੂਠ ਦੀ ਪੰਡ ਗਰਦਾਨਦੀਆਂ ਹਨ, ਉਸ ਨੂੰ 'ਬਾਦਸ਼ਾਹ' ਦਾ ਖਿਤਾਬ ਦਿੰਦੀਆਂ ਹਨ, ਕਿਉਂਕਿ ਉਸ ਨੇ ਦੇਸ਼ ਵਿੱਚ 'ਰਾਜਸ਼ਾਹੀ' ਦਾ ਦੌਰ ਲਿਆਉਣ ਲਈ ਪੂਰੀ ਵਾਹ ਲਾਈ ਹੋਈ ਹੈ। ਧਰਮ ਦਾ ਸਿੱਕਾ ਚਲਾ ਕੇ, ਧਾਰਮਿਕ ਵੰਡੀਆਂ ਪਾ ਕੇ ਉਹ ਹਰ ਹੀਲੇ ਦੇਸ਼ ਦੇ ਲੋਕਾਂ, ਦੇਸ਼ ਦੀ ਧਨ-ਦੌਲਤ, ਦੇਸ਼ ਦੇ ਕੁਦਰਤੀ ਵਸੀਲਿਆਂ ਅਤੇ ਇਥੋਂ ਤੱਕ ਕਿ ਲੋਕ ਮਨਾਂ ਉਤੇ ਆਪਣੀ ਨਿਵੇਕਲੀ ਛਾਪ ਛਡਣਾ ਚਾਹੁੰਦਾ ਹੈ। ਉਹ ਇੱਕ ਰਾਸ਼ਟਰ, ਇੱਕ ਭਾਸ਼ਾ, ਇੱਕ ਚੋਣ ਦਾ ਮੁੱਦਈ ਹੈ ਅਤੇ ਆਰ ਐਸ ਐਸ ਦੇ ਅਜੰਡੇ ਹਿੰਦੀ, ਹਿੰਦੂ ਅਤੇ ਹਿੰਦੋਸਤਾਨ ਨੂੰ ਦੇਸ਼ 'ਤੇ ਹਰ ਹੀਲੇ ਲਾਗੂ ਕਰਨਾ ਚਾਹੁੰਦਾ ਹੈ।

ਗਰੰਟੀਆਂ ਦੇਣ ਵਾਲਾ ਦੇਸ਼ ਦਾ ਸਭ ਤੋਂ ਵਧ ਵਿਵਾਦਤ ਪ੍ਰਧਾਨ ਮੰਤਰੀ ਮੋਦੀ, ਇਹਨਾਂ ਦਸ ਵਰ੍ਹਿਆਂ 'ਚ ਦੇਸ਼ ਦੇ ਸੰਵਿਧਾਨ ਦੇ ਪਰਖੱਚੇ ਉਡਾਉਣ ਵਾਲੇ ਪ੍ਰਧਾਨ ਮੰਤਰੀ ਵਜੋਂ ਜਾਣਿਆ ਜਾਣ ਲੱਗ ਪਿਆ। ਇੱਕ ਇਹੋ ਜਿਹਾ ਚਿਹਰਾ ਜਿਸ ਨੇ ਆਪਣੀ ਹਕੂਮਤ ਪ੍ਰਧਾਨ ਮੰਤਰੀ ਦਫ਼ਤਰੋਂ ਚਲਾਈ, ਕਿਸੇ ਦੀ ਪ੍ਰਵਾਹ ਨਹੀਂ ਕੀਤੀ, ਇਥੋਂ ਤੱਕ ਵੀ ਚਰਚੇ ਹਨ ਕਿ ਉਹਨਾ ਆਪਣੇ ਆਕਾ ਆਰ.ਐੱਸ.ਐੱਸ. ਨੂੰ ਵੀ ਅੱਖਾਂ ਵਿਖਾਈਆਂ ਅਤੇ ਥਾਂ ਸਿਰ ਕਰਕੇ ਰੱਖ ਦਿੱਤਾ।

ਮੋਦੀ ਦੇ 'ਮਨ ਦੀਆਂ ਬਾਤਾਂ' ਮੋਦੀ ਹੀ ਜਾਣੇ। ਬਾਹਰੀ ਤੌਰ 'ਤੇ 'ਮਨ ਕੀ ਬਾਤ' ਕਰਦਿਆਂ ਉਹ ਇਵੇਂ ਜਾਪਦਾ ਹੈ, ਜਿਵੇਂ ਉਹ ਸੱਚਮੁੱਚ ਲੋਕ ਨੁਮਾਇੰਦਾ ਹੋਵੇ, ਪਰ ਅਸਲ ਅਰਥਾਂ 'ਚ ਮੋਦੀ ਆਪਣੇ-ਆਪ ਨੂੰ ਰੱਬ ਦਾ ਭੇਜਿਆ 'ਰਾਜਾ' ਸਮਝਦਾ ਰਿਹਾ, ਜਿਸ ਨੂੰ ਦੈਵੀ ਸ਼ਕਤੀਆਂ ਨੇ ਦੇਵ-ਭੂਮੀ ਉਤੇ ਸ਼ਾਸਨ ਕਰਨ ਲਈ ਭੇਜਿਆ ਹੋਵੇ। ਸੱਚਮੁੱਚ ਬੰਦ ਕਮਰੇ ਦੀ ਬੰਦ ਮਨ ਵਾਲੀ ਸ਼ਖ਼ਸੀਅਤ, ਕਾਫੀ ਲੰਮਾ ਸਮਾਂ ਲੋਕਾਂ ਲਈ ਬੁਝਾਰਤ ਬਣੀ ਰਹੀ, ਪਰ ਜਦੋਂ ਆਮ ਲੋਕ ਗਰੀਬੀ 'ਚ ਗ੍ਰਸੇ ਗਏ, ਬੇਰੁਜ਼ਗਾਰੀ ਦੇ ਪੁੜ 'ਚ ਹੋਰ ਪੀਸੇ ਗਏ ਤਾਂ ਲੋਕਾਂ ਨੂੰ ਸਮਝ ਆਉਣੀ ਸ਼ੁਰੂ ਹੋਈ ਕਿ ਦੇਸ਼ ਮੁੜ ਰਜਵਾੜਾਸ਼ਾਹੀ, ਰਾਜਾਸ਼ਾਹੀ ਦੇ ਪੁੜਾਂ 'ਚ ਪੀਸਿਆ ਜਾ ਰਿਹਾ ਹੈ, ਜਿਥੇ ਰਾਜੇ ਦੀ ਕਹਿਣੀ ਅਤੇ ਕਥਨੀ 'ਚ ਢੇਰ ਸਾਰਾ ਅੰਤਰ ਹੈ।

ਬਿਨਾਂ ਸ਼ੱਕ ਨਰੇਂਦਰ ਮੋਦੀ ਦੇਸ਼ ਦੇ ਦੋ ਵੇਰ ਪ੍ਰਧਾਨ ਮੰਤਰੀ ਬਣੇ, ਮੋਦੀ ਲਹਿਰ ਵੀ ਪੰਜਾਬ ਨੂੰ ਛੱਡ ਕੇ ਉੱਤਰੀ ਭਾਰਤ ਖ਼ਾਸ ਕਰ ਬਿਹਾਰ, ਯੂ ਪੀ, ਮੱਧ ਪ੍ਰਦੇਸ਼ ਆਦਿ 'ਚ ਚੱਲੀ, ਪਰ ਪੱਛਮੀ ਬੰਗਾਲ, ਕੇਰਲਾ ਅਤੇ ਕਈ ਹੋਰ ਦੱਖਣੀ ਰਾਜਾਂ ਵਿੱਚ ਉਸ ਨੂੰ ਇਸ ਕਰਕੇ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਹਨਾ ਵਿਵਾਦਿਤ ਬਿਆਨ ਹੀ ਨਹੀਂ ਦਿੱਤੇ, ਸਗੋਂ ਵਿਵਾਦਿਤ ਕਾਨੂੰਨ ਵੀ ਪਾਸ ਕੀਤੇ, ਜਿਹਨਾਂ 'ਚ ਖੇਤੀ ਕਾਨੂੰਨ, ਸੀ ਏ ਏ ਅਤੇ ਧਾਰਾ 370 ਸ਼ਾਮਲ ਸੀ, ਜਿਸਨੇ ਦੇਸ਼ ਦੀਆਂ ਘੱਟ ਗਿਣਤੀਆਂ 'ਚ ਹਾਹਾਕਾਰ ਮਚਾ ਦਿੱਤੀ।

ਮੋਦੀ ਸ਼ਾਸ਼ਨ ਸਮੇਂ ਦੌਰਾਨ ਜਿਥੇ ਦਿੱਲੀ 'ਚ ਦੰਗੇ ਹੋਏ, ਮਨੀਪੁਰ 'ਚ ਸ਼ਰਮਨਾਕ ਘਟਨਾਵਾਂ ਵਾਪਰੀਆਂ, ਉਸ ਨਾਲ ਮੋਦੀ ਦਾ ਅਕਸ ਭਾਰਤ ਵਿੱਚ ਹੀ ਨਹੀਂ, ਸਮੁੱਚੇ ਵਿਸ਼ਵ ਵਿੱਚ ਧੁੰਦਲਾ ਹੋਇਆ। ਮਨੀਪੁਰ ਹਾਲੇ ਵੀ ਕੁਰਲਾ ਰਿਹਾ ਹੈ। ਉਥੇ ਦੇ ਲੋਕਾਂ 'ਚ ਪਾਈਆਂ ਗਈਆਂ ਵੰਡੀਆਂ ਦੇਸ਼ ਦੇ ਲੋਕਤੰਤਰਿਕ ਢਾਂਚੇ ਉਤੇ ਧੱਬਾ ਹਨ, ਜਿਸ ਨੇ ਉਥੇ ਦੇ ਲੋਕਾਂ ਦੀ ਆਪਸੀ ਸਾਂਝ ਤਾਂ ਖ਼ਤਮ ਕੀਤੀ ਹੀ, ਪਰ ਨਾਲ ਵਿਸ਼ਵ ਵਿੱਚ ਇਹ ਸੰਦੇਸ਼ ਵੀ ਗਿਆ ਕਿ ਭਾਰਤ ਵਿੱਚ ਫਿਰਕੂ ਫਸਾਦ ਆਮ ਗੱਲ ਬਣ ਗਈ ਹੈ ਤੇ ਭਾਰਤ ਹੁਣ ਧਰਮ ਨਿਰਪੱਖ ਦੇਸ਼ ਵੀ ਨਹੀਂ ਰਿਹਾ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਆਯੋਧਿਆ ਰਾਮ ਮੰਦਰ 'ਚ ਮੂਰਤੀ ਸਥਾਪਨਾ ਸਮੇਂ ਮੁੱਖ ਭੂਮਿਕਾ ਨਿਭਾਉਣ ਤੇ ਫਿਰ ਇਹਨਾਂ ਰਾਮ ਭਗਤਾਂ ਨੂੰ ਆਪਣੇ ਵੋਟ ਬੈਂਕ 'ਚ ਬਦਲਣ ਦਾ ਯਤਨ ਦੇਸ਼ ਦੇ ਚੇਤੰਨ ਲੋਕਾਂ ਨੂੰ ਚੰਗਾ ਨਹੀਂ ਲੱਗਾ। ਇਸ ਸਭ ਕੁਝ ਦਾ ਸਿੱਧਾ ਅਸਰ ਆਮ ਲੋਕਾਂ 'ਚ ਫੈਲੀ ਨਿਰਾਸ਼ਾ ਵਜੋਂ ਵੇਖਿਆ ਜਾ ਸਕਦਾ ਹੈ।

ਭਾਰਤ ਵੱਡਾ ਲੋਕਤੰਤਰ ਹੈ। ਇਸ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਹਨ। ਇਸ ਵੇਲੇ ਦੇਸ਼ ਦੇ 2024 ਦੀਆਂ ਚੋਣਾਂ ਵੇਲੇ 100 ਕਰੋੜ ਵੋਟਰ ਦੇਸ਼ ਦੇ ਚੋਣ ਕਮਿਸ਼ਨ ਨੇ ਰਜਿਸਟਰਡ ਕੀਤੇ ਹਨ। ਜਿਹਨਾਂ ਵਿੱਚੋਂ 64 ਕਰੋੜ ਲੋਕਾਂ ਨੇ ਹੀ ਵੋਟ ਪਾਈ ਹੈ, ਇਸ ਵਿਚੋਂ ਵੀ 'ਨੋਟਾ' ਵੋਟਰਾਂ ਦੀ ਗਿਣਤੀ ਹੋਏਗੀ। ਭਾਵ ਸਿਰਫ਼ 60 ਕੁ ਕਰੋੜ ਲੋਕਾਂ ਨੇ ਵੋਟ ਪਾਈ ਹੈ। ਆਮ ਲੋਕ ਜਿਹੜੇ ਗਰੀਬੀ ਦੇ ਸਤਾਏ ਹੋਏ ਹਨ, ਬੇਰੁਜ਼ਗਾਰੀ ਦੇ ਮਾਰੇ ਹੋਏ ਹਨ, ਉਹ ਹਾਕਮਾਂ ਦੀਆਂ ਨੀਤੀਆਂ ਕਾਰਨ ਇਸ 'ਚੋਣ-ਕੁੰਭ' 'ਚ ਹਿੱਸਾ ਲੈਣ ਤੋਂ ਇਨਕਾਰੀ ਹੋ ਗਏ।

ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਉਹ ਹਾਕਮ ਜਿਹੜੇ ਇਹ ਆਖਦੇ ਹਨ ਕਿ ਪਿਛਲੇ ਇੱਕ ਦਹਾਕੇ 'ਚ ਦੇਸ਼ ਪੰਜਵੀਂ ਵਿਸ਼ਵ ਅਰਥ ਵਿਵਸਥਾ ਬਣਿਆ ਹੈ, ਇਹ ਦੱਸਦੇ ਕੰਨੀਂ ਕਤਰਾਉਂਦੇ ਹਨ ਕਿ ਦੇਸ਼ ਦੇ ਆਮ ਆਦਮੀ ਦੀਆਂ ਜਿਊਣ ਹਾਲਤਾਂ ਕਿਹੋ ਜਿਹੀਆਂ ਹਨ। ਹਾਲਾਂਕਿ ਨਰੇਂਦਰ ਮੋਦੀ ਗਰੰਟੀ ਦਿੰਦਿਆਂ ਆਮ ਆਦਮੀ ਨੂੰ ਚੰਗੇ ਭਵਿੱਖ ਅਤੇ ਚੰਗੇ ਦਿਨਾਂ ਦੇ ਸੁਪਨੇ ਵਿਖਾਉਂਦਾ ਰਿਹਾ, ਉਸ ਨੇ ਦਰਜਨਾਂ ਭਰ ਕਲਿਆਣਕਾਰੀ ਯੋਜਨਾਵਾਂ, ਜਿਹਨਾਂ ਵਿੱਚ ਬੇਟੀ ਬਚਾਓ-ਬੇਟੀ ਪੜ੍ਹਾਓ, ਸਵੱਛ ਭਾਰਤ ਮਿਸ਼ਨ, ਪੀ.ਐੱਮ.ਮੁਦਰਾ ਯੋਜਨਾ, ਅਟੱਲ ਪੈਨਸ਼ਨ ਯੋਜਨਾ, ਸਮਾਰਟ ਸਿਟੀ ਯੋਜਨਾ, ਮੇਕ ਇਨ ਇੰਡੀਆ ਯੋਜਨਾਵਾਂ ਸਮੇਤ 26 ਮਹੱਤਵਪੂਰਨ ਯੋਜਨਾਵਾਂ ਸ਼ਾਮਲ ਸਨ, ਸ਼ੁਰੂ ਕੀਤੀਆਂ, ਪਰ ਲਗਭਗ ਸਾਰੀਆਂ ਠੁੱਸ ਹੋ ਕੇ ਰਹਿ ਗਈਆਂ। ਕਿਸਾਨਾਂ ਦੀ ਮੰਦੀ ਹਾਲਤ ਸੁਧਾਰਨ ਲਈ 6000 ਰੁਪਏ ਦੇਣ ਦੀ ਗੱਲ ਕੀਤੀ, ਪਰ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਹੋਰ ਕਈ ਰਾਜਾਂ ਦੇ ਹਜ਼ਾਰਾਂ ਕਿਸਾਨ ਦਿੱਲੀ ਦੀਆਂ ਬਰੂਹਾਂ ਉਤੇ ਆਪਣੀਆਂ ਮੰਗਾਂ ਲਈ ਬੈਠੇ ਹਨ। ਉਹਨਾਂ ਨੂੰ ਆਮ ਲੋਕਾਂ ਦਾ ਸਮਰਥਨ ਵੀ ਮਿਲਿਆ ਹੈ, ਪਰ ਨਰੇਂਦਰ ਮੋਦੀ ਦੀ ਸਰਕਾਰ ਵੱਲੋਂ ਉਹਨਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਗਿਆ। ਅਸਲ ਵਿੱਚ ਨਰੇਂਦਰ ਮੋਦੀ ਦਾ ਉਦੇਸ਼ ਖੇਤੀ ਕਾਰਪੋਰੇਟ ਹੱਥਾਂ 'ਚ ਸੌਂਪਣ ਦਾ ਹੈ, ਜਿਵੇਂ ਉਹਨਾਂ ਵਲੋਂ ਦੇਸ਼ ਦੀਆਂ ਖੁਦਮੁਖਤਾਰ ਸੰਸਥਾਵਾਂ ਦੀ ਆਜ਼ਾਦੀ ਖ਼ਤਮ ਕਰਕੇ ਆਪਣੇ ਹਿੱਤਾਂ ਲਈ ਵਰਤਿਆ, ਉਵੇਂ ਹੀ ਸਰਕਾਰੀ ਸਰਵਜਨਕ ਸੰਸਥਾਵਾਂ ਦਾ ਨਿੱਜੀਕਰਨ ਕਰਕੇ ਦੇਸ਼ ਨੂੰ ਕਾਰਪੋਰੇਟਾਂ ਹੱਥ ਵੇਚਿਆ ਗਿਆ।

ਅਡਾਨੀ ਅਤੇ ਅੰਬਾਨੀ ਨੂੰ ਜਿਸ ਢੰਗ ਨਾਲ ਦੇਸ਼ ਦੇ ਅਦਾਰੇ ਸਪੁਰਦ ਕੀਤੇ ਗਏ ਅਤੇ ਜਿਸ ਢੰਗ ਨਾਲ ਸਿੱਖਿਆ, ਸਿਹਤ ਸਹੂਲਤਾਂ ਤੋਂ ਹੱਥ ਖਿੱਚ ਕੇ ਤਿੰਨ ਤਾਰਾ ਹਸਪਤਾਲ, ਪੰਜ ਤਾਰਾ ਸਕੂਲ, ਹਸਪਤਾਲ ਬਣਾਉਣ ਹਿੱਤ ਕਦਮ ਚੁੱਕੇ ਗਏ, ਉਸ ਨਾਲ ਦੇਸ਼ 'ਚ ਗਰੀਬ-ਅਮੀਰ ਦਾ ਪਾੜਾ ਵਧਿਆ ਹੈ। ਲੋਕਾਂ ਦੀਆਂ ਪ੍ਰੇਸ਼ਾਨੀਆਂ 'ਚ ਵਾਧਾ ਹੋਇਆ ਹੈ। ਕਰੋੜਾਂ ਲੋਕਾਂ ਦਾ ਜੀਵਨ ਬਦ ਤੋਂ ਬਦਤਰ ਹੋਇਆ ਹੈ। ਸਰਕਾਰੀ ਸਕੂਲਾਂ, ਹਸਪਤਾਲਾਂ ਦੇ ਹਾਲਾਤ ਦੇਸ਼ ਭਰ 'ਚ ਖ਼ਰਾਬ ਹੋਏ ਹਨ।

ਕੀ ਇਹੋ ਪ੍ਰਾਪਤੀ ਹੈ ਕਿ ਧਰਮ ਦੇ ਨਾਅ 'ਤੇ ਧਰੁਵੀਕਰਨ ਕਰ ਦਿੱਤਾ ਗਿਆ ਤੇ ਵੋਟਾਂ ਅਟੇਰੀਆਂ ਗਈਆਂ?

ਕੀ ਕੁਦਰਤੀ ਸਾਧਨ ਧਨ ਕੁਬੇਰਾਂ ਦੇ ਹੱਥ ਫੜਾ ਕੇ ਦੇਸ਼ ਦੇ ਕੁਝ ਹਿੱਸਿਆਂ ਨੂੰ ਚਮਕਾ ਦਿੱਤਾ ਗਿਆ ਅਤੇ ਬਾਕੀਆਂ ਨੂੰ ਵੱਡਿਆਂ ਵੱਲੋਂ ਮਸਲਣ ਲਈ ਉਹਨਾਂ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ?

ਕੀ ਇਹੋ ਪ੍ਰਾਪਤੀ ਹੈ ਕਿ ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ ਦੇ ਨਾਅ ਉਤੇ ਵੱਡੇ ਹਸਪਤਾਲ, ਸਕੂਲ ਸਿਰਜ ਦਿੱਤੇ ਗਏ ਤੇ ਆਮ ਲੋਕਾਂ ਲਈ ਤੱਪੜ, ਦਰੀਆਂ ਵਾਲੇ, ਬਿਨਾਂ ਬੁਨਿਆਦੀ ਢਾਂਚੇ ਵਾਲੇ ਸਕੂਲ, ਹਸਪਤਾਲ ਛੱਡ ਦਿੱਤੇ ਗਏ?

ਕੀ ਇਹੋ ਪ੍ਰਾਪਤੀ ਹੈ ਕਿ 82 ਕਰੋੜ ਲੋਕਾਂ ਨੂੰ ਅਨਾਜ ਦੇ ਕੇ ਖ਼ੁਸ਼ ਕਰਨ ਦਾ ਯਤਨ ਹੋਇਆ ਤੇ ਉਹਨਾਂ ਨੂੰ ਨੌਕਰੀਆਂ ਤੋਂ ਵਿਰਵੇ ਰੱਖ ਕੇ ਸਿਰਫ਼ ਉਹਨਾਂ ਹੱਥ ਠੂਠਾ ਫੜਾ ਦਿੱਤਾ ਗਿਆ? ਕੀ ਇਹੋ ਪ੍ਰਾਪਤੀ ਹੈ ਕਿ ਵੱਡੇ ਹਾਈਵੇ, ਮੌਲਜ਼ ਆਦਿ ਬਣਾ ਦਿੱਤੇ ਗਏ ਅਤੇ ਪਿੰਡਾਂ ਦੀਆਂ ਸੜਕਾਂ, ਰਸਤਿਆਂ, ਪੁਲਾਂ, ਸਕੂਲਾਂ ਨੂੰ ਅਣਗੌਲਿਆ ਗਿਆ?

ਕੀ ਇਹੋ ਪ੍ਰਾਪਤੀ ਹੈ ਕਿ ਕੁਦਰਤੀ ਖਜ਼ਾਨੇ ਜੰਗਲ, ਖਾਣਾਂ ਕਾਰਪਰੇਟਾਂ ਨੂੰ ਸੌਂਪ ਦਿੱਤੇ ਗਏ ਤੇ ਵਾਤਾਵਰਨ ਦਾ ਘਾਣ ਕਰ ਦਿੱਤਾ ਗਿਆ ਤੇ ਦੇਸ਼ ਨੂੰ ਹੜ੍ਹਾਂ, ਸੋਕੇ, ਅਤਿਅੰਤ ਗਰਮੀ ਨਾਲ ਮਰਨ ਲਈ ਉਵੇਂ ਹੀ ਛੱਡ ਦਿੱਤਾ ਗਿਆ, ਉਵੇਂ ਹੀ ਜਿਵੇਂ ਕੋਰੋਨਾ ਕਾਲ ਸਮੇਂ ਹਾਕਮਾਂ ਨੂੰ ਸਿਹਤ ਸਹੂਲਤਾਂ ਨਾ ਮਿਲਣ ਕਾਰਨ ਮਰਨ ਲਈ ਛੱਡ ਦਿੱਤਾ ਸੀ ਅਤੇ ਉਹਨਾਂ ਦੇ ਸਸਕਾਰ ਲਈ ਸ਼ਮਸ਼ਾਨਘਾਟ ਵੀ ਨਸੀਬ ਨਹੀਂ ਸਨ ਹੋਏ, ਸਗੋਂ ਲਾਸ਼ਾਂ ਗੰਗਾ ਦਰਿਆ ਸਪੁਰਦ ਕਰਨ ਲਈ ਲੋਕ ਮਜਬੂਰ ਹੋਏ ਸਨ?

ਕੀ ਇਹੋ ਪ੍ਰਾਪਤੀ ਹੈ ਨਰੇਂਦਰ ਮੋਦੀ ਦੀ ਕਿ ਦੇਸ਼ 'ਚ ਅਰਬਪਤੀਆਂ, ਖਰਬਪਤੀ ਲੋਕਾਂ ਦੀ ਗਿਣਤੀ ਵਧਾ ਦਿੱਤੀ ਗਈ ਅਤੇ ਗਰੀਬ-ਅਮੀਰ ਦੀ ਆਮਦਨ 'ਚ ਪਾੜਾ ਹੋਰ ਵੀ ਵਧ ਗਿਆ?

2014 ਤੇ 2024 ਦਾ ਦਹਾਕਾ ਦੇਸ਼ ਦੇ ਲੋਕਤੰਤਰੀ ਇਤਿਹਾਸ ਵਿੱਚ ਕਾਲੇ ਦੌਰ ਵਜੋਂ ਤਾਂ ਵੇਖਿਆ ਹੀ ਜਾ ਰਿਹਾ ਹੈ, ਆਮ ਲੋਕਾਂ ਦੀ ਗੁਰਬਤੀ ਹਾਲਤ, ਬੇਰੁਜ਼ਗਾਰੀ ਭਰਪੂਰ ਜ਼ਿੰਦਗੀ, ਭ੍ਰਿਸ਼ਟਾਚਾਰ ਯੁਕਤ ਧੱਕੇ-ਧੌਂਸ ਵਾਲੀ ਰਜਵਾੜਾਸ਼ਾਹੀ ਸਿਆਸਤ ਵਜੋਂ ਵੀ ਜਾਣਿਆ ਜਾਵੇਗਾ।

**# ਸੰਪਰਕ : 98158-02070**

# ਅਸੀਂ ਵਿਕਾਸ ਤੋਂ ਵਿਨਾਸ਼ ਵੱਲ ਜਾ ਰਹੇ ਹਾਂ

ਕੁਲਦੀਪ ਸਿੰਘ (ਸ਼ੇਖੂਪੁਰ)

ਅੱਜ ਮੈਂ ਆਪਣੀ ਬਾਈਕ 'ਤੇ ਰਾਜਪੁਰੇ ਜਾ ਰਿਹਾ ਸੀ। ਹਵਾ ਅੱਗੋਂ ਦੀ ਕਾਫੀ ਤੇਜ਼ ਚੱਲ ਰਹੀ ਸੀ। ਰਸਤੇ ਵਿੱਚ ਇੱਕ ਘੁੱਗੀ ਉੱਡਦੀ-ਉੱਡਦੀ ਥੱਲੇ ਡਿੱਗ ਗਈ।

ਮੈਂ ਜਦੋਂ ਬਾਈਕ ਰੋਕ ਕੇ ਦੇਖਿਆ, ਉਸ ਦੀ ਹਾਲਤ ਖਰਾਬ ਸੀ। ਮੇਰੇ ਕੋਲ ਪਾਣੀ ਵਾਲੀ ਬੋਤਲ ਸੀ। ਉਸ ਨੂੰ ਮੈਂ ਪਾਣੀ ਪਿਆਇਆ ਤੇ ਉਸ ਦੀਆਂ ਅੱਖਾਂ ਵੱਲ ਤੱਕਿਆ, ਇੰਝ ਲੱਗਿਆ ਜਿਵੇਂ ਉਹ ਰੋ ਰਹੀ ਸੀ ਅਤੇ ਕੁਝ ਕਹਿਣਾ ਚਾਹੁੰਦੀ ਸੀ। ਫਿਰ ਮੈਂ ਜਦੋਂ ਆਲੇ-ਦੁਆਲੇ ਤੱਕਿਆ ਤਾਂ ਸਾਰੇ ਪਾਸੇ ਧੂੰਆਂ ਹੀ ਧੂੰਆਂ ਸੀ, ਕਿਉਂਕਿ ਕਿਸੇ ਨੇ ਆਪਣੇ ਖੇਤਾਂ ਵਿੱਚ ਅੱਗ ਲਗਾਈ ਹੋਈ ਸੀ। ਉਸ ਨਾਲ ਕਾਫੀ ਦਰੱਖਤ ਵੀ ਸੜ ਰਹੇ ਸੀ। ਮੈਂ ਸੋਚਿਆ ਸ਼ਾਇਦ ਘੁੱਗੀ ਦਾ ਘਰ (ਆਲ੍ਹਣਾ), ਬੱਚੇ ਵੀ ਇਹਨਾਂ ਦਰੱਖਤਾਂ 'ਤੇ ਸੜ ਗਏ ਹੋਣਗੇ ਅਤੇ ਹੋਰ ਕਈ ਪੰਛੀਆਂ ਦੇ ਵੀ। ਜਦੋਂ ਮੈਂ ਖੇਤ ਵਾਲੇ ਪਾਸੇ ਦੇਖਿਆ ਕਿ ਇਹ ਤਾਂ ਚਾਨਣ ਸਿੰਘ ਹੈ। ਜਿਹੜਾ ਹਰ ਰੋਜ਼ ਗੁਰੂ ਘਰ ਆਉਂਦਾ ਤੇ ਪੜ੍ਹਦਾ ਹੈ। ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ਅਤੇ ਇਹ ਤਾਂ ਹਰ ਸਾਲ ਸ਼ਬੀਲ ਵੀ ਲਾਉਂਦਾ ਏ। ਮੈਂ ਕੋਲ ਜਾ ਕੇ ਚਾਨਣ ਸਿੰਘ ਨੂੰ ਕਿਹਾ ਕਿ ਇਹ ਤੁਸੀਂ ਕੀ ਕਰ ਰਹੇ ਓ..? ਤਾਂ ਉਹ ਕਹਿਣ ਲੱਗਾ ਕਿ ਸਾਰੇ ਹੀ ਅੱਗ ਲਾ ਰਹੇ ਨੇ। ਇਸ ਨਾਲ ਖੇਤ ਵਧੀਆ ਵਾਹਿਆ ਜਾਂਦਾ। ਨਾਲੇ ਫੈਕਟਰੀਆਂ ਦਾ ਵੀ ਤਾਂ ਧੂੰਆਂ ਹੈ।

ਮੈਂ ਕਿਹਾ, ਤੁਸੀਂ ਤਾਂ ਰੋਜ਼ ਮੇਰੇ ਨਾਲ ਪੜ੍ਹਦੇ ਓ ਪਵਣ ਗੁਰੂ ਪਾਣੀ ਪਿਤਾ..... ਮਤਲਬ ਪਵਣ ਨੂੰ ਗੁਰੂ ਤਾਂ ਕਿਹਾ, ਕਿਉਂਕਿ ਗੁਰੂ ਹਵਾ ਵਰਗਾ ਹੈ। ਬਿਨਾਂ ਭੇਦ-ਭਾਵ ਸਾਰਿਆਂ ਲਈ ਇੱਕੋ ਜਿਹਾ ਤੇ ਸਰਵ ਵਿਆਪਕ। ਪਾਣੀ ਪਿਤਾ ਇਸ ਲਈ ਕਿਉਂਕਿ ਪਿਤਾ ਸਾਡੀ ਸੰਭਾਲ ਕਰਦਾ ਏ ਤੇ ਜਦੋਂ ਪਿਤਾ ਬਜ਼ੁਰਗ ਹੋਵੇ, ਉਦੋਂ ਅਸੀਂ ਸੰਭਾਲ ਕਰਦੇ ਹਾਂ। ਇਸੇ ਤਰ੍ਹਾਂ ਪਾਣੀ ਵੀ ਸਾਡੀ ਸੰਭਾਲ ਕਰਦਾ ਏ ਅਤੇ ਅਸੀਂ ਵੀ ਪਾਣੀ ਦੀ ਸੰਭਾਲ ਕਰਨੀ ਏ। ਮਾਤਾ ਧਰਤਿ ਇਸ ਲਈ, ਕਿਉਂਕਿ ਧਰਤੀ ਦਾ ਜਿਗਰਾ ਮਾਂ ਵਰਗਾ ਹੁੰਦਾ। ਸਭ ਕੁੱਝ ਸਹਿੰਦੀ ਹੈ ਤੇ ਫਿਰ ਵੀ ਸਾਨੂੰ ਹਰ ਚੀਜ਼ ਦਿੰਦੀ ਏ, ਪਰ ਮਾਫ ਕਰਨਾ ਚਾਨਣ ਸਿੰਘ ਜੀ ਆਪਾਂ ਤਾਂ ਸਾਰਾ ਕੁਝ ਹੀ ਖ਼ਤਮ ਕਰ ਲਿਆ। ਮਾਤਾ ਦਾ ਹਿਰਦਾ ਉਦੋ ਸੜਦਾ, ਜਦੋਂ ਉਸ ਦਾ ਪੁੱਤਰ ਮਾੜੇ ਪਾਸੇ ਜਾਂ ਨਸ਼ੇ ਕਰਨ ਲੱਗ ਜਾਂਦਾ ਹੈ। ਇਸੇ ਤਰ੍ਹਾਂ ਧਰਤੀ ਮਾਂ ਦਾ ਹਿਰਦਾ ਵੀ ਸੜਦਾ ਹੋਵੇਗਾ। ਜਦੋਂ ਤੁਸੀਂ ਉਸ ਦੀ ਹਿੱਕ 'ਤੇ ਅੱਗ ਲਾਉਂਦੇ ਹੋ। ਨਾਲੇ ਦਰੱਖਤ ਵੀ ਸਾੜਦੇ ਹੋ। ਇਨ੍ਹਾਂ ਵਿਚਾਰੇ ਪੰਛੀਆਂ ਦੇ ਘਰ ਵੀ ਸਾੜ ਦਿੱਤੇ, ਹੋ ਸਕਦਾ ਇਨਾਂ ਦੇ ਬੱਚੇ ਵੀ ਸੜ ਗਏ ਹੋਣ, ਪਰ ਯਾਦ ਰੱਖਿਓ ਚਾਨਣ ਸਿੰਘ, ਕੁਦਰਤ ਹਮੇਸ਼ਾ ਨਿਆਂ ਕਰਦੀ ਏ। ਇਸ ਘੁੱਗੀ ਨੂੰ ਵੀ ਨਿਆਂ ਮਿਲਣਾ ਤੇ ਤੁਹਾਨੂੰ ਆਪਣੇ ਕੀਤੇ ਦੀ ਸਜ਼ਾ। ਕੁੱਝ ਸਮੇਂ ਬਾਅਦ ਘੁੱਗੀ ਤਾਂ ਉੱਡ ਗਈ, ਪਰ ਮੈਂ ਆਪਣੇ ਮਨ ਵਿਚ ਕਿਹਾ ਕਿ ਇਸ ਵਿਚਾਰੀ ਦਾ ਨਿਆਂ ਕੁਦਰਤ ਹੀ ਕਰੇਗੀ। ਅਸੀਂ ਕਿਹੜੇ ਪਾਸੇ ਚੱਲ ਪਏ ਹਾਂ। ਚਲੋ ਮੰਨ ਲਿਆ ਅੱਗ ਲਾ ਕੇ ਖੇਤ ਵਧੀਆ ਵਾਹਿਆ ਗਿਆ। ਅਗਲੀ ਫਸਲ ਵਧੀਆ ਹੋ ਗਈ। ਚੱਲੋ ਕੁਝ ਮੁਨਾਫ਼ਾ ਵੀ ਵੱਧ ਹੋ ਗਿਆ, ਪਰ ਮਾਫ ਕਰਨਾ। ਜੇਕਰ ਇਹ ਮੁਨਾਫੇ ਨਾਲ ਕੱਲ੍ਹ ਨੂੰ ਆਪਣੇ ਬੱਚਿਆਂ ਦੇ ਸਾਹ ਹੀ ਖਰੀਦਣੇ ਪਏ ਤਾਂ ਕਿੰਨੀ ਕੁ ਸਮਝਦਾਰੀ ਵਾਲੀ ਗੱਲ ਏ, ਕਿਉਂਕਿ ਇਹ ਤਾਂ ਬਿਲਕੁਲ ਸੱਚ ਹੈ ਕਿ ਆਪਣੇ ਬੱਚਿਆਂ ਨੂੰ ਅਗਾਂਹ ਸਾਹ ਲੈਣਾ ਵੀ ਔਖਾ ਹੋ ਜਾਣਾ ਅਤੇ ਤਾਪਮਾਨ ਵੀ 50 ਡਿਗਰੀ ਤੋਂ ਪਾਰ ਹੁੰਦਿਆਂ ਦੇਰ ਨਹੀਂ ਲੱਗਣੀ। ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ। ਕਿਤੇ ਸਾਨੂੰ ਬੱਚਿਆਂ ਲਈ ਆਕਸੀਜਨ ਵਾਲੇ ਸਿਲੰਡਰ ਨਾ ਖਰੀਦਣੇ ਪੈਣ। ਕੀ ਫਾਇਦਾ ਇਹੋ ਜਿਹੇ ਮੁਨਾਫੇ ਦਾ। ਚਲੋ ਕੁਝ ਘਾਟਾ ਸਰਕਾਰਾਂ ਵਿੱਚ ਵੀ ਨੇ, ਜੋ ਇਸ ਮਸਲੇ ਦਾ ਕੋਈ ਪੱਕਾ ਹੱਲ ਨਹੀਂ ਕੱਢਦੀਆਂ। ਫੈਕਟਰੀਆਂ ਵਾਲਿਆਂ ਨੂੰ ਸਰਕਾਰ ਲਾਜ਼ਮੀ ਕਰੇ। ਜੇ ਉਹ ਫੈਕਟਰੀ ਲਾਉਣ ਵੇਲੇ ਇਕ ਰੁੱਖ ਕੱਟਦੇ ਨੇ ਤਾਂ ਦੋ ਰੁੱਖ ਹੋਰ ਲਾਉਣ। ਵਿਕਾਸ ਦੇ ਨਾਂਅ 'ਤੇ ਸਰਕਾਰਾਂ ਵੀ ਕੁਦਰਤੀ ਚੀਜ਼ਾਂ ਨੂੰ ਖਤਮ ਕਰ ਰਹੀਆਂ ਨੇ, ਪਰ ਅਸੀਂ ਤਾਂ ਚੰਗੇ ਕੰਮ ਦੀ ਪਹਿਲ ਕਰ ਸਕਦੇ ਹਾਂ। ਅਸੀਂ ਤਾਂ ਸਭ ਦਾ ਭਲਾ ਮੰਗਣ ਵਾਲੇ ਹਾਂ। ਬਾਬੇ ਨਾਨਕ ਨੇ ਖੇਤੀ ਨੂੰ ਉੱਤਮ ਕਿਹਾ, ਕਿਉਂਕਿ ਕਿਸਾਨ ਸਭ ਦਾ ਪੇਟ ਭਰਦਾ ਏ। ਸਭ ਦਾ ਭਲਾ ਮੰਗਦਾ ਏ। ਬਾਕੀ ਕੁਦਰਤ ਨੇ ਤਾਂ ਨਿਆਂ ਸਭ ਨਾਲ ਕਰਨਾ ਹੀ ਹੈ। ਕਿਉਂਕਿ ਗੁਰਬਾਣੀ ਕਹਿੰਦੀ ਹੈ, ਤੇਰੈ ਘਰੁ ਸਦਾ ਸਦਾ ਹੈ ਨਿਆਉ। ਅਜੇ ਵੀ ਵੇਲਾ ਹੈ ਸਮਝ ਜਾਈਏ। ਵੱਧ ਤੋਂ ਵੱਧ ਰੁੱਖ ਲਗਾਈਏ ਅਤੇ ਉਹਨਾ ਦੀ ਸੰਭਾਲ ਵੀ ਕਰੀਏ (ਧਰਤੀ, ਪਾਣੀ ਤੇ ਹਵਾ ਬਚਾਈਏ) ਅਤੇ ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ਨੂੰ ਸਿਰਫ ਪੜ੍ਹੀਏ ਨਾ ਸਗੋਂ ਅਮਲ ਵੀ ਕਰੀਏ। ਕਿਸੇ ਕਿਸਾਨ ਦੇ ਖਿਲਾਫ ਨਹੀਂ ਹਾਂ। ਸਿਰਫ ਏਨਾ ਮਕਸਦ ਹੈ ਕਿ ਕੁਦਰਤੀ ਸੋਮੇ ਬਚੇ ਰਹਿਣ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਕ ਵਧੀਆ ਵਾਤਾਵਰਨ ਮਿਲੇ। ਬਾਕੀ ਇਸ ਬਾਰੇ ਤੁਹਾਡੇ ਆਪਣੇ-ਆਪਣੇ ਵਿਚਾਰ, ਤਰਕ ਹੋਣਗੇ।

**# ਸੰਪਰਕ : 9463545970**

# ਹਰਿਆਣਾ 'ਚ ਭਾਜਪਾ ਦੀ ਹਾਰ ਦੇ ਕਾਰਨ

*ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਵੱਲੋਂ ਆਪਣੇ ਪੁਰਾਣੇ 6 ਸੰਸਦ ਮੈਂਬਰਾਂ ਦੀ ਜਗ੍ਹਾ ਨਵੇਂ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਸੀ, ਜਿਸ ਦਾ ਨਤੀਜਾ ਭਾਜਪਾ ਲਈ ਵਧੀਆ ਨਹੀਂ ਰਿਹਾ। ਉਦਾਹਰਨ ਦੇ ਤੌਰ 'ਤੇ ਸਿਰਸਾ ਲੋਕ ਸਭਾ ਸੀਟ ਤੋਂ ਭਾਜਪਾ ਲਈ ਪਹਿਲੀ ਵਾਰ ਜਿੱਤ ਹਾਸਲ ਕਰਨ ਵਾਲੀ ਸਾਂਸਦ ਸੁਨੀਤਾ ਦੁੱਗਲ ਦਾ ਟਿਕਟ ਕੱਟ ਕੇ ਚਾਰ ਪਾਰਟੀਆਂ ਬਦਲ ਕੇ ਲੋਕ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਹੀ ਭਾਜਪਾ ਵਿੱਚ ਸ਼ਾਮਲ ਹੋਏ ਡਾਕਟਰ ਅਸ਼ੋਕ ਤੰਵਰ ਨੂੰ ਟਿਕਟ ਦੇਣਾ ਕੋਈ ਬਹੁਤੀ ਸਿਆਣਪ ਵਾਲੀ ਗੱਲ ਨਹੀਂ ਸੀ। ਇਸ ਵਿੱਚ ਪਾਰਟੀ ਦੀ ਕੀ ਮਜਬੂਰੀ ਰਹੀ ਹੋਵੇਗੀ, ਇਹ ਪਾਰਟੀ ਹਾਈਕਮਾਨ ਜਾਣਦੀ ਹੈ, ਪਰ ਭਾਜਪਾ ਨੂੰ ਇਸ ਦਾ ਖਮਿਆਜ਼ਾ ਅਸ਼ੋਕ ਤੰਵਰ ਦੀ ਵੱਡੀ ਹਾਰ ਦੇ ਰੂਪ ਵਿੱਚ ਭੁਗਤਣਾ ਪਿਆ।*


ਜਗਤਾਰ ਸਮਾਲਸਰ

ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਹਰਿਆਣਾ ਦੀਆਂ ਸਾਰੀਆਂ 10 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ, ਪ੍ਰੰਤੂ ਸਾਲ 2024 ਦੇ ਆਏ ਨਤੀਜਿਆਂ ਵਿੱਚ ਪਾਰਟੀ ਹਰਿਆਣਾ ਵਿੱਚ ਆਪਣਾ ਪ੍ਰਦਰਸ਼ਨ ਦੁਹਰਾਉਣ ਵਿੱਚ ਨਾਕਾਮਯਾਬ ਰਹੀ ਹੈ। ਇਨ੍ਹਾਂ ਚੋਣਾਂ ਵਿੱਚ ਭਾਜਪਾ ਨੂੰ ਹਰਿਆਣਾ ਵਿੱਚ ਅੱਧੀਆਂ ਸੀਟਾਂ 'ਤੇ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਜਿਸ ਦੇ ਪਿੱਛੇ ਸਾਲ 2019 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਵਾਪਰੀਆਂ ਕੁਝ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਨੇ ਭਾਜਪਾ ਨੂੰ ਸੂਬੇ ਵਿੱਚ ਪਿਛਾਂਹ ਵੱਲ ਧੱਕ ਦਿੱਤਾ ਹੈ। ਸਾਲ 2020-21 ਦੌਰਾਨ ਕਰੀਬ ਇੱਕ ਸਾਲ ਤੱਕ ਚੱਲਿਆ ਕਿਸਾਨ ਅੰਦੋਲਨ ਇੱਕ ਅਜਿਹੀ ਘਟਨਾ ਸੀ, ਜਿਸ ਦਾ ਖਮਿਆਜ਼ਾ ਭਾਜਪਾ ਨੂੰ ਸਿੱਧੇ ਤੌਰ 'ਤੇ ਭੁਗਤਣਾ ਪਿਆ ਹੈ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਲਿਆਂਦੇ ਗਏ ਖੇਤੀਬਾੜੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਵੱਲੋਂ ਵੱਡੇ ਪੱਧਰ 'ਤੇ ਅੰਦੋਲਨ ਸ਼ੁਰੂ ਕੀਤਾ ਗਿਆ, ਜਿਸ ਵਿੱਚ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੀ ਭੂਮਿਕਾ ਮੋਹਰੀ ਰਹੀ। ਹਰਿਆਣਾ ਸੂਬੇ ਦੀ ਕਰੀਬ 65 ਫ਼ੀਸਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ, ਜਿਸ ਕਾਰਨ ਇੱਥੇ ਵੀ ਪੰਜਾਬ ਵਾਂਗ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਵੱਡੇ ਪੱਧਰ 'ਤੇ ਦੇਖਣ ਨੂੰ ਮਿਲਿਆ। ਕਿਸਾਨ ਅੰਦੋਲਨ ਦਾ ਇਹ ਮੁੱਦਾ ਲੋਕ ਸਭਾ ਚੋਣਾਂ ਦੌਰਾਨ ਹਰਿਆਣਾ ਵਿੱਚ ਵੱਡੇ ਪੱਧਰ ਤੇ ਉੱਭਰਿਆ। ਹਰਿਆਣਾ ਵਿੱਚ ਭਾਜਪਾ ਦੇ ਕਰੀਬ ਸਾਰੇ ਹੀ ਉਮੀਦਵਾਰਾਂ ਨੂੰ ਆਪਣੀ ਚੋਣ ਮੁਹਿੰਮ ਦੌਰਾਨ ਪਿੰਡਾਂ ਵਿੱਚ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਭਾਜਪਾ ਉਮੀਦਵਾਰ ਪਿੰਡਾਂ ਵਿੱਚ ਆਪਣੀ ਪ੍ਰਚਾਰ ਮੁਹਿੰਮ ਨੂੰ ਚਲਾਉਣ ਵਿੱਚ ਅਸਫ਼ਲ ਰਹੇ।

ਦੂਜੀ ਵੱਡੀ ਘਟਨਾ ਹਰਿਆਣਾ ਦੀਆਂ ਮਹਿਲਾ ਪਹਿਲਵਾਨਾਂ ਨਾਲ ਹੋਏ ਦੁਰਵਿਹਾਰ ਦੀ ਰਹੀ। ਜਦੋਂ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਮਹਿਲਾ ਪਹਿਲਵਾਨਾਂ ਨੇ ਯੋਨ ਸ਼ੋਸ਼ਣ ਦੇ ਦੋਸ਼ ਲਗਾਏ ਤਾਂ ਭਾਜਪਾ ਵੱਲੋਂ ਮਹਿਲਾ ਪਹਿਲਵਾਨਾਂ ਦੀ ਸੁਣਵਾਈ ਕਰਨ ਦੀ ਬਜਾਏ ਹਮੇਸ਼ਾ ਆਪਣੇ ਸਾਂਸਦ ਦਾ ਪੱਖ ਹੀ ਪੂਰਿਆ ਗਿਆ, ਕਿਉਂਕਿ ਇਹ ਮਹਿਲਾ ਪਹਿਲਵਾਨ ਵੀ ਹਰਿਆਣਾ ਦੇ ਪੇਂਡੂ ਇਲਾਕਿਆਂ ਨਾਲ ਸੰਬੰਧਤ ਹਨ, ਇਸ ਲਈ ਇਹ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪਿੰਡਾਂ ਵਿੱਚ ਭਾਜਪਾ ਪ੍ਰਤੀ ਲੋਕਾਂ ਦਾ ਰੋਹ ਇੱਕਦਮ ਵਧ ਗਿਆ, ਜਿਸ ਦਾ ਬਦਲਾ ਲੋਕਾਂ ਵੱਲੋਂ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਤੋਂ ਲਿਆ ਗਿਆ ਹੈ।

ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਵੱਲੋਂ ਕਿਸਾਨ ਅੰਦੋਲਨ, ਮਹਿਲਾ ਪਹਿਲਵਾਨਾਂ ਦੇ ਮੁੱਦੇ ਦੇ ਨਾਲ-ਨਾਲ ਹੀ ਮਹਿੰਗਾਈ, ਬੇਰੁਜ਼ਗਾਰੀ, ਕਾਨੂੰਨ ਵਿਵਸਥਾ ਅਤੇ ਭਾਜਪਾ ਵੱਲੋਂ ਸੈਨਾ ਵਿੱਚ ਭਰਤੀ ਲਈ ਲਿਆਂਦੀ ਗਈ ਅਗਨੀਪੱਥ ਯੋਜਨਾ ਨੂੰ ਲੈ ਕੇ ਸੂਬੇ ਦੇ ਨੌਜਵਾਨਾਂ ਵਿੱਚ ਪੈਦਾ ਹੋਈ ਨਰਾਜ਼ਗੀ ਨੂੰ ਵੀ ਪੂਰੀ ਸ਼ਿੱਦਤ ਨਾਲ ਉਠਾਇਆ ਗਿਆ। ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਵੱਲੋਂ ਉਠਾਏ ਗਏ ਇਹ ਮੁੱਦੇ ਵੀ ਭਾਜਪਾ ਨੂੰ ਵੱਡਾ ਝਟਕਾ ਦੇਣ ਵਿੱਚ ਕਾਮਯਾਬ ਰਹੇ। ਭਾਜਪਾ ਵੱਲੋਂ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਸਰਕਾਰ ਦੀਆਂ ਪ੍ਰਾਪਤੀਆਂ ਦੇ ਨਾਮ ਤੇ ਵੋਟ ਮੰਗੇ ਗਏ, ਜਿਨ੍ਹਾਂ ਵਿੱਚ ਜੰਮੂ-ਕਸ਼ਮੀਰ ਵਿੱਚ ਧਾਰਾ 370 ਨੂੰ ਖਤਮ ਕਰਨਾ, ਪਾਕਿਸਤਾਨ ਦੇ ਖ਼ਿਲਾਫ਼ ਏਅਰ ਸਟਰਾਇਕ ਅਤੇ ਰਾਮ ਮੰਦਰ ਦਾ ਨਿਰਮਾਣ ਕਰਵਾਏ ਜਾਣ ਦਾ ਪ੍ਰਚਾਰ ਕੀਤਾ ਗਿਆ, ਪਰ ਆਮ ਲੋਕਾਂ ਦਾ ਝੁਕਾਅ ਇਨ੍ਹਾਂ ਕੌਮੀ ਅਤੇ ਕੌਮਾਂਤਰੀ ਮੁੱਦਿਆਂ ਦੀ ਬਜਾਏ ਮਹਿੰਗਾਈ ਅਤੇ ਬੇਰੁਜ਼ਗਾਰੀ ਵੱਲ ਵਧ ਰਿਹਾ।

ਹਰਿਆਣਾ ਵਿੱਚ ਭਾਜਪਾ ਲਗਾਤਾਰ 10 ਸਾਲ ਤੋਂ ਸੱਤਾ ਵਿੱਚ ਹੈ। ਆਮ ਵੇਖਣ ਵਿੱਚ ਆਉਂਦਾ ਹੈ ਕਿ 10 ਸਾਲ ਦੇ ਸ਼ਾਸਨ ਤੋਂ ਬਾਅਦ ਲੋਕ ਅਕਸਰ ਸੱਤਾ ਪਰਿਵਰਤਨ ਵੱਲ ਜਾਂਦੇ ਹਨ। ਇਸ ਐਂਟੀ ਇਨਕੰਬੈਂਸੀ ਦਾ ਲਾਹਾ ਵੀ ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਪਾਰਟੀ ਨੂੰ ਮਿਲਿਆ ਹੈ। ਹਾਲਾਂਕਿ ਇਸ ਐਂਟੀ ਇਨਕੰਬੈਂਸੀ ਨਾਲ ਨਿਪਟਣ ਲਈ ਭਾਜਪਾ ਵੱਲੋਂ ਹਰਿਆਣਾ ਕੈਬਨਿਟ ਵਿੱਚ ਫੇਰ-ਬਦਲ ਕਰਦਿਆਂ ਨਾਇਬ ਸਿੰਘ ਸੈਨੀ ਨੂੰ ਮੁੱਖ ਮੰਤਰੀ ਵੀ ਬਣਾਇਆ ਗਿਆ ਸੀ, ਪਰ ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਲਈ ਇਹ ਬਦਲ ਕੋਈ ਬਹੁਤਾ ਕਾਰਗਰ ਸਾਬਤ ਨਹੀਂ ਹੋਇਆ। ਆਗਾਮੀ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਇਸ ਦਾ ਕੀ ਅਸਰ ਵੇਖਣ ਨੂੰ ਮਿਲਦਾ ਹੈ, ਇਹ ਅਜੇ ਭਵਿੱਖ ਦੱਸੇਗਾ।

ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਵੱਲੋਂ ਆਪਣੇ ਪੁਰਾਣੇ 6 ਸੰਸਦ ਮੈਂਬਰਾਂ ਦੀ ਜਗ੍ਹਾ 'ਤੇ ਨਵੇਂ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਸੀ, ਜਿਸ ਦਾ ਨਤੀਜਾ ਭਾਜਪਾ ਲਈ ਵਧੀਆ ਨਹੀਂ ਰਿਹਾ। ਉਦਾਹਰਣ ਦੇ ਤੌਰ 'ਤੇ ਸਿਰਸਾ ਲੋਕ ਸਭਾ ਸੀਟ ਤੋਂ ਭਾਜਪਾ ਲਈ ਪਹਿਲੀ ਵਾਰ ਜਿੱਤ ਹਾਸਲ ਕਰਨ ਵਾਲੀ ਸਾਂਸਦ ਸੁਨੀਤਾ ਦੁੱਗਲ ਦਾ ਟਿਕਟ ਕੱਟ ਕੇ ਚਾਰ ਪਾਰਟੀਆਂ ਬਦਲ ਕੇ ਲੋਕ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਹੀ ਭਾਜਪਾ ਵਿੱਚ ਸ਼ਾਮਲ ਹੋਏ ਡਾਕਟਰ ਅਸ਼ੋਕ ਤੰਵਰ ਨੂੰ ਟਿਕਟ ਦੇਣਾ ਕੋਈ ਬਹੁਤੀ ਸਿਆਣਪ ਵਾਲੀ ਗੱਲ ਨਹੀਂ ਸੀ। ਇਸ ਵਿੱਚ ਪਾਰਟੀ ਦੀ ਕੀ ਮਜਬੂਰੀ ਰਹੀ ਹੋਵੇਗੀ, ਇਹ ਪਾਰਟੀ ਹਾਈਕਮਾਨ ਜਾਣਦੀ ਹੈ, ਪਰ ਭਾਜਪਾ ਨੂੰ ਇਸ ਦਾ ਖਮਿਆਜ਼ਾ ਅਸ਼ੋਕ ਤੰਵਰ ਦੀ ਵੱਡੀ ਹਾਰ ਦੇ ਰੂਪ ਵਿੱਚ ਭੁਗਤਣਾ ਪਿਆ ਹੈ।

ਸਿਰਸਾ ਤੋਂ ਭਾਜਪਾ ਉਮੀਦਵਾਰ ਡਾਕਟਰ ਅਸ਼ੋਕ ਤੰਵਰ ਅਤੇ ਹਿਸਾਰ ਤੋਂ ਭਾਜਪਾ ਉਮੀਦਵਾਰ ਰਣਜੀਤ ਸਿੰਘ ਚੌਟਾਲਾ ਦੋਨੋਂ ਹੀ ਕਾਂਗਰਸ ਪਾਰਟੀ ਨੂੰ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ, ਪਰ ਦੋਨਾਂ ਨੂੰ ਹੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਹਰਿਆਣਾ ਵਿੱਚ ਆਪਣੀ ਅੰਦਰੂਨੀ ਗੁੱਟਬਾਜ਼ੀ ਤੋਂ ਉੱਪਰ ਉੱਠ ਕੇ ਚੋਣਾਂ ਲੜਦੀ ਨਜ਼ਰ ਆਈ, ਜਿਸ ਦਾ ਜਿੱਥੇ ਵੱਡਾ ਫਾਇਦਾ ਕਾਂਗਰਸ ਪਾਰਟੀ ਨੂੰ ਮਿਲਿਆ ਹੈ, ਉੱਥੇ ਹੀ ਆਗਾਮੀ ਹਰਿਆਣਾ ਵਿਧਾਨ ਸਭਾ ਚੋਣਾਂ ਦੌਰਾਨ ਫਿਰ ਤੋਂ ਇਸੇ ਰਣਨੀਤੀ ਨਾਲ ਚੋਣਾਂ ਲੜਨ ਦਾ ਸਬਕ ਵੀ ਪਾਰਟੀ ਨੂੰ ਮਿਲਿਆ ਹੈ।

ਸਾਲ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਹਰਿਆਣਾ ਵਿੱਚ 58 ਪ੍ਰਤੀਸ਼ਤ ਦੇ ਕਰੀਬ ਵੋਟ ਮਿਲੇ ਸਨ, ਜਦੋਂਕਿ ਕਾਂਗਰਸ ਪਾਰਟੀ ਕੇਵਲ 28 ਪ੍ਰਤੀਸ਼ਤ ਦੇ ਕਰੀਬ ਹੀ ਵੋਟ ਹਾਸਲ ਕਰ ਸਕੀ ਸੀ। ਉਸ ਸਮੇਂ ਜਜਪਾ ਨੂੰ 4 ਫ਼ੀਸਦੀ ਅਤੇ ਇਨੈਲੋ ਨੂੰ ਕੇਵਲ 2 ਫ਼ੀਸਦੀ ਦੇ ਕਰੀਬ ਹੀ ਵੋਟ ਮਿਲੇ ਸਨ, ਪਰ ਇਸ ਵਾਰ ਕਾਂਗਰਸ ਆਪਣੇ ਵੋਟ ਫ਼ੀਸਦੀ ਵਿੱਚ ਵਾਧਾ ਕਰਨ ਵਿੱਚ ਕਾਮਯਾਬ ਰਹੀ ਹੈ।

ਪੰਜਾਬ ਵਾਂਗ ਹੀ ਹਰਿਆਣਾ ਵਿੱਚ ਵੀ ਆਮ ਆਦਮੀ ਪਾਰਟੀ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ। ਕਾਂਗਰਸ ਨਾਲ ਗਠਜੋੜ ਤਹਿਤ ਹਰਿਆਣਾ ਦੀ ਕੁਰੂਕਸ਼ੇਤਰ ਸੀਟ ਤੋਂ ਚੋਣ ਮੈਦਾਨ ਵਿੱਚ ਉਤਾਰੇ ਗਏ ਆਮ ਆਦਮੀ ਪਾਰਟੀ ਦੇ ਸੂਬਾਈ ਪ੍ਰਧਾਨ ਸੁਸ਼ੀਲ ਗੁਪਤਾ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਕੁਰੂਕਸ਼ੇਤਰ ਸੀਟ ਤੋਂ ਹੀ ਇਨੈਲੋ ਆਗੂ ਅਭੈ ਸਿੰਘ ਚੌਟਾਲਾ ਨੂੰ ਵੀ ਵੱਡੀ ਹਾਰ ਨਸੀਬ ਹੋਈ ਹੈ, ਹਿਸਾਰ ਸੀਟ ਤੋਂ ਚੌਟਾਲਾ ਪਰਵਾਰ ਦੇ ਤਿੰਨ ਮੈਂਬਰ ਰਣਜੀਤ ਸਿੰਘ ਚੌਟਾਲਾ (ਭਾਜਪਾ), ਨੈਨਾ ਚੌਟਾਲਾ (ਜਜਪਾ), ਸੁਨੈਨਾ ਚੌਟਾਲਾ (ਇਨੈਲੋ) ਵੱਲੋਂ ਚੋਣ ਮੈਦਾਨ ਵਿੱਚ ਸਨ, ਪਰ ਤਿੰਨਾਂ ਨੂੰ ਹੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਹਰਿਆਣਾ ਵਿੱਚ ਆਏ ਇਨ੍ਹਾਂ ਚੋਣ ਨਤੀਜਿਆਂ ਨੇ ਸਿੱਧ ਕਰ ਦਿੱਤਾ ਹੈ ਕਿ ਫਿਲਹਾਲ ਇੱਥੇ ਭਾਜਪਾ ਅਤੇ ਕਾਂਗਰਸ ਵਿਚਕਾਰ ਹੀ ਚੁਣਾਵੀ ਟੱਕਰ ਬਣੀ ਹੋਈ ਹੈ। ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਇਨੈਲੋ ਅਤੇ ਜਜਪਾ ਲਈ ਸੂਬੇ ਵਿੱਚ ਆਪਣੇ ਆਪ ਨੂੰ ਸਟੈਂਡ ਕਰਨਾ ਵੀ ਵੱਡੀ ਚੁਨੌਤੀ ਹੈ।

**# ਸੰਪਰਕ : 94670-95953**

6-JUNE-PAGE-5.qxd 6/5/2024 10:02 PM Page 1



### ਮਾਮਲਾ ਮਿਲਾਵਟੀ ਵਸਤੂਆਂ ਦੀ ਵਿਕਰੀ ਦਾ

# ਗ਼ੈਰ-ਮਿਆਰੀ ਦੁੱਧ, ਦਹੀਂ, ਪਨੀਰ ਦੀ ਵਿਕਰੀ ਜ਼ੋਰਾਂ 'ਤੇ



ਮਲੋਟ, (ਗੁਰਮੀਤ ਸਿੰਘ ਮੱਕੜ) ਗਰਮੀਆਂ ਦਾ ਮੌਸਮ ਸ਼ੁਰੂ ਹੁੰਦੇ ਹੀ ਦੁੱਧ ਦੇ ਕਿੱਲਤ ਦੇ ਚੱਲਦਿਆਂ ਸ਼ਹਿਰ ਵਿਚ ਦੁੱਧ ਤੇ ਇਸ ਤੋਂ ਬਣੀਆਂ ਗੈਰ ਮਿਆਰੀ ਵਸਤੂਆਂ ਦੀ ਵਿਕਰੀ ਜ਼ੋਰਾਂ 'ਤੇ ਹੋ ਜਾਂਦੀ ਹੈ, ਜਿਸ ਵਿਚ ਦੁੱਧ ਤੋਂ ਬਣਿਆ ਮੱਖਣ, ਪਨੀਰ, ਖੋਆ, ਦਹੀਂ ਆਦਿ ਮੁੱਖ ਹਨ ਅਤੇ ਇਨ੍ਹਾਂ ਵਿਚੋਂ ਨਕਲੀ ਪਨੀਰ ਵਿਚ ਮਿਲਾਵਟ ਜ਼ੋਰਾਂ 'ਤੇ ਹੈ ਅਤੇ ਸਿਹਤ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ, ਉਸ ਵੱਲੋਂ ਕੋਈ ਵੀ ਸ਼ਹਿਰ ਵਿਚ ਨਮੂਨੇ ਨਹੀਂ ਭਰੇ ਗਏ ਅਤੇ ਸ਼ਹਿਰ ਵਾਸੀ ਗੰਭੀਰ ਬਿਮਾਰੀਆਂ ਜਿਨ੍ਹਾਂ ਵਿੱਚ ਪੇਟ ਦੀਆਂ ਬਿਮਾਰੀਆਂ, ਕੈਂਸਰ, ਪੀਲੀਆ ਆਦਿ ਵਿਚ ਜਕੜੇ ਜਾ ਰਹੇ ਹਨ।

ਸ਼ਹਿਰ ਵਾਸੀਆਂ ਨੂੰ ਗੈਰ ਮਿਆਰੀ ਦੁੱਧ ਦੀਆਂ ਵਸਤੂਆਂ ਦੀ ਪਛਾਣ ਵਾਸਤੇ ਵਿਭਾਗ ਵੱਲੋਂ ਕੋਈ ਜਾਗਰੂਕ ਕੈਂਪ ਨਹੀਂ ਲਾਇਆ ਗਿਆ। ਸ਼ਹਿਰ ਵਾਸੀ ਆਪਣੀ ਚੰਗੀ ਸਿਹਤ ਲਈ ਲਈ ਪਨੀਰ ਦੀ ਵਰਤੋਂ ਕਰ ਰਹੇ ਹਨ, ਪ੍ਰੰਤੂ ਪਨੀਰ ਵਿਚ ਵੱਡੇ ਪੱਧਰ 'ਤੇ ਮਿਲਾਵਟ ਹੋ ਰਹੀ ਹੈ ਅਤੇ ਇਹ ਇਸ ਲਈ ਵੀ ਹੋ ਰਿਹਾ ਹੈ, ਕਿਉਂਕਿ ਆਮ ਵਿਅਕਤੀ ਕੋਲ ਨਕਲੀ ਪਨੀਰ ਦੀ ਪਛਾਣ ਕਰਨ ਲਈ ਕੋਈ ਮਸ਼ੀਨਰੀ ਜਾਂ ਜਾਣਕਾਰੀ ਨਹੀਂ ਹੈ, ਪ੍ਰੰਤੂ ਫ਼ਿਰ ਵੀ ਕੁੱਝ ਤਰੀਕੇ ਹਨ, ਜਿਨ੍ਹਾਂ ਨਾਲ ਨਕਲੀ ਤੇ ਅਸਲੀ ਪਨੀਰ ਦੀ ਪਹਿਚਾਣ ਕੀਤੀ ਜਾ ਸਕਦੀ ਹੈ, ਜਿਸ ਵਿਚ ਪਨੀਰ ਦਾ ਇੱਕ ਛੋਟਾ ਟੁੱਕੜਾ ਹੱਥ ਵਿਚ ਲਿਆ ਜਾਵੇ ਅਤੇ ਉਸ ਨੂੰ ਮਸਲ ਕੇ ਦੇਖਿਆ ਜਾਵੇ ਅਤੇ ਜੇਕਰ ਪਨੀਰ ਟੁੱਟ ਕੇ ਖਿੱਲਰਣ ਲੱਗੇ ਤਾਂ ਉਹ ਪਨੀਰ ਨਕਲੀ ਹੈ, ਕਿਉਂਕਿ ਉਸ ਪਨੀਰ ਵਿਚ ਸਕਿਮਡ ਮਿਲਕ ਪਾਊਂਡਰ ਪਾਇਆ ਜਾਂਦਾ ਹੈ, ਜੋ ਜ਼ਿਆਦਾ ਦਬਾਅ ਸਹਿਣ ਨਹੀਂ ਕਰ ਸਕਦਾ। ਦੂਜਾ ਤਰੀਕਾ ਇਹ ਹੈ ਕਿ ਪਨੀਰ ਨੂੰ ਉਬਾਲਿਆ ਜਾਵੇ ਤੇ ਜਦੋਂ ਉਹ ਠੰਢਾ ਹੋ ਜਾਵੇ ਤਾਂ ਸੋਇਆਬੀਨ ਜਾਂ ਅਰਹਰ ਦੀ ਦਾਲ ਦਾ ਪਾਊਂਡਰ ਪਨੀਰ 'ਤੇ ਪਾਇਆ ਜਾਵੇ ਅਤੇ ਜੇਕਰ 10 ਮਿੰਟ ਬਾਅਦ ਪਨੀਰ ਦਾ ਰੰਗ ਲਾਲ ਹੋ ਜਾਵੇ ਤਾਂ ਉਸ ਵਿਚ ਯੂਰੀਆ ਜਾਂ ਡਿਟਰਜੈਂਟ ਦੀ ਮਿਲਾਵਟ ਹੈ। ਇਸ ਤੋਂ ਇਲਾਵਾ ਪਨੀਰ 'ਤੇ ਆਇਓਡੀਨ ਟਿੰਚਰ ਦੀਆਂ ਕੁੱਝ ਬੂੰਦਾਂ ਪਾਈਆਂ ਜਾਣ ਅਤੇ ਜੇਕਰ ਪਨੀਰ ਦਾ ਰੰਗ ਗਹਿਰਾ ਨੀਲਾ ਜਾਂ ਕਾਲਾ ਹੋ ਜਾਵੇ ਤਾਂ ਪਨੀਰ ਮਿਲਾਵਟੀ ਹੈ ਅਤੇ ਇਸ ਵਿਚ ਸਟਾਰਚ ਦੀ ਮਾਤਰਾ ਜ਼ਿਆਦਾ ਹੈ। ਇਨ੍ਹਾਂ ਤਰੀਕਿਆਂ ਨਾਲ ਪਨੀਰ ਵਿਚ ਮਿਲਾਵਟ ਹੋਣ ਦਾ ਪਤਾ ਲਾਇਆ ਜਾ ਸਕਦਾ ਹੈ ਅਤੇ ਆਪਣੇ ਆਪ ਨੂੰ ਬਚਾਇਆ ਜਾ ਸਕਦਾ ਹੈ।

ਜਦੋਂ ਇਸ ਸਬੰਧੀ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਡੀ.ਐੱਚ.ਓ ਦੀਪਿੰਦਰ ਕੁਮਾਰ ਨਾਲ ਸੰਪਰਕ ਕੀਤਾ ਤਾਂ ਉਹ ਇਹ ਦੱਸਣ ਵਿਚ ਅਸਫ਼ਲ ਰਹੇ ਕਿ ਉਨ੍ਹਾਂ ਵੱਲੋਂ ਗਰਮੀਆਂ ਸ਼ੁਰੂ ਹੁੰਦਿਆਂ ਦੁੱਧ ਅਤੇ ਇਸ ਤੋਂ ਬਣੀਆਂ ਵਸਤੂਆਂ ਦੇ ਕਿੰਨੇ ਨਮੂਨੇ ਲਏ ਹਨ। ਜਦੋਂ ਉਨ੍ਹਾਂ ਨੂੰ ਉਨ੍ਹਾਂ ਦੀ ਜ਼ਿੰਮੇਵਾਰੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਉਲਟਾ ਜਵਾਬ ਦਿੱਤਾ ਕਿ ਤੁਸੀਂ ਦੱਸੋ ਅਸੀਂ ਉਸ ਜਗ੍ਹਾ ਤੋਂ ਨਮੂਨੇ ਲੈ ਲੈਣੇ ਹਾਂ। ਜ਼ਿਕਰਯੋਗ ਹੈ ਕਿ ਮਲੋਟ ਵਿਚ ਖੁੰਭਾਂ ਵਾਂਗ ਪੈਦਾ ਹੋਈਆਂ ਡੇਅਰੀਆਂ 'ਤੇ ਮਿਲਾਵਟੀ ਵਸਤੂਆਂ ਦੀ ਵਿਕਰੀ ਜ਼ੋਰਾਂ 'ਤੇ ਹੈ ਅਤੇ ਟੋਕਨਾਂ ਰਾਹੀਂ ਡੇਅਰੀਆਂ ਤੋਂ ਕੁਲੈਕਸ਼ਨ ਕਰਕੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਪੁਚਾਏ ਜਾਂਦੇ ਹਨ, ਜੋ ਆਪਣੇ ਦਫ਼ਤਰਾਂ ਵਿਚ ਬੈਠ ਕੇ ਹੀ ਡੇਅਰੀ ਮਾਲਕਾਂ ਨਾਲ ਤਾਲਮੇਲ ਕਰਕੇ ਮਨਮਰਜ਼ੀ ਦੇ ਨਮੂਨੇ ਭਰਦੇ ਹਨ ਅਤੇ ਆਪਣੀ ਕਾਗਜ਼ੀ ਕਾਰਵਾਈ ਪੂਰੀ ਕਰਦੇ ਹਨ। ਸ਼ਹਿਰ ਵਾਸੀਆਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਤੋਂ ਮੰਗ ਕੀਤੀ ਕਿ ਉਹ ਮਿਲਾਵਟੀ ਵਸਤੂਆਂ ਦੇ ਨਮੂਨੇ ਭਰਨ ਲਈ ਚੰਡੀਗੜ੍ਹ ਤੋਂ ਅਚਨਚੇਤੀ ਟੀਮਾਂ ਭੇਜਣ ਅਤੇ ਜ਼ਿਲ੍ਹਾ ਪੱਧਰ 'ਤੇ ਬੈਠੇ ਕੁਰੱਪਟ ਅਧਿਕਾਰੀਆਂ ਨੂੰ ਤੁਰੰਤ ਤਬਦੀਲ ਕਰਕੇ ਦੂਰ ਦੁਰਾਡੇ ਭੇਜਿਆ ਜਾਵੇ ਤਾਂ ਜੁ ਸ਼ਹਿਰ ਵਾਸੀਆਂ ਦੀ ਸਿਹਤ ਨਾਲ ਹੋ ਰਹੇ ਖਿਲਵਾੜ ਨੂੰ ਰੋਕਿਆ ਜਾ ਸਕੇ ਤੇ ਅਫ਼ਸਰਸ਼ਾਹੀ ਵੱਲੋਂ ਸਰਕਾਰ ਦੀ ਕੀਤੀ ਜਾ ਰਹੀ ਬਦਨਾਮੀ ਨੂੰ ਨੱਥ ਪਾਈ ਜਾ ਸਕੇ।

# ਯੂਥ ਕਾਂਗਰਸ ਦੇ ਨੌਜਵਾਨਾਂ ਦੀ ਮਿਹਨਤ ਤੇ ਲੋਕਾਂ ਦੇ ਸਾਥ ਸਦਕਾ ਦਿਸਿਆ ਨਵਾਂ ਬਦਲਾਅ



ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ) ਲੋਕ ਸਭਾ ਚੋਣਾਂ ਦੀ ਤਰੀਕ ਦਾ ਐਲਾਨ ਹੋਣ ਅਤੇ ਸਾਬਕਾ ਸੰਸਦ ਸ਼ੇਰ ਸਿੰਘ ਘੁਬਾਇਆ ਨੂੰ ਕਾਂਗਰਸ ਹਾਈਕਮਾਂਡ ਤੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਸੌਂਪੀ ਗਈ ਜ਼ਿੰਮੇਵਾਰੀ ਉਪਰੰਤ ਸ੍ਰੀ ਮੁਕਤਸਰ ਸਾਹਿਬ ਦੇ ਕਾਂਗਰਸੀ ਵਰਕਰਾਂ ਤੇ ਅਹੁਦੇਦਾਰਾਂ ਨੇ ਉਦੋਂ ਤੋਂ ਹੀ ਜਿੱਤ ਦਾ ਟੀਚਾ ਰੱਖ ਕੇ ਲੋਕਾਂ ਨਾਲ ਰਾਬਤਾ ਕਾਇਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਸੂਤਰਾਂ ਮੁਤਾਬਕ ਭਾਵੇਂ ਕਾਂਗਰਸ ਪਾਰਟੀ ਤੋਂ ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਪ੍ਰਧਾਨ ਸਮੇਤ ਦਿੱਗਜ਼ ਆਗੂ ਸ਼ੇਰ ਸਿੰਘ ਘੁਬਾਇਆ ਦੇ ਹੱਕ 'ਚ ਚੋਣ ਪ੍ਰਚਾਰ ਕਰਨ 'ਚ ਥੋੜ੍ਹੇ ਕਮਜ਼ੋਰ ਨਜ਼ਰ ਆਏ, ਪਰ ਨੌਜਵਾਨ, ਇਮਾਨਦਾਰ ਤੇ ਮਿਹਨਤੀ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਿਮਰਜੀਤ ਸਿੰਘ ਭੀਨਾਂ ਬਰਾੜ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਅੱਤ ਦੀ ਗ਼ਰਮੀ ਤੇ ਵਧਦੇ ਹੋਏ ਤਾਪਮਾਨ ਦੀ ਪਰਵਾਹ ਕੀਤੇ ਬਿਨਾਂ ਸ਼ੇਰ ਸਿੰਘ ਘੁਬਾਇਆ ਅਤੇ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਨੂੰ ਲੋਕਾਂ ਤੱਕ ਪੁਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ, ਜਿਸ ਦਾ ਨਤੀਜਾ 4 ਜੂਨ ਨੂੰ ਦੇਖਣ ਨੂੰ ਮਿਲਿਆ, ਜਿਸ ਵਿੱਚ ਸ਼ੇਰ ਸਿੰਘ ਘੁਬਾਇਆ ਨੂੰ ਸ੍ਰੀ ਮੁਕਤਸਰ ਸਾਹਿਬ ਤੋਂ 18891 ਵੋਟਾਂ ਕਾਂਗਰਸ ਦੀ ਝੋਲੀ 'ਚ ਪਈਆਂ।

ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪੁਚਾਉਣ ਲਈ ਦਿਨ-ਰਾਤ ਇੱਕ ਕਰਨ ਵਾਲੇ ਸਿਮਰਜੀਤ ਸਿੰਘ ਭੀਨਾ ਬਰਾੜ ਦੀ ਟੀਮ 'ਚ ਉਨ੍ਹਾਂ ਦੇ ਮੋਢੇ ਨਾਲ ਮੋਢਾ ਲਾ ਕੇ ਚੱਲਣ ਵਾਲੇ ਬਲਾਕ ਪ੍ਰਧਾਨ ਸ਼ਰਨਜੀਤ ਸਿੰਘ ਸੰਧੂ, ਗੁਰਵੀਰ ਸਿੰਘ ਕਾਕੂ ਸੀਰਵਾਲੀ, ਮਹਿਲਾ ਕਾਂਗਰਸੀ ਪ੍ਰਧਾਨ ਨਵਦੀਪ ਕੌਰ, ਜਸਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਕੋਟਲੀ, ਭਿੰਦਰ ਸ਼ਰਮਾ ਜਿਹੇ ਹੋਰ ਮਿਹਨਤੀ ਵਰਕਰਾਂ ਸਦਕਾ ਸ੍ਰੀ ਮੁਕਤਸਰ ਸਾਹਿਬ ਤੋਂ ਸ਼ੇਰ ਸਿੰਘ ਘੁਬਾਇਆ ਨੂੰ ਵੱਡੇ ਫ਼ਰਕ ਨਾਲ ਜਿਤਾ ਕੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਹੱਥ ਮਜ਼ਬੂਤ ਕਰਦਿਆਂ 2027 'ਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਰਸਤਾ ਪੱਧਰਾ ਕਰ ਦਿੱਤਾ।

## ਕੀ ਕਹਿੰਦੇ ਹਨ 2022 ਦੇ ਅੰਕੜੇ

ਸ੍ਰੀ ਮੁਕਤਸਰ ਸਾਹਿਬ 'ਚ ਜੇਕਰ 2022 ਦੇ ਅੰਕੜਿਆਂ ਦੀ ਗੱਲ ਕਰੀਏ ਤਾਂ ਉਸ ਸਮੇਂ ਆਮ ਆਦਮੀ ਪਾਰਟੀ ਨੂੰ 75000, ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ 42000, ਕਾਂਗਰਸ 13000 ਤੇ ਭਾਰਤੀ ਜਨਤਾ ਪਾਰਟੀ ਨੂੰ 10000 ਵੋਟਾਂ ਪਈਆਂ ਸਨ, ਪਰ ਇਸ ਵਾਰ ਕਾਂਗਰਸ ਪਾਰਟੀ ਦੇ ਨੌਜਵਾਨਾਂ ਵੱਲੋਂ ਕੀਤੀ ਗਈ ਸਖ਼ਤ ਮਿਹਨਤ ਤੇ ਲੋਕਾਂ ਦੇ ਪਿਆਰ ਸਦਕਾ ਸ੍ਰੀ ਮੁਕਤਸਰ ਸਾਹਿਬ 'ਚੋਂ 18891 ਵੋਟਾਂ ਕਾਂਗਰਸ ਦੀ ਝੋਲੀ ਪਈਆਂ।

# ਰਾਸ਼ਟਰੀ ਬਾਲ ਪੁਰਸਕਾਰ ਲਈ ਆਨਲਾਈਨ ਰਜਿਸਟ੍ਰੇਸ਼ਨ 31 ਜੁਲਾਈ ਤੱਕ

ਫ਼ਾਜ਼ਿਲਕਾ, (ਪੱਤਰ ਪ੍ਰੇਰਕ)-ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਆਨਲਾਇਨ ਰਜਿਸਟ੍ਰੇਸ਼ਨ ਕਰਨ ਦੀ ਅੰਤਮ ਮਿਤੀ 31 ਜੁਲਾਈ ਤੱਕ ਹੈ।ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਨੇ ਦੱਸਿਆ ਕਿ ਜੋ ਬੱਚੇ ਭਾਰਤ ਦੇ ਨਾਗਰਿਕ ਹਨ ਤੇ ਅਰਜ਼ੀ ਦੇਣ ਦੀ ਅੰਤਮ ਮਿਤੀ ਤੱਕ 18 ਸਾਲ ਤੋਂ ਘੱਟ ਉਮਰ ਦੇ ਹਨ, ਮੰਗੀ ਗਈ ਯੋਗਤਾ ਵਾਲੇ ਬੱਚੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਵੈੱਬਸਾਇਟ https://awards.gov.in 'ਤੇ ਆਨਲਾਇਨ ਅਪਲਾਈ ਕਰ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਾਸ਼ਟਰੀ ਬਾਲ ਪੁਰਸਕਾਰ ਵਿੱਚ ਇੱਕ ਮੈਡਲ ਹੁੰਦਾ ਹੈ, ਜੋ ਕਿ ਮਾਨਯੋਗ ਪ੍ਰਧਾਨ ਮੰਤਰੀ ਵੱਲੋਂ ਦਿੱਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਹਰ ਸਾਲ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਬੱਚਿਆਂ ਨੇ ਅਸਧਾਰਨ ਬਹਾਦਰੀ ਦਾ ਕੰਮ ਕੀਤਾ ਹੋਵੇ। ਸਪੈਸ਼ਲ ਬੱਚੇ, ਜਿਨ੍ਹਾਂ ਵਿੱਚ ਅਸਧਾਰਨ ਯੋਗਤਾਵਾਂ ਨਾਲ ਵਿਸ਼ੇਸ਼ ਅਸਧਾਰਨ ਉਪਲਬਧੀ ਹਾਸਲ ਕੀਤੀ ਹੋਵੇ, ਉਹ ਅਸਧਾਰਨ ਬੱਚੇ ਜਿਨ੍ਹਾਂ ਨੇ ਖੇਡਾਂ ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ, ਕਲਾ ਤੇ ਸੱਭਿਆਚਾਰ ਅਤੇ ਨਵੀਨਤਾ ਦੇ ਖੇਤਰਾਂ ਵਿੱਚ ਜੋ ਕਿ ਰਾਸ਼ਟਰੀ ਪੱਧਰ 'ਤੇ ਮਾਨਤਾ ਦੇ ਹੱਕਦਾਰ ਹਨ।

ਡਿਪਟੀ ਕਮਿਸ਼ਨਰ ਨੇ ਅਪੀਲ ਕੀਤੀ ਹੈ ਕਿ ਇਹ ਪੁਰਸਕਾਰ ਪਹਿਲਾ ਰਾਸ਼ਟਰੀ ਪੁਰਸਕਾਰ ਹੈ, ਇਸ ਲਈ ਜ਼ਿਲ੍ਹੇ ਦੇ ਅਜਿਹੇ ਬੱਚਿਆਂ ਦੀ ਰਜਿਸਟ੍ਰੇਸ਼ਨ ਕਰਵਾਈ ਜਾਵੇ ਤਾਂ ਜੁ ਇਨ੍ਹਾਂ ਬੱਚਿਆਂ ਨੂੰ ਇੱਕ ਵੱਖਰੀ ਪਛਾਣ ਮਿਲ ਸਕੇ।

## ਕਾਤਰਾਂ

### ਵਿਰਾਸਤ-ਏ-ਜਲਾਲਾਬਾਦ ਪਾਰਕ (ਬਾਗ ਕਲੋਨੀ) 'ਚ ਬੂਟੇ ਲਾਏ

ਜਲਾਲਾਬਾਦ, (ਜੀਤ ਕੁਮਾਰ) ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ 'ਦਾ ਹੈਪੀ ਕਿਡਸ' ਸਮਰ ਕੈਂਪ ਦੀ ਸੰਚਾਲਕ ਸ਼੍ਰੀਮਤੀ ਸੋਨੀਆ ਵੱਲੋਂ ਛੋਟੇ-ਛੋਟੇ ਬੱਚਿਆਂ ਕੋਲੋਂ ਵਿਰਾਸਤ-ਏ-ਜਲਾਲਾਬਾਦ ਪਾਰਕ (ਬਾਗ ਕਲੋਨੀ) ਵਿੱਚ ਵੱਖ-ਵੱਖ ਤਰ੍ਹਾਂ ਦੇ ਬੂਟੇ ਲਾਏ ਗਏ ਅਤੇ ਬੱਚਿਆਂ ਨੂੰ ਬੂਟਿਆਂ ਦੀ ਸਾਂਭ-ਸੰਭਾਲ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਈਕੋ ਸੇਵਰ ਕਲੱਬ ਦੇ ਮੈਂਬਰ ਪ੍ਰਦੀਪ ਕੁਮਾਰ ਲੱਕੀ, ਗੌਰਵ ਡੂਮੜਾ ਤੇ ਸਟੇਟ ਐਵਾਰਡੀ ਪਰਭਦੀਪ ਸਿੰਘ ਗੁੰਬਰ ਨੇ ਬੱਚਿਆਂ ਨੂੰ ਬੂਟੇ ਲਗਾਉਣ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ ਅਤੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਲਈ ਹਰੇਕ ਵਿਅਕਤੀ ਨੂੰ ਆਪਣੇ ਆਲੇ-ਦੁਆਲੇ ਵੱਧ ਤੋਂ ਵੱਧ ਪੌਦੇ ਲਾਉਣ ਦਾ ਸੁਨੇਹ ਦਿੱਤਾ। ਇਸ ਮੌਕੇ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਾਲੇ ਬੱਚਿਆਂ ਵੱਲੋਂ ਸਲੋਗਨ ਤੇ ਚਾਰਟ ਤਿਆਰ ਕੀਤੇ ਗਏ।

### ਸੁਰਜੀਤ ਪਾਤਰ ਦੀ ਯਾਦ 'ਚ ਸਨਮਾਨ ਸਮਾਰੋਹ 9 ਨੂੰ

ਚੀਮਾ ਮੰਡੀ (ਰਵਿੰਦਰ ਚੀਮਾ) ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸੁਨਾਮ ਦੀ ਮੀਟਿੰਗ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਦੀ ਅਗਵਾਈ ਹੇਠ ਹੋਈ। ਆਗੂਆਂ ਨੇ ਕਿਹਾ ਕਿ ਲੋਕ ਕਵੀ ਸੁਰਜੀਤ ਪਾਤਰ ਦਾ ਸਨਮਾਨ ਸਮਾਰੋਹ ਬਰਨਾਲਾ ਦੀ ਅਨਾਜ ਮੰਡੀ ਵਿੱਚ 9 ਜੂਨ ਨੂੰ ਪੂਰੀ ਧੂਮਧਾਮ ਮਨਾਇਆ ਜਾਵੇਗਾ। ਆਗੂਆਂ ਨੇ ਕਿਹਾ ਕਿ ਸਰਜੀਤ ਪਾਤਰ ਨੇ ਸਾਰੀ ਜ਼ਿੰਦਗੀ ਕਿਰਤੀ ਲੋਕਾਂ ਦੀ ਬਾਤ ਪਾਈ, ਚਾਹੇ ਉਹ ਲੋਕ ਕਵਿਤਾਵਾਂ ਹੋਣ, ਚਾਹੇ ਲੋਕ ਪੱਖੀ ਲੇਖ ਹੋਣ, ਭਾਵ ਸਰਜੀਤ ਪਾਤਰ ਨੇ ਆਪਣੀ ਜ਼ਿੰਦਗੀ ਕਿਰਤੀ ਲੋਕਾਂ ਦੇ ਲੇਖੇ ਲਾ ਦਿੱਤੀ। ਸੁਰਜੀਤ ਪਾਤਰ ਨੂੰ ਭਾਰਤ ਸਰਕਾਰ ਵੱਲੋਂ ਪਦਮ ਸ੍ਰੀ ਐਵਾਰਡ ਨਾਲ ਵੀ ਸਨਮਾਨਤ ਕੀਤਾ, ਪਰ ਫਿਰ ਉਨ੍ਹਾਂ ਹਮੇਸ਼ਾ ਕਿਰਤੀ ਲੋਕਾਂ ਦੀ ਗੱਲ ਕੀਤੀ ਇਸ ਲਈ ਕਿਰਤੀ ਲੋਕ 9-6-24 ਬਰਨਾਲਾ ਦੀ ਦਾਣਾ ਮੰਡੀ ਵਿੱਚ ਸਨਮਾਨ ਸਮਾਰੋਹ ਤੇ ਸ਼ਰਧਾਂਜਲੀ ਭੇਟ ਕਰਨਗੇ।

### ਕੇਂਦਰੀ ਜੇਲ੍ਹ 'ਚੋਂ 2 ਮੋਬਾਈਲ ਫੋਨ ਬਰਾਮਦ, ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ ਦੋ ਮੋਬਾਇਲ ਫੋਨ ਬਰਾਮਦ ਹੋਏ ਹਨ। ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ 2 ਹਵਾਲਾਤੀਆਂ ਖਿਲਾਫ਼ 52-ਏ ਪਰੀਸਿੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 5525 ਰਾਹੀਂ ਜਸਵੀਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਨੇ ਦੱਸਿਆ ਕਿ 3 ਜੂਨ 2024 ਨੂੰ ਕਰੀਬ 4.20 ਪੀਐੱਮ 'ਤੇ ਉਹ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਵਿਚ ਸਮੇਤ ਸਾਥੀ ਕਰਮਚਾਰੀਆਂ ਦੇ ਪੁਰਾਣੀ ਬੈਰਕ ਨੰਬਰ 11 ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਬਲਜਿੰਦਰ ਸਿੰਘ ਉਰਫ਼ ਬੁਲਟ ਪੁੱਤਰ ਵਿਕਰਮਜੀਤ ਸਿੰਘ ਉਰਫ਼ ਬਿਕਰਮਜੀਤ ਸਿੰਘ ਉਰਫ ਬਿੱਕਰ ਬਸਤੀ ਖਲੀਲ ਵਾਲੀ ਦਾਖਲੀ ਮੱਲਵਾਲ ਕਦੀਮ ਕੋਲੋਂ 1 ਮੋਬਾਇਲ ਫੋਨ ਨੋਕੀਆ ਕੀਪੈਡ ਸਮੇਤ ਸਿੰਮ ਕਾਰਡ ਵੀਆਈ ਬਰਾਮਦ ਹੋਇਆ। ਜਾਂਚਕਰਤਾ ਨੇ ਦੱਸਿਆ ਕਿ ਇਕ ਹੋਰ ਪੱਤਰ ਨੰਬਰ 5550 ਰਾਹੀਂ ਸਰਬਜੀਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 4 ਜੂਨ ਨੂੰ ਕਰੀਬ 11 ਏਐੱਮ 'ਤੇ ਉਹ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਵਿੱਚ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਵੀਂ ਬੈਰਕ ਨੰਬਰ 4 ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਸ਼ਿੰਦਰਪਾਲ ਸਿੰਘ ਉਰਫ਼ ਸ਼ਿੰਦਾ ਕੋਲੋਂ 1 ਮੋਬਾਇਲ ਫੋਨ ਲਾਵਾ ਕੀਪੈਡ ਸਮੇਤ ਬੈਟਰੀ ਤੇ ਬਿਨਾਂ ਸਿੰਮ ਕਾਰਡ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਵਿਸ਼ਵ ਵਾਤਾਵਰਣ ਦਿਵਸ ਮੌਕੇ ਰੁੱਖ ਲਾਉਣ ਦਾ ਲਿਆ ਸੰਕਲਪ



ਸਮਰਾਲਾ, (ਸੁਰਜੀਤ ਸਿੰਘ) ਸਿਵਲ ਸਰਜਨ ਲੁਧਿਆਣਾ ਡਾ. ਜਸਬੀਰ ਸਿੰਘ ਔਲਖ ਜੀ ਦੀਆਂ ਹਦਾਇਤਾਂ ਤੇ ਡਾਕਟਰ ਤਾਰਕਜੋਤ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਦੀ ਅਗਵਾਈ ਵਿੱਚ ਵਣ ਰੇਂਜ ਵਿਭਾਗ ਦੇ ਸਹਿਯੋਗ ਨਾਲ ਸਿਵਲ ਹਸਪਤਾਲ ਵਿਖੇ ਵਿਸ਼ਵ ਵਾਤਾਵਰਣ ਦਿਵਸ ਸਬੰਧੀ ਜਾਗਰੂਕਤਾ ਕੈਂਪ ਲਾਇਆ ਗਿਆ।ਇਸ ਸਮੇਂ ਰੁੱਖ ਲਾਉਣ ਦੇ ਨਾਲ-ਨਾਲ ਹੋਰ ਰੁੱਖ ਲਾਉਣ ਦਾ ਸੰਕਲਪ ਵੀ ਲਿਆ ਗਿਆ।ਐਸ.ਐਮ.ਓ ਡਾਕਟਰ ਤਾਰਕਜੋਤ ਸਿੰਘ ਨੇ ਕਿਹਾ ਕੇ ਗਰਮੀ ਵੱਧਣ ਦਾ ਇੱਕ ਕਾਰਨ ਰੁੱਖਾ ਦੀ ਕਟਾਈ ਵੀ ਹੈ। ਹਰ ਇਨਸਾਨ ਨੂੰ ਹਰ ਸਾਲ ਵਿੱਚ ਘੱਟੋਂ-ਘੱਟ ਇੱਕ ਰੁੱਖ ਜਰੂਰ ਲਾਉਣਾ ਚਾਹੀਦਾ ਹੈ। ਇਸਤੋਂ ਇਲਾਵਾ ਕੁਦਰਤੀ ਸੋਮੇ ਜਿਵੇਂ ਵਾਤਾਵਰਣ, ਪਾਣੀ ਆਦਿ ਦੀ ਦੇਖਭਾਲ ਕਰਨੀ ਚਾਹੀਦੀ ਹੈ। ਵੱਡੇ ਪੱਧਰ 'ਤੇ ਰੁੱਖਾਂ ਦੀ ਕਟਾਈ ਅਤੇ ਵਧਦੇ ਵਹੀਕਲਾਂ ਦੀ ਗਿਣਤੀ ਨੇ ਵਾਤਾਵਰਣ ਨੂੰ ਦੂਸ਼ਿਤ ਕਰ ਦਿੱਤਾ ਹੈ।ਇਸ ਲਈ ਜ਼ਰੂਰੀ ਹੈ ਨਾ ਸਿਰਫ਼ ਰੁੱਖਾਂ ਨੂੰ ਬਚਾਇਆ ਜਾਵੇ, ਸਗੋਂ ਨਵੇਂ ਰੁੱਖ ਲਾ ਕੇ ਉਨ੍ਹਾਂ ਨੂੰ ਪਾਲਿਆ ਜਾਵੇ। ਅੱਜ ਦੇ ਸਮੇਂ ਪਲਾਸਟਿਕ ਦੀ ਵਰਤੋਂ ਕਾਫੀ ਵੱਧ ਚੁੱਕੀ ਹੈ।ਇਹ ਪਲਾਸਟਿਕ ਵਾਤਾਵਰਣ ਦੇ ਨਾਲ ਨਾਲ ਝੀਲਾਂ, ਨਦੀਆਂ ਤੇ ਸਮੁੰਦਰਾਂ ਵਿੱਚ ਰਲ ਕੇ ਪਾਣੀ ਦੇ ਸਰੋਤਾਂ ਨੂੰ ਗੰਧਲਾ ਕੀਤਾ ਜਾਂਦਾ ਹੈ।ਜੇਕਰ ਪਲਾਸਟਿਕ ਨੂੰ ਸਾੜਿਆ ਜਾ ਦੱਬਿਆ ਜਾਂਦਾ ਹੈ ਤਾਂ ਇਹ ਮਨੁੱਖੀ ਸਿਹਤ ਤੇ ਜੈਵ ਵਿਭਿੰਨਤਾ ਨੂੰ ਪ੍ਰਭਾਵਿਤ ਕਰਦਾ ਹੈ।ਇਸ ਦੀ ਵਰਤੋਂ ਘੱਟ ਤੋ ਘੱਟ ਕਰਨੀ ਚਾਹੀਦੀ ਹੈ।ਸਾਨੂੰ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਵਰਤੋਂ ਨਾ ਕਰਕੇ ਕੱਪੜੇ ਦੇ ਬਣੇ ਹੋਏ ਥੈਲਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੁ ਪ੍ਰਦੂਸ਼ਣ ਘੱਟ ਤੋਂ ਘੱਟ ਹੋਵੇ।ਇਸ ਮੌਕੇ ਸਿਵਲ ਹਸਪਤਾਲ ਦਾ ਸਮੂਹ ਸਟਾਫ਼ ਤੇ ਵਣ ਰੇਂਜ ਵਿਭਾਗ ਦਾ ਸਟਾਫ਼ ਹਾਜ਼ਰ ਸਨ।

### ਲੋੜੋਂ ਵੱਧ ਭਰੋਸਾ ਤੇ ਖ਼ਫ਼ਾ ਆਗੂ ਬਣੇ
# ਕਰਮਜੀਤ ਅਨਮੋਲ ਦੀ ਹਾਰ ਦਾ ਮੁੱਖ ਕਾਰਨ



ਭਗਤਾ ਭਾਈ ਕਾ (ਰਾਜੀਵ ਗੋਇਲ) ਭਾਵੇਂ ਸੂਬੇ ਭਰ ਵਿੱਚ ਆਮ ਆਦਮੀ ਪਾਰਟੀ ਦਾ ਪ੍ਰਦਰਸ਼ਨ ਕੋਈ ਜ਼ਿਆਦਾ ਵਧੀਆ ਨਹੀਂ ਰਿਹਾ, ਪਰ ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਆਪ ਦੇ ਉਮੀਦਵਾਰ ਕਰਮਜੀਤ ਅਨਮੋਲ ਜਿੱਤ ਦੇ ਦਰਵਾਜ਼ੇ ਵੱਲ ਵਧਦੇ-ਵਧਦੇ ਅਖੀਰ ਹਾਰ ਤੱਕ ਕਿਵੇਂ ਚਲੇ ਗਏ? ਵੋਟਾਂ ਤੋਂ ਕੁਝ ਦਿਨ ਪਹਿਲਾਂ ਭਾਵ ਸਰਬਜੀਤ ਖਾਲਸਾ ਦੇ ਮੈਦਾਨ ਵਿੱਚ ਉਤਰਨ ਤੋਂ ਪਹਿਲਾਂ ਚਰਚਾ ਸੀ ਕਿ ਲੋਕ ਸਭਾ ਹਲਕਾ ਫ਼ਰੀਦਕੋਟ ਦੀ ਸੀਟ ਆਮ ਆਦਮੀ ਪਾਰਟੀ ਦੀ ਝੋਲੀ ਪਵੇਗੀ ਭਾਵ ਕਰਮਜੀਤ ਅਨਮੋਲ ਦੀ ਜਿੱਤ ਹੋਵੇਗੀ। ਇਸਦਾ ਮੁੱਖ ਕਾਰਨ ਇਹ ਵੀ ਸੀ ਕਿ ਪੁਰਾਣੇ ਸਮਿਆਂ ਵਿੱਚ ਪਾਰਟੀ ਨੂੰ ਪੈਰਾਂ 'ਤੇ ਖੜਾ ਕਰਨ ਵਾਲੇ ਪੁਰਾਣੇ ਆਗੂ ਭਾਵੇਂ ਹੀ ਅੱਖੋਂ ਪਰੋਖੇ ਕਰ ਦਿੱਤੇ ਗਏ ਸਨ, ਪਰ ਹੋਰ ਬਦਲ ਨਾ ਹੋਣ ਕਾਰਨ ਉਹ ਕਰਮਜੀਤ ਅਨਮੋਲ ਦੀ ਮੱਦਦ ਕਰਦੇ ਰਹੇ, ਪਰ ਜਿਉਂ ਹੀ ਇਨ੍ਹਾਂ ਚੋਣਾਂ ਦੇ ਮੈਦਾਨ ਵਿੱਚ ਸਰਬਜੀਤ ਸਿੰਘ ਖਾਲਸਾ ਦੀ ਐਂਟਰੀ ਹੁੰਦੀ ਹੈ, ਆਮ ਆਦਮੀ ਪਾਰਟੀ ਨਾਲ ਅੰਦਰੂਨੀ ਤੌਰ 'ਤੇ ਮੁੱਖ ਮੋੜੀ ਬੈਠੇ ਆਗੂ ਖਾਲਸਾ ਦੇ ਹੱਕ ਵਿੱਚ ਪ੍ਰਚਾਰ ਕਰਨ ਵਿੱਚ ਜੁਟ ਜਾਂਦੇ ਹਨ।

ਅਨਮੋਲ ਦੀ ਹਾਰ ਦਾ ਦੂਜਾ ਕਾਰਨ ਲੋੜ ਤੋਂ ਜ਼ਿਆਦਾ ਜਿੱਤ ਦਾ ਵਿਸ਼ਵਾਸ ਸੀ, ਜਿਸ ਕਾਰਨ ਆਪ ਉਮੀਦਵਾਰ ਦਾ ਥੋੜ੍ਹਾ ਆਮ ਲੋਕਾਂ ਪ੍ਰਤੀ ਸੁਭਾਅ ਵੀ ਬਦਲ ਗਿਆ ਸੀ। ਦੱਸਣਾ ਬਣਦਾ ਹੈ ਕਿ ਕੁਝ ਦਿਨ ਪਹਿਲਾਂ ਸ਼ੋਸਲ ਮੀਡਿਆ 'ਤੇ ਲਾਈਵ ਹੋ ਕੇ ਆਪ ਦੇ ਪੁਰਾਣੇ ਆਗੂ ਨਛੱਤਰ ਸਿੰਘ ਸਿੱਧੂ ਵੱਲੋਂ ਜਿੱਥੇ 'ਆਪ' ਹਾਈਕਮਾਨ ਨੂੰ ਹਲਕਾ ਰਾਮਪੁਰਾ ਫੂਲ ਦੀ ਅੰਦਰੂਨੀ ਜਾਂਚ ਦੀ ਮੰਗ ਕੀਤੀ ਗਈ ਸੀ, ਉੱਥੇ ਹੀ ਉਨ੍ਹਾਂ ਵੱਲੋਂ ਇਨ੍ਹਾਂ ਚੋਣਾਂ ਵਿੱਚ ਨੁਕਸਾਨ ਹੋਣ ਦਾ ਖਦਸ਼ਾ ਵੀ ਜਤਾਇਆ ਗਿਆ ਸੀ।

# ਮੀਤ ਹੇਅਰ ਦੀ ਜਿੱਤ ਦੀ ਖ਼ੁਸ਼ੀ 'ਚ ਲੱਡੂ ਵੰਡੇ



ਸੰਗਰੂਰ (ਪ੍ਰਵੀਨ ਸਿੰਘ) -ਪਿੰਡ ਤੁੰਗਾਂ ਵਿਖੇ ਲੋਕ ਸਭਾ ਚੋਣਾਂ ਦੇ ਆਏ ਨਤੀਜਿਆਂ 'ਚ ਸੰਗਰੂਰ ਤੋਂ ਆਮ ਆਦਮੀ ਪਾਰਟੀ ਤੇ ਇੰਡੀਆ ਗਠਜੋੜ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਦੇ ਜਿੱਤਣ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ।ਸਰਪੰਚ ਜਗਪਾਲ ਸਿੰਘ ਤੇ ਆਪ ਆਗੂ ਸਤਿਗੁਰ ਸਿੰਘ ਨੇ ਦੱਸਿਆ ਕਿ ਬਾਈ ਮੀਤ ਹੇਅਰ ਨੇ ਡੇਢ ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਇਹ ਚੋਣ ਜਿੱਤੀ ਹੈ, ਉਨ੍ਹਾਂ ਨੇ ਇਹ ਚੋਣ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ ਹਰਾ ਕੇ ਜਿੱਤੀ ਹੈ।ਉਨ੍ਹਾਂ ਕਿਹਾ ਕਿ ਸੰਗਰੂਰ ਹਲਕੇ ਦੇ ਲੋਕਾਂ ਨੇ ਆਪ ਉਮੀਦਵਾਰ ਨੂੰ ਭਾਰੀ ਸਮਰਥਨ ਦਿੱਤਾ ਹੈ, ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ ਭਾਵੇਂ ਨਤੀਜੇ ਆਮ ਆਦਮੀ ਪਾਰਟੀ ਦੀ ਉਮੀਦ ਅਨੁਸਾਰ ਨਹੀਂ ਆਏ, ਪਰ ਸੰਗਰੂਰ ਦੇ ਲੋਕਾਂ ਨੇ ਦੱਸ ਦਿੱਤਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਕੰਮਾਂ ਤੋਂ ਸੰਤੁਸ਼ਟ ਹਨ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਪਿੰਡ ਦੇ ਰਹਿੰਦੇ ਵਿਕਾਸ ਕਾਰਜ ਤੇ ਅਧੂਰੇ ਪਏ ਕੰਮਾਂ ਨੂੰ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪਹਿਲ ਦੇ ਆਧਾਰ 'ਤੇ ਹੱਲ ਕਰਾਇਆ ਜਾਵੇਗਾ।

# ਵਿਸ਼ਵ ਵਾਤਾਵਰਣ ਦਿਵਸ ਮੌਕੇ ਪੌਦਾ ਲਾ ਕੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਦਾ ਸੁਨੇਹਾ

ਫ਼ਾਜ਼ਿਲਕਾ, (ਨਿਸ਼ਾ ਸ਼ਰਮਾ)-ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਪੌਦਾ ਲਾ ਕੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਦਾ ਸੁਨੇਹਾ ਦਿੱਤਾ।ਉਨ੍ਹਾਂ ਡੀ.ਸੀ.ਡੀ.ਏ.ਵੀ. ਸਕੂਲ ਵਿਖੇ ਪਹੁੰਚ ਕੇ ਬਚਿਆਂ ਨੂੰ ਸ਼ੁੱਧ ਵਾਤਾਵਰਣ ਨੂੰ ਕਾਇਮ ਕਰਨ ਵਿਚ ਆਪਣਾ ਯੋਗਦਾਨ ਪਾਉਣ ਲਈ ਕਿਹਾ।ਉਨ੍ਹਾਂ ਕਿਹਾ ਕਿ ਰੁੱਖ ਸਾਡੇ ਕੋਲੋਂ ਕੁਝ ਮੰਗਦੇ ਨਹੀਂ ਤੇ ਬਿਨਾਂ ਕਿਸੇ ਸਵਾਰਥ ਦੇ ਸਾਨੂੰ ਅਨੇਕਾਂ ਲਾਭ ਦਿੰਦੇ ਹਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਿਹਤਮੰਦ ਰਹਿਣ ਤੇ ਲੰਬੀ ਜ਼ਿੰਦਗੀ ਜਿਊਣ ਲਈ ਵਾਤਾਵਰਣ ਨੂੰ ਗੰਦਗੀ ਮੁਕਤ ਰੱਖਣਾ ਬਹੁਤ ਲਾਜ਼ਮੀ ਹੈ।ਉਨ੍ਹਾਂ ਕਿਹਾ ਕਿ ਇਹ ਵੱਧ ਤੋਂ ਵੱਧ ਬੂਟੇ ਲਗਾ ਕੇ ਹੀ ਸੰਭਵ ਹੋ ਸਕਦਾ ਹੈ।ਉਨ੍ਹਾਂ ਕਿਹਾ ਕਿ ਬੂਟੇ ਲਾਉਣ ਨਾਲ ਆਪਣਾ ਕਾਰਜ ਖਤਮ ਨਹੀਂ ਹੁੰਦਾ, ਸਗੋਂ ਇਸ ਦਾ ਪਾਲਣ-ਪੋਸ਼ਣ ਕਰਕੇ ਇਸ ਨੂੰ ਵੱਡਾ ਕਰਕੇ ਰੁੱਖ ਬਣਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਰੁੱਖ ਜਿਥੇ ਛਾਂ ਦਿੰਦੇ ਹਨ, ਉਥੇ ਰੁੱਖਾਂ ਦੇ ਅਨੇਕਾਂ ਫਾਇਦੇ ਹੁੰਦੇ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਰੁੱਖ ਲਾਉਣ ਨਾਲ ਗ਼ਰਮੀ ਦੀ ਤਪਸ਼ ਵੀ ਘੱਟ ਹੁੰਦੀ ਹੈ ਤੇ ਆਲਾ-ਦੁਆਲਾ ਠੰਡਾ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਰੁੱਖਾਂ ਦੀ ਮਹੱਤਤਾ ਨੂੰ ਸਮਝਦਿਆਂ ਹੋਇਆ ਵੱਧ ਤੋਂ ਵੱਧ ਵੱਖ-ਵੱਖ ਤਰ੍ਹਾਂ ਦੇ ਬੂਟੇ ਲਾਉਣੇ ਚਾਹੀਦੇ ਹਨ। ਇਸ ਮੌਕੇ ਸਿਨੇਮਾ ਤੇ ਟੀ.ਵੀ. ਕਲਾਕਾਰ ਰਜਿਤ ਕਪੂਰ ਨੇ ਵੀ ਵਾਤਾਵਰਣ ਬਚਾਉਣ ਦਾ ਸੰਦੇਸ਼ ਦਿੱਤਾ।ਜਿਕਰਯੋਗ ਹੈ ਕਿ ਰਜਿਤ ਕਪੂਰ ਨੇ ਮਹਾਤਮਾ ਗਾਂਧੀ ਦੇ ਜੀਵਨ ਤੇ ਬਣੀ ਫ਼ਿਲਮ ਦੀ ਮੇਕਿੰਗ ਆਫ ਮਹਾਤਮਾ ਵਿਚ ਮਹਾਤਮਾ ਗਾਂਧੀ ਦੀ ਭੂਮਿਕਾ ਨਿਭਾਈ ਸੀ, ਜਿਸ ਲਈ ਉਨ੍ਹਾਂ ਨੂੰ ਸ੍ਰੇਸ਼ਠ ਐਕਟਰ ਦਾ ਨੈਸ਼ਨਲ ਫ਼ਿਲਮ ਐਵਾਰਡ ਮਿਲਿਆ ਸੀ।ਇਸ ਤੋਂ ਬਿਨਾਂ ਉਨ੍ਹਾਂ ਨੇ ਹੋਰ ਵੀ ਕਈ ਟੀਵੀ ਸੀਰੀਅਲਾਂ ਤੇ ਫ਼ਿਲਮਾਂ ਵਿੱਚ ਕੰਮ ਕੀਤਾ ਹੈ।ਇਸ ਦੌਰਾਨ ਉਨ੍ਹਾਂ ਪੌਦਾ ਲਾਉਣ ਮੌਕੇ ਕਿਹਾ ਕਿ ਹਰ ਇਕ ਵਿਅਕਤੀ ਨੂੰ ਇੱਕ-ਇੱਕ ਜ਼ਰੂਰ ਬੂਟਾ ਲਾਉਣਾ ਚਾਹੀਦਾ ਤੇ ਇਸ ਦੀ ਸਾਂਭ-ਸੰਭਾਲ ਕਰਨ ਦਾ ਪ੍ਰਣ ਵੀ ਕਰਨਾ ਚਾਹੀਦਾ।ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਦਾ ਅਹਿਦ ਲੈਣਾ ਚਾਹੀਦਾ ਹੈ।

ਇਸ ਮੌਕੇ ਸਕੂਲੀ ਬਚਿਆਂ ਵੱਲੋਂ ਹੱਥ ਵਿਚ ਤਖਤੀਆਂ ਫੜ ਕੇ ਵਾਤਾਵਰਣ ਬਚਾਉਣ ਦੇ ਸੰਦੇਸ਼ਾਂ ਰਾਹੀਂ ਸਭਨਾਂ ਨੂੰ ਸੁਨੇਹਾ ਦਿੱਤਾ ਗਿਆ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 'ਚ ਅਹਿਮ ਵਿਚਾਰ-ਵਟਾਂਦਰਾ



ਜ਼ੀਰਾ (ਨਰਿੰਦਰ ਅਨੇਜਾ) -ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਡਾਕਟਰ ਹਰਭਜਨ ਕੰਬੋਜ ਦੀ ਯੋਗ ਅਗਵਾਈ ਹੇਠ ਚੱਲ ਰਹੀ ਜਥੇਬੰਦੀ ਦੀ ਇਕਾਈ ਜ਼ੀਰਾ ਦੀ ਮਹੀਨਾਵਾਰ ਇਕੱਤਰਤਾ ਜ਼ਿਲ੍ਹਾ ਕਮੇਟੀ ਮੈਂਬਰ ਆਤਮਾ ਸਿੰਘ ਦੀ ਰਹਿਨੁਮਾਈ, ਜ਼ੀਰਾ ਦੇ ਪ੍ਰਧਾਨ ਗੁਰਦਿੱਤ ਸਿੰਘ ਦੀ ਪ੍ਰਧਾਨਗੀ, ਸੀਨੀਅਰ ਆਗੂ ਮਨਪ੍ਰੀਤ ਸਿੰਘ ਤੇ ਲਵਲੀ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪ੍ਰੈਕਟੀਸ਼ਨਰਾਂ ਨੂੰ ਪ੍ਰੈਕਟਿਸ ਕਰਦੇ ਹੋਏ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਬੀਤੇ ਦਿਨ ਹੋਈਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪ੍ਰੈਕਟਿਸ ਕਰਨ ਦੇ ਅਧਿਕਾਰਾਂ ਦੀ ਸਰਕਾਰ ਕੋਲੋਂ ਮੰਗ ਕਰਦਿਆਂ ਪ੍ਰਧਾਨ ਗੁਰਦਿੱਤ ਸਿੰਘ, ਸੀਨੀਅਰ ਆਗੂ ਮਨਪ੍ਰੀਤ ਸਿੰਘ, ਲਵਲੀ ਸਿੰਘ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਸੋਢੀਵਾਲਾ ਤੇ ਕੈਸ਼ੀਅਰ ਗੁਰਪ੍ਰੀਤ ਸਿੰਘ ਸੋਢੀਵਾਲਾ ਆਦਿ ਬੁਲਾਰਿਆਂ ਨੇ ਮੀਟਿੰਗ ਵਿੱਚ ਬੋਲਦਿਆਂ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਦੇ ਸਲੱਮ ਏਰੀਆ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰਾਂ ਦੀ ਪੁਰਾਣੀ ਮੰਗ ਨੂੰ ਦੁਹਰਾਉਂਦਿਆਂ ਸਰਕਾਰ ਕੋਲੋਂ ਮੰਗ ਕੀਤੀ ਕਿ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਬੰਦ ਪਈ ਰਜਿਸਟ੍ਰੇਸ਼ਨ ਖੋਲ੍ਹੇ ਜਾਂ ਕੋਈ ਸ਼ਾਰਟ ਟਰਮ ਕੋਰਸ ਕਰਾ ਕੇ ਬੇਖੌਫ ਕੰਮ ਕਰਨ ਦਾ ਅਧਿਕਾਰ ਦੇਵੇ, ਕਿਉਂਕਿ ਪਿੰਡਾਂ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰ ਲੋਕਾਂ ਨੂੰ ਰਾਤ-ਦਿਨ ਨਕਦ ਉਧਾਰ ਲੋਕਾਂ ਦੀ ਸੇਵਾ ਕਰਦੇ ਹਨ ਤੇ ਸਰਕਾਰੀ ਹਸਪਤਾਲਾਂ ਵੱਲੋਂ ਉਲੀਕੇ ਗਏ ਜਾਗਰੂਕਤਾ ਕੈਂਪਾਂ ਵਿੱਚ ਪੂਰਾ ਸਹਿਯੋਗ ਕਰਦੇ ਹਨ, ਜਿਵੇਂ ਕਿ ਐਮ.ਆਰ ਦੇ ਟੀਕੇ, ਕੋਰੋਨਾ ਦੇ ਟੀਕੇ ਜਾਂ ਟੀ.ਬੀ ਦੇ ਇਲਾਜ ਲਈ ਲੋਕਾਂ ਨੂੰ ਜਾਗਰੂਕ ਕਰਦੇ ਹਨ।ਇਸ ਦੌਰਾਨ ਐੱਚ.ਆਈ.ਵੀ. ਹੋਣ ਦੇ ਕਾਰਨਾਂ (ਖ਼ਾਸਕਰ ਅਸੁਰੱਖਿਅਤ ਸੰਬੰਧਾਂ) ਬਾਰੇ ਦੱਸਦਿਆਂ ਮੈਡਮ ਨਵਜੋਤ ਕੌਰ ਨੇ ਬਚਾਅ ਬਾਰੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ।ਨਾਲ ਹੀ ਵਾਤਵਰਣ ਵਰਗੇ ਸੰਵੇਦਨਸ਼ੀਲ ਮੁੱਦੇ 'ਤੇ ਬੋਲਦਿਆਂ ਵਾਤਾਵਰਣ 'ਚ ਆਏ ਵਿਗਾੜ ਬਾਰੇ ਚੇਅਰਮੈਨ ਜਰਨੈਲ ਸਿੰਘ ਅਤੇ ਸੀਨੀਅਰ ਆਗੂ ਹਰਬੰਸ ਸਿੰਘ ਨੇ ਕਿਹਾ ਕਿ ਸਾਨੂੰ ਫ਼ਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਾਉਣ ਦੀਆਂ ਘਟਨਾਵਾਂ 'ਤੇ ਗੌਰ ਨਾਲ ਵਿਚਾਰ ਕਰਨਾ ਚਾਹੀਦਾ ਹੈ। ਇਕੱਤਰਤਾ ਵਿੱਚ ਗਲੋਬਲ ਹਸਪਤਾਲ ਜ਼ੀਰਾ ਦੇ ਡਾਕਟਰ ਸੁਸ਼ੀਲ ਪਾਠਕ ਤੇ ਉਨ੍ਹਾਂ ਦੀ ਟੀਮ ਨੇ ਵੀ ਸ਼ਮੂਲੀਅਤ ਕੀਤੀ।ਉਨ੍ਹਾਂ ਆਪਣੇ ਹਸਪਤਾਲ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੱਤੀ। ਅਖੀਰ ਵਾਈਸ ਜਨਰਲ ਸਕੱਤਰ ਜਗਮੀਤ ਸਿੰਘ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੀ ਲੋੜ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਅਤੇ ਯੂਨੀਅਨ ਦੀ ਮਜ਼ਬੂਤੀ ਲਈ ਕੰਮ ਕਰਨ ਲਈ ਸਾਥੀਆ ਨੂੰ ਪ੍ਰੇਰਿਤ ਕੀਤਾ ਤੇ ਪ੍ਰਧਾਨ ਗੁਰਦਿੱਤ ਸਿੰਘ ਵੱਲੋਂ ਸਾਰੇ ਮੈਂਬਰਾਂ ਅਤੇ ਗਲੋਬਲ ਹਸਪਤਾਲ ਦੀ ਟੀਮ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਮੈਂਬਰਾਂ ਨੇ ਪਿਛਲੇ ਲੰਘੇ ਸਮੇਂ ਦੌਰਾਨ ਖ਼ੂਨਦਾਨ ਕੀਤਾ ਜਾਂ ਫ੍ਰੀ ਮੈਡੀਕਲ ਕੈਂਪ ਲਾਇਆ, ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।

# ਰਿਟਰਨਿੰਗ ਅਫ਼ਸਰ ਨੇ ਡਾਕਟਰ ਧਰਮਵੀਰ ਗਾਂਧੀ ਨੂੰ ਸੌਂਪਿਆ ਜੇਤੂ ਸਰਟੀਫਿਕੇਟ

ਪਟਿਆਲਾ ( ਇਕਬਾਲ ਸਿੰਘ ਬੱਲ )-ਲੋਕ ਸਭਾ ਹਲਕਾ ਪਟਿਆਲਾ-13 ਲਈ 1 ਜੂਨ ਨੂੰ ਪਈਆਂ ਵੋਟਾਂ ਦੀ ਮੰਗਲਵਾਰ ਲੋਕ ਸਭਾ ਹਲਕੇ ਦੇ ਅਧੀਨ ਪੈਂਦੇ 9 ਵਿਧਾਨ ਸਭਾ ਹਲਕਿਆਂ ਲਈ ਬਣਾਏ ਗਏ ਵੱਖ-ਵੱਖ ਗਿਣਤੀ ਕੇਂਦਰਾਂ ਵਿਖੇ ਹੋਈ ਗਿਣਤੀ ਦੌਰਾਨ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ 14 ਹਜ਼ਾਰ 831 ਵੋਟਾਂ ਨਾਲ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਨੂੰ 3 ਲੱਖ 5 ਹਜ਼ਾਰ 616 ਵੋਟਾਂ ਹਾਸਲ ਹੋਈਆਂ। ਆਮ ਆਦਮੀ ਪਾਰਟੀ ਦੇ ਡਾ. ਬਲਬੀਰ ਸਿੰਘ ਨੂੰ 2 ਲੱਖ 90 ਹਜ਼ਾਰ 785 ਵੋਟਾਂ ਮਿਲੀਆਂ ਹਨ। ਜਦੋਂ ਭਾਰਤੀ ਜਨਤਾ ਪਾਰਟੀ ਦੇ ਪਰਨੀਤ ਕੌਰ ਨੂੰ 2 ਲੱਖ 88 ਹਜ਼ਾਰ 998 ਵੋਟਾਂ ਹਾਸਲ ਹੋਈਆਂ ਤੇ ਸ਼੍ਰੋਮਣੀ ਅਕਾਲੀ ਦਲ ਦੇ ਐਨ.ਕੇ. ਸ਼ਰਮਾ ਨੂੰ 1 ਲੱਖ 53 ਹਜ਼ਾਰ 978 ਵੋਟਾਂ ਮਿਲੀਆਂ। ਵੋਟਾਂ ਦੀ ਗਿਣਤੀ ਦੀ ਪ੍ਰਕ੍ਰਿਆ ਸੰਪੰਨ ਹੋਣ ਮਗਰੋਂ ਡਾ. ਧਰਮਵੀਰ ਗਾਂਧੀ ਨੇ ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਤੋਂ ਜਿੱਤ ਦਾ ਸਰਟੀਫਿਕੇਟ ਹਾਸਲ ਕੀਤਾ।ਲੋਕ ਸਭਾ ਹਲਕਾ ਪਟਿਆਲਾ ਦੇ ਰਿਟਰਨਿੰਗ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਮਗਰੋਂ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਉਮੀਦਵਾਰਾਂ ਤੇ ਉਨ੍ਹਾਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਵੀ.ਵੀ.ਪੈਟ ਮਸ਼ੀਨਾਂ ਦੀਆਂ ਪਰਚੀਆਂ ਦਾ ਵੀ ਮਿਲਾਨ ਕੀਤਾ ਗਿਆ ।

ਲੋਕ ਸਭਾ ਹਲਕਾ ਪਟਿਆਲਾ-13 ਵਿੱਚ ਪੈਂਦੇ 9 ਵਿਧਾਨ ਸਭਾ ਹਲਕਿਆਂ 'ਚ ਕੁੱਲ 18 ਲੱਖ 6 ਹਜ਼ਾਰ 424 ਵੋਟਰਾਂ ਵਿਚੋਂ 63.63 ਫੀਸਦੀ 11 ਲੱਖ 45 ਹਜ਼ਾਰ 62 ਵੈਲਿਡ ਵੋਟਾਂ ਭੁਗਤੀਆਂ ਸਨ। ਪਈਆਂ ਵੋਟਾਂ ਵਿੱਚੋਂ 509 ਵੋਟਾਂ ਰੱਦ ਹੋਈਆਂ ਤੇ ਨੋਟਾ ਨੂੰ 6681 ਵੋਟਾਂ ਪਈਆਂ ।ਜ਼ਿਲ੍ਹਾ ਚੋਣ ਅਫ਼ਸਰ ਨੇ ਮੰਗਲਵਾਰ ਹੋਈ ਗਿਣਤੀ ਦੇ ਵੇਰਵੇ ਜਾਰੀ ਕਰਦਿਆਂ ਦੱਸਿਆ ਕਿ ਬਸਪਾ ਦੇ ਜਗਜੀਤ ਸਿੰਘ ਛੜਬੜ ਨੂੰ 22400 ਵੋਟਾਂ ਮਿਲੀਆਂ। ਅਮਰਜੀਤ ਸਿੰਘ ਜਾਗਦੇ ਰਹੋ ਨੂੰ 1992, ਕ੍ਰਿਸ਼ਨ ਕੁਮਾਰ ਗਾਬਾ ਨੂੰ 1008, ਦਵਿੰਦਰ ਰਾਜਪੂਤ 2311, ਪ੍ਰੋ. ਮਹਿੰਦਰਪਾਲ ਸਿੰਘ ਨੂੰ ਕੁਲ 47274 ਵੋਟਾਂ, ਮਨਦੀਪ ਸਿੰਘ ਨੂੰ 973 ਵੋਟਾਂ, ਰਣਜੀਤ ਸਿੰਘ ਨੂੰ 1967 ਵੋਟਾਂ ਮਿਲੀਆਂ। ਆਜ਼ਾਦ ਉਮੀਦਵਾਰ ਅਰਵਿੰਦਰ ਕੁਮਾਰ ਨੂੰ 3812, ਸੁਖਵਿੰਦਰ ਸਿੰਘ ਨੂੰ 2894, ਗੁਰਬਚਨ ਸਿੰਘ ਨੂੰ 1594, ਚਮਕੀਲਾ ਸਿੰਘ ਨੂੰ 1228, ਜਗਦੀਸ਼ ਕੁਮਾਰ ਨੂੰ 3239, ਜੋਧ ਸਿੰਘ ਪਰਮਾਰ ਕੌਲੀ ਨੂੰ 2795, ਡਿੰਪਲ ਨੂੰ 850, ਨੀਰਜ ਕੁਮਾਰ ਨੰਨ੍ਹਾ ਨੂੰ 2302, ਪਰਮਜੀਤ ਸਿੰਘ ਪੁੱਤਰ ਤਰਲੋਚਨ ਸਿੰਘ ਨੂੰ 2267, ਪਰਮਜੀਤ ਸਿੰਘ ਪੁੱਤਰ ਭਗਵਾਨ ਸਿੰਘ ਨੂੰ 1569, ਬਿੰਦਰ ਕੌਰ ਨੂੰ 711, ਮੱਖਣ ਸਿੰਘ ਨੂੰ 907, ਮਨੋਜ ਕੁਮਾਰ ਨੂੰ 674, ਲਾਭ ਸਿੰਘ ਪਾਲ ਨੂੰ 1443 ਅਤੇ ਵਿਸ਼ਾਲ ਸ਼ਰਮਾ ਨੂੰ ਕੁਲ 1475 ਵੋਟਾਂ ਪਈਆਂ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਲੋਕ ਸਭਾ ਹਲਕੇ ਲਈ ਪ੍ਰਾਪਤ ਹੋਏ 3187 ਕੁਲ ਪੋਸਟਲ ਬੈਲੇਟ ਪੇਪਰਾਂ ਵਿੱਚੋਂ 509 ਰੱਦ ਹੋਏ ਹਨ। ਇਨ੍ਹਾਂ ਡਾਕ ਰਾਹੀਂ ਮਿਲੀਆਂ ਵੋਟਾਂ ਵਿੱਚੋਂ 40 ਨੋਟਾ ਨੂੰ ਤੇ ਵੈਲਿਡ 2638 ਵਿੱਚੋਂ ਡਾ. ਧਰਮਵੀਰ ਗਾਂਧੀ ਨੂੰ 944, ਡਾ. ਬਲਬੀਰ ਸਿੰਘ ਨੂੰ 700, ਪਰਨੀਤ ਕੌਰ ਨੂੰ 528, ਐਨ.ਕੇ. ਸ਼ਰਮਾ ਨੂੰ 198, ਜਗਜੀਤ ਸਿੰਘ ਛੜਬੜ ਨੂੰ 66, ਪੋ. ਮਹਿੰਦਰਪਾਲ ਸਿੰਘ ਨੂੰ 122, ਅਮਰਜੀਤ ਸਿੰਘ ਜਾਗਦੇ ਰਹੋ ਨੂੰ 11 ਤੇ ਹੋਰਨਾਂ ਉਮੀਦਵਾਰਾਂ ਨੂੰ 10 ਤੋਂ ਘੱਟ ਵੋਟਾਂ ਡਾਕ ਰਾਹੀਂ ਮਿਲੀਆਂ।ਜ਼ਿਕਰਯੋਗ ਹੈ ਕਿ ਅੱਜ ਸਵੇਰੇ ਵੋਟਾਂ ਦੀ ਗਿਣਤੀ ਲਈ ਚੋਣ ਕਮਿਸ਼ਨ ਵੱਲੋਂ ਤਾਇਨਾਤ ਨਿਗਰਾਨ ਓਮ ਪ੍ਰਕਾਸ਼ ਬਕੋੜੀਆ ਨੇ ਸਟਰੌਂਗ ਰੂਮ ਦੇ ਤਾਲੇ ਤੇ ਸੀਲਾਂ ਆਪਣੀ ਨਿਗਰਾਨੀ ਹੇਠ ਖੁਲ੍ਹਵਾ ਕੇ ਗਿਣਤੀ ਸ਼ੁਰੂ ਕਰਵਾਈ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ-ਕਮ-ਰਿਟਰਨਿੰਗ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਵੋਟਾਂ ਦੀ ਗਿਣਤੀ ਦੀ ਸਮੁੱਚੀ ਪ੍ਰਕ੍ਰਿਆ ਅਤੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਸੁਰੱਖਿਆ ਪ੍ਰਬੰਧਾਂ ਦੀ ਦੇਖ ਰੇਖ ਕੀਤੀ।ਸ਼ੌਕਤ ਅਹਿਮਦ ਪਰੇ ਨੇ ਸਮੁੱਚੀ ਚੋਣ ਪ੍ਰਕ੍ਰਿਆ ਪੁਰ-ਅਮਨ ਸਫ਼ਲਤਾ ਪੂਰਵਕ ਨੇਪਰੇ ਚੜ੍ਹਨ ਲਈ ਸਮੂਹ ਚੋਣ ਲੜ ਰਹੇ ਉਮੀਦਵਾਰਾਂ, ਸਿਆਸੀ ਪਾਰਟੀਆਂ ਅਤੇ ਹਲਕੇ ਦੇ ਵੋਟਰਾਂ ਤੇ ਮੀਡੀਆ ਦਾ ਧੰਨਵਾਦ ਕੀਤਾ ਹੈ। ਇਸ ਮੌਕੇ ਐਸ.ਪੀ. ਸਿਟੀ ਸਰਫ਼ਰਾਜ ਆਲਮ, ਏ.ਡੀ.ਸੀ. (ਜ) ਕੰਚਨ ਏ.ਡੀ.ਸੀ. (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ, ਏ ਡੀ ਸੀ ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ, ਪੀ.ਡੀ.ਏ. ਦੇ ਈ.ਓ. ਦੀਪਜੋਤ ਕੌਰ ਨੇ ਵੀ ਅਹਿਮ ਭੂਮਿਕਾ ਨਿਭਾਈ। ਗਿਣਤੀ ਮੌਕੇ ਜ਼ਿਲ੍ਹਾ ਸੂਚਨਾ ਤੇ ਵਿਗਿਆਨ ਅਫ਼ਸਰ ਸੰਜੀਵ ਕੁਮਾਰ ਸ਼ਰਮਾ, ਜ਼ਿਲ੍ਹਾ ਮਾਲ ਅਫ਼ਸਰ ਗੁਰਲੀਨ ਕੌਰ, ਡੀ.ਡੀ.ਪੀ.ਓ. ਅਮਨਦੀਪ ਕੌਰ ਤੇ ਚੋਣ ਤਹਿਸੀਲਦਾਰ ਵਿਜੇ ਕੁਮਾਰ ਚੌਧਰੀ, ਡੀ.ਐਸ.ਐਮ. ਸੁਖਮੰਦਰ ਸਿੰਘ ਤੇ ਅਮਰਿੰਦਰ ਸਿੰਘ ਵੀ ਮੌਜੂਦ ਸਨ।ਰਿਟਰਨਿੰਗ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਵਿਧਾਨ ਸਭਾ ਹਲਕਾ ਵਾਰ ਵੋਟਾਂ ਦੀ ਗਿਣਤੀ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਲਕਾ 109-ਨਾਭਾ ਵਿੱਚ ਡਾ. ਧਰਮਵੀਰ ਗਾਂਧੀ 36230, ਡਾ. ਬਲਬੀਰ ਸਿੰਘ 32577, ਪਰਨੀਤ ਕੌਰ ਨੂੰ 22198 ਵੋਟਾਂ ਮਿਲੀਆਂ, ਇਥੇ ਐਨ.ਕੇ. ਸ਼ਰਮਾ ਨੂੰ 18345, ਬਹੁਜਨ ਸਮਾਜ ਪਾਰਟੀ ਦੇ ਜਗਜੀਤ ਸਿੰਘ ਛੜਬੜ ਨੂੰ 3096 ਵੋਟਾਂ ਮਿਲੀਆਂ। ਜਨ ਜਨਵਾਦੀ ਪਾਰਟੀ ਦੇ ਅਮਰਜੀਤ ਸਿੰਘ ਜਾਗਦੇ ਰਹੋ ਨੂੰ 176, ਹਿੰਦੁਸਤਾਨ ਸ਼ਕਤੀ ਸੈਨਾ ਦੇ ਕ੍ਰਿਸ਼ਨ ਕੁਮਾਰ ਗਾਬਾ ਨੂੰ 94, ਭਾਰਤੀ ਜਵਾਨ ਕਿਸਾਨ ਪਾਰਟੀ ਦੇ ਦਵਿੰਦਰ ਰਾਜਪੂਤ 241, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਸਿਮਰਨਜੀਤ ਸਿੰਘ ਮਾਨ) ਦੇ ਪ੍ਰੋ. ਮਹਿੰਦਰਪਾਲ ਸਿੰਘ ਨੂੰ 4045 ਵੋਟਾਂ, ਰੈਵੋਲਿਊਸ਼ਨਰੀ ਸੋਸ਼ਲਿਸ਼ਟ ਪਾਰਟੀ ਦੇ ਮਨਦੀਪ ਸਿੰਘ ਨੂੰ 89 ਵੋਟਾਂ, ਅਖਿਲ ਭਾਰਤੀਯ ਪਰਿਵਾਰ ਪਾਰਟੀ ਦੇ ਰਣਜੀਤ ਸਿੰਘ ਨੂੰ 234 ਵੋਟਾਂ ਮਿਲੀਆਂ। ਜਦੋਂਕਿ ਆਜ਼ਾਦ ਉਮੀਦਵਾਰ ਅਰਵਿੰਦਰ ਕੁਮਾਰ ਨੂੰ 434, ਸੁਖਵਿੰਦਰ ਸਿੰਘ ਨੂੰ 257, ਗੁਰਬਚਨ ਸਿੰਘ ਨੂੰ 186, ਚਮਕੀਲਾ ਸਿੰਘ ਨੂੰ 122, ਜਗਦੀਸ਼ ਕੁਮਾਰ ਨੂੰ 337, ਜੋਧ ਸਿੰਘ ਪਰਮਾਰ ਕੌਲੀ ਨੂੰ 267, ਡਿੰਪਲ ਨੂੰ 79, ਨੀਰਜ ਕੁਮਾਰ ਨੰਨ੍ਹਾ ਨੂੰ 177, ਪਰਮਜੀਤ ਸਿੰਘ ਪੁੱਤਰ ਤਰਲੋਚਨ ਸਿੰਘ ਨੂੰ 203, ਪਰਮਜੀਤ ਸਿੰਘ ਪੁੱਤਰ ਭਗਵਾਨ ਸਿੰਘ ਨੂੰ 162, ਬਿੰਦਰ ਕੌਰ ਨੂੰ 88, ਮੱਖਣ ਸਿੰਘ ਨੂੰ 177, ਮਨੋਜ ਕੁਮਾਰ ਨੂੰ 67, ਲਾਭ ਸਿੰਘ ਪਾਲ ਨੂੰ 139, ਵਿਸ਼ਾਲ ਸ਼ਰਮਾ ਨੂੰ 189 ਤੇ ਨੋਟਾ ਨੂੰ 866 ਵੋਟਾਂ ਪਈਆਂ।ਹਲਕਾ 110-ਪਟਿਆਲਾ ਦਿਹਾਤੀ ਦੀਆਂ ਵੋਟਾਂ ਦੀ ਗਿਣਤੀ 'ਚ ਵਿੱਚ ਡਾ. ਧਰਮਵੀਰ ਗਾਂਧੀ ਨੂੰ 34985, ਡਾ. ਬਲਬੀਰ ਸਿੰਘ 37446, ਪਰਨੀਤ ਕੌਰ ਨੂੰ 30320 ਵੋਟਾਂ ਮਿਲੀਆਂ, ਇਥੇ ਐਨ.ਕੇ. ਸ਼ਰਮਾ ਨੂੰ 15182, ਬਹੁਜਨ ਸਮਾਜ ਪਾਰਟੀ ਦੇ ਜਗਜੀਤ ਸਿੰਘ ਛੜਬੜ ਨੂੰ 2457 ਵੋਟਾਂ ਮਿਲੀਆਂ।ਅਮਰਜੀਤ ਸਿੰਘ ਜਾਗਦੇ ਰਹੋ ਨੂੰ 162, ਕ੍ਰਿਸ਼ਨ ਕੁਮਾਰ ਗਾਬਾ ਨੂੰ 122, ਦਵਿੰਦਰ ਰਾਜਪੂਤ 169, ਪ੍ਰੋ. ਮਹਿੰਦਰਪਾਲ ਸਿੰਘ ਨੂੰ 5312 ਵੋਟਾਂ, ਮਨਦੀਪ ਸਿੰਘ ਨੂੰ 77 ਵੋਟਾਂ, ਰਣਜੀਤ ਸਿੰਘ ਨੂੰ 158 ਵੋਟਾਂ ਮਿਲੀਆਂ।ਆਜ਼ਾਦ ਉਮੀਦਵਾਰ ਅਰਵਿੰਦਰ ਕੁਮਾਰ ਨੂੰ 328, ਸੁਖਵਿੰਦਰ ਸਿੰਘ ਨੂੰ 382, ਗੁਰਬਚਨ ਸਿੰਘ ਨੂੰ 138, ਚਮਕੀਲਾ ਸਿੰਘ ਨੂੰ 75, ਜਗਦੀਸ਼ ਕੁਮਾਰ ਨੂੰ 295, ਜੋਧ ਸਿੰਘ ਪਰਮਾਰ ਕੌਲੀ ਨੂੰ 228, ਡਿੰਪਲ ਨੂੰ 53, ਨੀਰਜ ਕੁਮਾਰ ਨੰਨ੍ਹਾ ਨੂੰ 146, ਪਰਮਜੀਤ ਸਿੰਘ ਪੁੱਤਰ ਤਰਲੋਚਨ ਸਿੰਘ ਨੂੰ 170, ਪਰਮਜੀਤ ਸਿੰਘ ਪੁੱਤਰ ਭਗਵਾਨ ਸਿੰਘ ਨੂੰ 115, ਬਿੰਦਰ ਕੌਰ ਨੂੰ 45, ਮੱਖਣ ਸਿੰਘ ਨੂੰ 75, ਮਨੋਜ ਕੁਮਾਰ ਨੂੰ 52, ਲਾਭ ਸਿੰਘ ਪਾਲ ਨੂੰ 115, ਵਿਸ਼ਾਲ ਸ਼ਰਮਾ ਨੂੰ 109 ਤੇ ਨੋਟਾ ਨੂੰ 968 ਵੋਟਾਂ ਪਈਆਂ।ਹਲਕਾ 111-ਰਾਜਪੁਰਾ ਦੀਆਂ ਵੋਟਾਂ ਗਿਣਤੀ ਦੌਰਾਨ ਡਾ. ਧਰਮਵੀਰ ਗਾਂਧੀ ਨੂੰ 32032, ਡਾ. ਬਲਬੀਰ ਸਿੰਘ ਨੂੰ 22336, ਪਰਨੀਤ ਕੌਰ ਨੂੰ 37340 ਵੋਟਾਂ ਮਿਲੀਆਂ, ਐਨ.ਕੇ. ਸ਼ਰਮਾ ਨੂੰ 14057, ਜਗਜੀਤ ਸਿੰਘ ਛੜਬੜ ਨੂੰ 1829 ਵੋਟਾਂ ਮਿਲੀਆਂ।ਇਸ ਹਲਕੇ ਵਿੱਚ ਅਮਰਜੀਤ ਸਿੰਘ ਜਾਗਦੇ ਰਹੋ ਨੂੰ 109, ਕ੍ਰਿਸ਼ਨ ਕੁਮਾਰ ਗਾਬਾ ਨੂੰ 111, ਦਵਿੰਦਰ ਰਾਜਪੂਤ 156, ਪ੍ਰੋ. ਮਹਿੰਦਰਪਾਲ ਸਿੰਘ ਨੂੰ 4982 ਵੋਟਾਂ, ਮਨਦੀਪ ਸਿੰਘ ਨੂੰ 158 ਵੋਟਾਂ, ਰਣਜੀਤ ਸਿੰਘ ਨੂੰ 214 ਵੋਟਾਂ ਮਿਲੀਆਂ।ਆਜ਼ਾਦ ਉਮੀਦਵਾਰ ਅਰਵਿੰਦਰ ਕੁਮਾਰ ਨੂੰ 315, ਸੁਖਵਿੰਦਰ ਸਿੰਘ ਨੂੰ 191, ਗੁਰਬਚਨ ਸਿੰਘ ਨੂੰ 134, ਚਮਕੀਲਾ ਸਿੰਘ ਨੂੰ 98, ਜਗਦੀਸ਼ ਕੁਮਾਰ ਨੂੰ 330, ਜੋਧ ਸਿੰਘ ਪਰਮਾਰ ਕੌਲੀ ਨੂੰ 234, ਡਿੰਪਲ ਨੂੰ 91, ਨੀਰਜ ਕੁਮਾਰ ਨੰਨ੍ਹਾ ਨੂੰ 554, ਪਰਮਜੀਤ ਸਿੰਘ ਪੁੱਤਰ ਤਰਲੋਚਨ ਸਿੰਘ ਨੂੰ 255, ਪਰਮਜੀਤ ਸਿੰਘ ਪੁੱਤਰ ਭਗਵਾਨ ਸਿੰਘ ਨੂੰ 124, ਬਿੰਦਰ ਕੌਰ ਨੂੰ 38, ਮੱਖਣ ਸਿੰਘ ਨੂੰ 60, ਮਨੋਜ ਕੁਮਾਰ ਨੂੰ 56, ਲਾਭ ਸਿੰਘ ਪਾਲ ਨੂੰ 101, ਵਿਸ਼ਾਲ ਸ਼ਰਮਾ ਨੂੰ 106 ਤੇ ਨੋਟਾ ਨੂੰ 683 ਵੋਟਾਂ ਪਈਆਂ।ਇਸੇ ਤਰ੍ਹਾਂ 112 ਡੇਰਾਬਸੀ ਹਲਕੇ ਵਿੱਚ ਡਾ. ਧਰਮਵੀਰ ਗਾਂਧੀ ਨੂੰ 46621, ਡਾ. ਬਲਬੀਰ ਸਿੰਘ 36390, ਪਰਨੀਤ ਕੌਰ ਨੂੰ 65742 ਵੋਟਾਂ ਮਿਲੀਆਂ, ਐਨ.ਕੇ. ਸ਼ਰਮਾ ਨੂੰ 33748, ਜਗਜੀਤ ਸਿੰਘ ਛੜਬੜ ਨੂੰ 4197 ਵੋਟਾਂ ਮਿਲੀਆਂ।ਅਮਰਜੀਤ ਸਿੰਘ ਜਾਗਦੇ ਰਹੋ ਨੂੰ 192, ਕ੍ਰਿਸ਼ਨ ਕੁਮਾਰ ਗਾਬਾ ਨੂੰ 100, ਦਵਿੰਦਰ ਰਾਜਪੂਤ 225, ਪ੍ਰੋ. ਮਹਿੰਦਰਪਾਲ ਸਿੰਘ ਨੂੰ 3980 ਵੋਟਾਂ, ਮਨਦੀਪ ਸਿੰਘ ਨੂੰ 123 ਵੋਟਾਂ, ਰਣਜੀਤ ਸਿੰਘ ਨੂੰ 233 ਵੋਟਾਂ ਮਿਲੀਆਂ।ਆਜ਼ਾਦ ਉਮੀਦਵਾਰ ਅਰਵਿੰਦਰ ਕੁਮਾਰ ਨੂੰ 346, ਸੁਖਵਿੰਦਰ ਸਿੰਘ ਨੂੰ 244, ਗੁਰਬਚਨ ਸਿੰਘ ਨੂੰ 192, ਚਮਕੀਲਾ ਸਿੰਘ ਨੂੰ 142, ਜਗਦੀਸ਼ ਕੁਮਾਰ ਨੂੰ 411, ਜੋਧ ਸਿੰਘ ਪਰਮਾਰ ਕੌਲੀ ਨੂੰ 615, ਡਿੰਪਲ ਨੂੰ 143, ਨੀਰਜ ਕੁਮਾਰ ਨੰਨ੍ਹਾ ਨੂੰ 274, ਪਰਮਜੀਤ ਸਿੰਘ ਪੁੱਤਰ ਤਰਲੋਚਨ ਸਿੰਘ ਨੂੰ 362, ਪਰਮਜੀਤ ਸਿੰਘ ਪੁੱਤਰ ਭਗਵਾਨ ਸਿੰਘ ਨੂੰ 249, ਬਿੰਦਰ ਕੌਰ ਨੂੰ 104, ਮੱਖਣ ਸਿੰਘ ਨੂੰ 81, ਮਨੋਜ ਕੁਮਾਰ ਨੂੰ 80, ਲਾਭ ਸਿੰਘ ਪਾਲ ਨੂੰ 303, ਵਿਸ਼ਾਲ ਸ਼ਰਮਾ ਨੂੰ 221 ਤੇ ਨੋਟਾ ਨੂੰ 926 ਵੋਟਾਂ ਪਈਆਂ।113-ਘਨੌਰ ਹਲਕੇ ਵਿੱਚ ਡਾ. ਧਰਮਵੀਰ ਗਾਂਧੀ ਨੂੰ 37633, ਡਾ. ਬਲਬੀਰ ਸਿੰਘ 28543, ਪਰਨੀਤ ਕੌਰ ਨੂੰ 14764 ਵੋਟਾਂ ਮਿਲੀਆਂ, ਐਨ.ਕੇ. ਸ਼ਰਮਾ ਨੂੰ 16328, ਜਗਜੀਤ ਸਿੰਘ ਛੜਬੜ ਨੂੰ 2688 ਵੋਟਾਂ ਮਿਲੀਆਂ। ਅਮਰਜੀਤ ਸਿੰਘ ਜਾਗਦੇ ਰਹੋ ਨੂੰ 191, ਕ੍ਰਿਸ਼ਨ ਕੁਮਾਰ ਗਾਬਾ ਨੂੰ 109, ਦਵਿੰਦਰ ਰਾਜਪੂਤ 225, ਪ੍ਰੋ. ਮਹਿੰਦਰਪਾਲ ਸਿੰਘ ਨੂੰ 6098 ਵੋਟਾਂ, ਮਨਦੀਪ ਸਿੰਘ ਨੂੰ 103 ਵੋਟਾਂ, ਰਣਜੀਤ ਸਿੰਘ ਨੂੰ 241 ਵੋਟਾਂ ਮਿਲੀਆਂ। ਆਜ਼ਾਦ ਉਮੀਦਵਾਰ ਅਰਵਿੰਦਰ ਕੁਮਾਰ ਨੂੰ 485, ਸੁਖਵਿੰਦਰ ਸਿੰਘ ਨੂੰ 275, ਗੁਰਬਚਨ ਸਿੰਘ ਨੂੰ 234, ਚਮਕੀਲਾ ਸਿੰਘ ਨੂੰ 132, ਜਗਦੀਸ਼ ਕੁਮਾਰ ਨੂੰ 370, ਜੋਧ ਸਿੰਘ ਪਰਮਾਰ ਕੌਲੀ ਨੂੰ 289, ਡਿੰਪਲ ਨੂੰ 91, ਨੀਰਜ ਕੁਮਾਰ ਨੰਨ੍ਹਾ ਨੂੰ 358, ਪਰਮਜੀਤ ਸਿੰਘ ਪੁੱਤਰ ਤਰਲੋਚਨ ਸਿੰਘ ਨੂੰ 210, ਪਰਮਜੀਤ ਸਿੰਘ ਪੁੱਤਰ ਭਗਵਾਨ ਸਿੰਘ ਨੂੰ 184, ਬਿੰਦਰ ਕੌਰ ਨੂੰ 76, ਮੱਖਣ ਸਿੰਘ ਨੂੰ 86, ਮਨੋਜ ਕੁਮਾਰ ਨੂੰ 64, ਲਾਭ ਸਿੰਘ ਪਾਲ ਨੂੰ 202, ਵਿਸ਼ਾਲ ਸ਼ਰਮਾ ਨੂੰ 168 ਤੇ ਨੋਟਾ ਨੂੰ 532 ਵੋਟਾਂ ਪਈਆਂ।114-ਸਨੌਰ ਹਲਕੇ ਵਿੱਚ ਡਾ. ਧਰਮਵੀਰ ਗਾਂਧੀ ਨੂੰ 37846, ਡਾ. ਬਲਬੀਰ ਸਿੰਘ 43048, ਪਰਨੀਤ ਕੌਰ ਨੂੰ 25670 ਵੋਟਾਂ ਮਿਲੀਆਂ, ਐਨ.ਕੇ. ਸ਼ਰਮਾ ਨੂੰ 19497, ਜਗਜੀਤ ਸਿੰਘ ਛੜਬੜ ਨੂੰ 1723 ਵੋਟਾਂ ਮਿਲੀਆਂ। ਅਮਰਜੀਤ ਸਿੰਘ ਜਾਗਦੇ ਰਹੋ ਨੂੰ 576, ਕ੍ਰਿਸ਼ਨ ਕੁਮਾਰ ਗਾਬਾ ਨੂੰ 150, ਦਵਿੰਦਰ ਰਾਜਪੂਤ 366, ਪ੍ਰੋ. ਮਹਿੰਦਰਪਾਲ ਸਿੰਘ ਨੂੰ 6330 ਵੋਟਾਂ, ਮਨਦੀਪ ਸਿੰਘ ਨੂੰ 131 ਵੋਟਾਂ, ਰਣਜੀਤ ਸਿੰਘ ਨੂੰ 272 ਵੋਟਾਂ ਮਿਲੀਆਂ।ਆਜ਼ਾਦ ਉਮੀਦਵਾਰ ਅਰਵਿੰਦਰ ਕੁਮਾਰ ਨੂੰ 603, ਸੁਖਵਿੰਦਰ ਸਿੰਘ ਨੂੰ 542, ਗੁਰਬਚਨ ਸਿੰਘ ਨੂੰ 216, ਚਮਕੀਲਾ ਸਿੰਘ ਨੂੰ 169, ਜਗਦੀਸ਼ ਕੁਮਾਰ ਨੂੰ 523, ਜੋਧ ਸਿੰਘ ਪਰਮਾਰ ਕੌਲੀ ਨੂੰ 427, ਡਿੰਪਲ ਨੂੰ 119, ਨੀਰਜ ਕੁਮਾਰ ਨੰਨ੍ਹਾ ਨੂੰ 291, ਪਰਮਜੀਤ ਸਿੰਘ ਪੁੱਤਰ ਤਰਲੋਚਨ ਸਿੰਘ ਨੂੰ 270, ਪਰਮਜੀਤ ਸਿੰਘ ਪੁੱਤਰ ਭਗਵਾਨ ਸਿੰਘ ਨੂੰ 249, ਬਿੰਦਰ ਕੌਰ ਨੂੰ 119, ਮੱਖਣ ਸਿੰਘ ਨੂੰ 132, ਮਨੋਜ ਕੁਮਾਰ ਨੂੰ 73, ਲਾਭ ਸਿੰਘ ਪਾਲ ਨੂੰ 210, ਵਿਸ਼ਾਲ ਸ਼ਰਮਾ ਨੂੰ 233 ਤੇ ਨੋਟਾ ਨੂੰ 851 ਵੋਟਾਂ ਪਈਆਂ।115-ਪਟਿਆਲਾ ਸ਼ਹਿਰੀ ਦੀਆਂ ਵੋਟਾਂ ਦੀ ਗਿਣਤੀ 'ਚ ਡਾ. ਧਰਮਵੀਰ ਗਾਂਧੀ ਨੂੰ 23035, ਡਾ. ਬਲਬੀਰ ਸਿੰਘ 21105, ਪਰਨੀਤ ਕੌਰ ਨੂੰ 41548 ਵੋਟਾਂ ਮਿਲੀਆਂ, ਐਨ.ਕੇ. ਸ਼ਰਮਾ ਨੂੰ 4634, ਜਗਜੀਤ ਸਿੰਘ ਛੜਬੜ ਨੂੰ 415 ਵੋਟਾਂ ਮਿਲੀਆਂ।ਅਮਰਜੀਤ ਸਿੰਘ ਜਾਗਦੇ ਰਹੋ ਨੂੰ 103, ਕ੍ਰਿਸ਼ਨ ਕੁਮਾਰ ਗਾਬਾ ਨੂੰ 98, ਦਵਿੰਦਰ ਰਾਜਪੂਤ 115 ਪ੍ਰੋ. ਮਹਿੰਦਰਪਾਲ ਸਿੰਘ ਨੂੰ 1248, ਮਨਦੀਪ ਸਿੰਘ ਨੂੰ 33 ਵੋਟਾਂ, ਰਣਜੀਤ ਸਿੰਘ ਨੂੰ 69 ਵੋਟਾਂ ਮਿਲੀਆਂ।ਆਜ਼ਾਦ ਉਮੀਦਵਾਰ ਅਰਵਿੰਦਰ ਕੁਮਾਰ ਨੂੰ 165, ਸੁਖਵਿੰਦਰ ਸਿੰਘ ਨੂੰ 192, ਗੁਰਬਚਨ ਸਿੰਘ ਨੂੰ 70, ਚਮਕੀਲਾ ਸਿੰਘ ਨੂੰ 43, ਜਗਦੀਸ਼ ਕੁਮਾਰ ਨੂੰ 180, ਜੋਧ ਸਿੰਘ ਪਰਮਾਰ ਕੌਲੀ ਨੂੰ 67, ਡਿੰਪਲ ਨੂੰ 30, ਨੀਰਜ ਕੁਮਾਰ ਨੰਨ੍ਹਾ ਨੂੰ 85, ਪਰਮਜੀਤ ਸਿੰਘ ਪੁੱਤਰ ਤਰਲੋਚਨ ਸਿੰਘ ਨੂੰ 180, ਪਰਮਜੀਤ ਸਿੰਘ ਪੁੱਤਰ ਭਗਵਾਨ ਸਿੰਘ ਨੂੰ 54, ਬਿੰਦਰ ਕੌਰ ਨੂੰ 28, ਮੱਖਣ ਸਿੰਘ ਨੂੰ 35, ਮਨੋਜ ਕੁਮਾਰ ਨੂੰ 45, ਲਾਭ ਸਿੰਘ ਪਾਲ ਨੂੰ 24, ਵਿਸ਼ਾਲ ਸ਼ਰਮਾ ਨੂੰ 69 ਤੇ ਨੋਟਾ ਨੂੰ 663 ਵੋਟਾਂ ਪਈਆਂ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ 116-ਸਮਾਣਾ ਹਲਕੇ ਵਿੱਚ ਡਾ. ਧਰਮਵੀਰ ਗਾਂਧੀ ਨੂੰ 28937, ਡਾ. ਬਲਬੀਰ ਸਿੰਘ 36141, ਪਰਨੀਤ ਕੌਰ ਨੂੰ 26387 ਵੋਟਾਂ ਮਿਲੀਆਂ, ਐਨ.ਕੇ. ਸ਼ਰਮਾ ਨੂੰ 17871, ਜਗਜੀਤ ਸਿੰਘ ਛੜਬੜ ਨੂੰ 3224 ਵੋਟਾਂ ਮਿਲੀਆਂ।ਅਮਰਜੀਤ ਸਿੰਘ ਜਾਗਦੇ ਰਹੋ ਨੂੰ 228, ਕ੍ਰਿਸ਼ਨ ਕੁਮਾਰ ਗਾਬਾ ਨੂੰ 105, ਦਵਿੰਦਰ ਰਾਜਪੂਤ 344, ਪ੍ਰੋ. ਮਹਿੰਦਰਪਾਲ ਸਿੰਘ ਨੂੰ 7858 ਵੋਟਾਂ, ਮਨਦੀਪ ਸਿੰਘ ਨੂੰ 133 ਵੋਟਾਂ, ਰਣਜੀਤ ਸਿੰਘ ਨੂੰ 280 ਵੋਟਾਂ ਮਿਲੀਆਂ।ਆਜ਼ਾਦ ਉਮੀਦਵਾਰ ਅਰਵਿੰਦਰ ਕੁਮਾਰ ਨੂੰ 589, ਸੁਖਵਿੰਦਰ ਸਿੰਘ ਨੂੰ 420, ਗੁਰਬਚਨ ਸਿੰਘ ਨੂੰ 195, ਚਮਕੀਲਾ ਸਿੰਘ ਨੂੰ 240, ਜਗਦੀਸ਼ ਕੁਮਾਰ ਨੂੰ 382, ਜੋਧ ਸਿੰਘ ਪਰਮਾਰ ਕੌਲੀ ਨੂੰ 407, ਡਿੰਪਲ ਨੂੰ 113, ਨੀਰਜ ਕੁਮਾਰ ਨੰਨ੍ਹਾ ਨੂੰ 222, ਪਰਮਜੀਤ ਸਿੰਘ ਪੁੱਤਰ ਤਰਲੋਚਨ ਸਿੰਘ ਨੂੰ 335, ਪਰਮਜੀਤ ਸਿੰਘ ਪੁੱਤਰ ਭਗਵਾਨ ਸਿੰਘ ਨੂੰ 245, ਬਿੰਦਰ ਕੌਰ ਨੂੰ 104, ਮੱਖਣ ਸਿੰਘ ਨੂੰ 125, ਮਨੋਜ ਕੁਮਾਰ ਨੂੰ 136, ਲਾਭ ਸਿੰਘ ਪਾਲ ਨੂੰ 163, ਵਿਸ਼ਾਲ ਸ਼ਰਮਾ ਨੂੰ 184 ਤੇ ਨੋਟਾ ਨੂੰ 628 ਵੋਟਾਂ ਪਈਆਂ।ਸ਼ੌਕਤ ਅਹਿਮਦ ਪਰੇ ਨੇ ਅੱਗੇ ਹੋਰ ਦੱਸਿਆ ਕਿ 117-ਸ਼ੁਤਰਾਣਾ ਹਲਕੇ ਵਿੱਚ ਕਾਂਗਰਸ ਪਾਰਟੀ ਦੇ ਡਾ. ਧਰਮਵੀਰ ਗਾਂਧੀ ਨੂੰ 27353, ਆਪ ਪਾਰਟੀ ਦੇ ਡਾ. ਬਲਬੀਰ ਸਿੰਘ 32499, ਭਾਜਪਾ ਦੇ ਪਰਨੀਤ ਕੌਰ ਨੂੰ 24501 ਵੋਟਾਂ ਮਿਲੀਆਂ, ਅਕਾਲੀ ਦਲ ਦੇ ਐਨ.ਕੇ. ਸ਼ਰਮਾ ਨੂੰ 14118, ਬਸਪਾ ਦੇ ਜਗਜੀਤ ਸਿੰਘ ਛੜਬੜ ਨੂੰ 2805 ਵੋਟਾਂ ਮਿਲੀਆਂ।ਅਮਰਜੀਤ ਸਿੰਘ ਜਾਗਦੇ ਰਹੋ ਨੂੰ 244, ਕ੍ਰਿਸ਼ਨ ਕੁਮਾਰ ਗਾਬਾ ਨੂੰ 111, ਦਵਿੰਦਰ ਰਾਜਪੂਤ 461, ਪ੍ਰੋ. ਮਹਿੰਦਰਪਾਲ ਸਿੰਘ ਨੂੰ 7299, ਮਨਦੀਪ ਸਿੰਘ ਨੂੰ 123, ਰਣਜੀਤ ਸਿੰਘ ਨੂੰ 273 ਵੋਟਾਂ ਮਿਲੀਆਂ।ਆਜ਼ਾਦ ਉਮੀਦਵਾਰ ਅਰਵਿੰਦਰ ਕੁਮਾਰ ਨੂੰ 543, ਸੁਖਵਿੰਦਰ ਸਿੰਘ ਨੂੰ 382, ਗੁਰਬਚਨ ਸਿੰਘ ਨੂੰ 224, ਚਮਕੀਲਾ ਸਿੰਘ ਨੂੰ 204, ਜਗਦੀਸ਼ ਕੁਮਾਰ ਨੂੰ 408, ਜੋਧ ਸਿੰਘ ਪਰਮਾਰ ਕੌਲੀ ਨੂੰ 261, ਡਿੰਪਲ ਨੂੰ 127, ਨੀਰਜ ਕੁਮਾਰ ਨੰਨ੍ਹਾ ਨੂੰ 192, ਪਰਮਜੀਤ ਸਿੰਘ ਪੁੱਤਰ ਤਰਲੋਚਨ ਸਿੰਘ ਨੂੰ 279, ਪਰਮਜੀਤ ਸਿੰਘ ਪੁੱਤਰ ਭਗਵਾਨ ਸਿੰਘ ਨੂੰ 183, ਬਿੰਦਰ ਕੌਰ ਨੂੰ 105, ਮੱਖਣ ਸਿੰਘ ਨੂੰ 134, ਮਨੋਜ ਕੁਮਾਰ ਨੂੰ 101, ਲਾਭ ਸਿੰਘ ਪਾਲ ਨੂੰ 186, ਵਿਸ਼ਾਲ ਸ਼ਰਮਾ ਨੂੰ 215 ਤੇ ਨੋਟਾ ਨੂੰ 524 ਵੋਟਾਂ ਪਈਆਂ।

6-JUNE-PAGE-10.qxd 6/5/2024 10:00 PM Page 1



# ਮਜ਼ਦੂਰਾਂ ਨਾਲ ਵਾਅਦਾ ਖਿਲਾਫ਼ੀ 'ਆਪ' ਦੇ ਮਾੜੇ ਹਾਲ ਦੀ ਵਜ੍ਹਾ : ਪੈਨਸ਼ਨਰਜ਼ ਆਗੂ



**ਸਮਰਾਲਾ, (ਸੁਰਜੀਤ ਸਿੰਘ)** ਇੰਡੀਆ ਅਲਾਇੰਸ ਤੋਂ ਵੱਖ ਹੋ ਕੇ ਇਕੱਲੇ ਤੌਰ 'ਤੇ ਲੋਕ ਸਭਾ ਚੋਣਾਂ ਲੜਨ ਅਤੇ 13-0 ਜਿੱਤ ਦਾ ਨਾਅਰਾ ਦੇਣਾ ਭਗਵੰਤ ਮਾਨ ਸਰਕਾਰ ਨੂੰ ਰਾਸ ਨਹੀਂ ਆਇਆ।ਲੋਕ ਸਭਾ ਦੀਆਂ ਪੰਜਾਬ ਵਿੱਚ ਮਹਿਜ ਤਿੰਨ ਸੀਟਾਂ ਜਿੱਤਣਾ ਅਤੇ ਦਿੱਲੀ ਵਿੱਚ ਸੁਪੜਾ ਸਾਫ਼ ਹੋਣਾ ਆਮ ਆਦਮੀ ਪਾਰਟੀ ਦਾ ਮੁਲਾਜ਼ਮ ਵਿਰੋਧੀ ਚਿਹਰਾ ਸਪੱਸ਼ਟ ਹੋ ਗਿਆ ਹੈ।ਇਹ ਵਿਚਾਰ ਪਾਵਰਕਾਮ ਦੀ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਦੇ ਪ੍ਰਧਾਨ ਸਿਕੰਦਰ ਸਿੰਘ ਨੇ ਪਰਗਟ ਕੀਤੇ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਮੁਲਾਜ਼ਮਾਂ ਨਾਲ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਦੇ ਨਿਪਟਾਰੇ ਕਰਨ ਦੇ ਵਾਅਦੇ ਕੀਤੇ ਸਨ, ਪਰ ਸੱਤਾ ਵਿਚ ਆਉਂਦੀਆਂ ਸਾਰ ਉਨ੍ਹਾਂ ਸਾਰੇ ਵਾਇਦੇ ਛਿੱਕੇ ਟੰਗ ਕੇ ਰੱਖ ਦਿੱਤੇ। ਉਨ੍ਹਾਂ ਪੁਰਾਣੀ ਪੈਨਸ਼ਨ ਸਕੀਮ ਨੂੰ ਮੁੜ ਸੁਰਜੀਤ ਕਰਨ ਦਾ ਵਾਅਦਾ ਕੀਤਾ ਸੀ, ਪਰ ਉਹ ਫੁੱਸ ਹੋ ਗਿਆ ਬਲਕਿ ਕੇਂਦਰ ਸਰਕਾਰ ਦੇ ਦਬਾਅ ਥੱਲੇ ਆ ਕੇ ਉਸ ਨੂੰ ਠੰਡੇ ਬਸਤੇ ਵਿਚ ਹੀ ਸੁੱਟ ਦਿੱਤਾ।ਇਸੇ ਤਰ੍ਹਾਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ, ਤਨਖਾਹ ਸਕੇਲ ਸੋਧਣੇ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨਾ ਦੇਣੀਆਂ ਅਤੇ ਉਨ੍ਹਾਂ ਦੇ ਬਕਾਏ ਰੋਕ ਕੇ ਰਖਣੇ ਆਦਿ ਮੰਗਾਂ ਨੂੰ ਲੈ ਕੇ ਮੁਲਾਜ਼ਮ ਤੇ ਪੈਨਸ਼ਨਰ ਐਸੋਸੀਏਸ਼ਨ ਲਮੇਂ ਸਮੇਂ ਤੋਂ ਸਰਕਾਰ ਨਾਲ ਆਢਾ ਲੈ ਰਹੇ ਹਨ, ਪਰ ਮਾਨ ਸਰਕਾਰ ਇਨ੍ਹਾਂ ਜਥੇਬੰਦੀਆਂ ਦੀਆਂ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰਦੀ ਆ ਰਹੀ ਹੈ।

ਪੈਨਸ਼ਨਰਜ਼ ਆਗੂ ਨੇ ਦੱਸਿਆ ਕਿ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ ਰੋਕਣ ਨਾਲ ਹਰ ਇੱਕ ਪੈਨਸ਼ਨਰ ਲੱਖਾਂ ਰੁਪਏ ਦਾ ਨੁਕਸਾਨ ਉਠਾਈ ਬੈਠਾ ਹੈ ਅਤੇ ਬਕਾਏ ਡੀ ਉਡੀਕ ਕਰ ਰਿਹਾ ਹੈ।ਬਹੁਤੇ ਪੈਨਸ਼ਨਰ ਤਾਂ ਬਕਾਏ ਦੀ ਉਡੀਕ ਕਰਦੇ ਕਰਦੇ ਇਸ ਦੁਨੀਆਂ ਤੋਂ ਵਿਦਾ ਵੀ ਹੋ ਗਏ।

ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਮੁਲਾਜ਼ਮ ਅਤੇ ਪੈਨਸ਼ਨਰਜ਼ ਜਥੇਬੰਦੀਆਂ ਨੇ ਚੋਣਾਂ ਵਿੱਚ ਮਾਨ ਸਰਕਾਰ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਸੀ, ਪਰ ਮਾਨ ਸਰਕਾਰ ਏਨੀ ਹੰਕਾਰੀ ਹੋਈ ਹੈ ਕਿ ਉਸਨੇ ਇਸ ਬਾਈਕਾਟ ਨੂੰ ਵੀ ਹਲਕੇ ਵਿਚ ਲਿਆ।ਉਸ ਨੇ ਨਾ ਤਾਂ ਮੁਲਾਜ਼ਮ ਜਥੇਬੰਦੀਆਂ ਨਾਲ ਗੱਲ ਬਾਤ ਦੀ ਪਹਿਲ ਕੀਤੀ ਅਤੇ ਨਾ ਹੀ ਮਸਲੇ ਹੱਲ ਕਰਨ ਵਿਚ ਕੋਈ ਦਿਲਚਸਪੀ ਹੀ ਦਿਖਾਈ। ਉਹਨਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਟੇਟ ਦਾ ਮੁਲਾਜ਼ਮ ਅਤੇ ਮਜ਼ਦੂਰ ਵਰਗ ਸਰਕਾਰ ਦੇ ਖਿਲਾਫ ਭੁਗਤਦਾ ਹੈ ਤਾਂ ਉਹ ਸਰਕਾਰਾਂ ਦੇ ਸਿੰਘਾਸਣਾਂ ਦੀਆਂ ਚੂਲਾਂ ਹਿਲਾ ਕੇ ਰੱਖ ਦਿੰਦਾ ਹੈ।ਉਨ੍ਹਾਂ ਕਿਹਾ ਕਿ ਮੁਲਾਜ਼ਮ ਤੇ ਪੈਨਸ਼ਨਰਜ਼ ਜਥੇਬੰਦੀਆਂ ਨੇ ਆਪਣੀਆਂ ਮੰਗਾਂ ਲਈ ਸਰਕਾਰ ਖ਼ਿਲਾਫ਼ ਧਰਨੇ ਮੁਜਾਹਰੇ ਕਰਕੇ ਸਰਕਾਰ ਨੂੰ ਪਹਿਲਾਂ ਹੀ ਅਗਾਹ ਕਰ ਦਿੱਤਾ ਸੀ ਕਿ ਉਸ ਦਾ ਚੋਣਾਂ ਵਿੱਚ ਬਾਈਕਾਟ ਹੋ ਜਾਵੇਗਾ।ਉਨ੍ਹਾਂ ਦੱਸਿਆ ਕਿ ਇੱਕ-ਇੱਕ ਮੁਲਾਜ਼ਮ ਅਤੇ ਪੈਨਸ਼ਨਰ ਨਾਲ ਉਨ੍ਹਾਂ ਦੇ ਪਰਵਾਰ ਵੀ ਜੁੜੇ ਹੋਏ ਹਨ, ਜੋ ਬਾਈਕਾਟ ਵਿੱਚ ਉਨ੍ਹਾਂ ਦੇ ਭਾਗੀਦਾਰ ਬਣੇ।ਉਨ੍ਹਾਂ ਮਾਨ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਅਜੇ ਵੀ ਸਮਾਂ ਹੈ ਕਿ ਉਹ ਕੰਧਾਂ 'ਤੇ ਲਿਖਿਆ ਪੜ੍ਹ ਲਵੇ ਅਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲੇ ਹੱਲ ਕਰ ਦੇਵੇ ਨਹੀਂ ਤਾਂ ਮੁਲਾਜ਼ਮਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਹੀ ਪਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਸਰਕਾਰ ਗੁਆ ਕੇ ਸੱਤਾ ਤੋਂ ਹੱਥ ਧੋਣਾ ਪੈ ਸਕਦਾ ਹੈ।

# ਜੈਤੋ ਵਿਖੇ ਅੱਜ ਧੂਮਧਾਮ ਨਾਲ ਮਨਾਇਆ ਜਾਵੇਗਾ ਸ੍ਰੀ ਸ਼ਨੀ ਜਨਮ ਉਤਸਵ : ਜਗਤ ਮਿੱਤਲ

**ਜੈਤੋ (ਸਤੀਸ਼ ਕੁਮਾਰ ਭੀਰੀ)**- ਸ਼ਹਿਰ ਦੀ ਪ੍ਰਾਚੀਨ ਧਾਰਮਿਕ ਸੰਸਥਾ ਸ੍ਰੀ ਸ਼ਨੀ ਦੇਵ ਮੰਦਰ (ਪਾਰਸ ਧਾਮ) ਜੈਤੋ ਵਿਖੇ ਸ੍ਰੀ ਸ਼ਨੀ ਜਨਮ ਉਤਸਵ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਜਿਸ ਦੀਆਂ ਤਿਆਰੀਆਂ ਬੜੀ ਜ਼ੋਰਾ ਸ਼ੋਰਾਂ ਨਾਲ ਚੱਲ ਰਹੀਆਂ ਹਨ। ਸ੍ਰੀ ਸ਼ਨੀ ਦੇਵ ਮੰਦਰ ਦੇ ਪ੍ਰਧਾਨ ਜਗਤਪਾਲ ਮਿੱਤਲ, ਸੀਨੀਅਰ ਆਗੂ ਮੁਕੇਸ਼ ਬਿੰਦਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ 6 ਜੂਨ ਦੀ ਸ਼ਾਮ ਨੂੰ ਸ੍ਰੀ ਸ਼ਨੀ ਜਨਮ ਉਤਸਵ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਸ਼ਿਲਾ ਪੂਜਨ ਆਸ਼ੂ ਮਿੱਤਲ ਅਤੇ ਰਾਜ ਕੁਮਾਰ ਗਰਗ ਪ੍ਰਧਾਨ ਮਾਰਵਾੜੀ ਸਭਾ ਜੈਤੋ ਦੇ ਪਰਵਾਰ ਵੱਲੋਂ ਕੀਤਾ ਜਾਵੇਗਾ ਅਤੇ ਮੂਰਤੀ ਪੂਜਨ ਰਮਨ ਗੋਇਲ ਸਿਧਾਂਸ਼ੂ ਜਿੰਦਲ ਦੇ ਪਰਵਾਰ ਵੱਲੋਂ ਤੇ ਇਸ ਦੇ ਨਾਲ ਹੀ ਨੌਂ ਗ੍ਰਹਿ ਪੂਜਨ ਅਮਨ ਬਾਂਸਲ ਭਰਤ ਭੂਸ਼ਣ (ਜਿੰਮੀ) ਵੱਲੋਂ ਕੀਤਾ ਜਾਵੇਗਾ। ਪ੍ਰਧਾਨ ਜਗਤ ਮਿੱਤਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਘਣੱਈਆ ਲਾਲ ਗਰਗ, ਅਸ਼ਵਨੀ ਕੁਮਾਰ ਗਰਗ, ਅਸ਼ੋਕ ਕੁਮਾਰ ਗਰਗ ਸਵਾਇਟ ਗਰੁੱਪ ਬਨੂੜ ਵਾਲੇ ਹੋਣਗੇ ਅਤੇ ਸੰਕੀਰਤਨ ਪੂਜਨ ਵੀ ਇਸ ਗਰਗ ਪਰਵਾਰ ਵੱਲੋਂ ਹੀ ਕੀਤਾ ਜਾਵੇਗਾ। ਦੂਸਰੇ ਵਿਸ਼ੇਸ਼ ਮਹਿਮਾਨ ਤੁਲਸੀ ਰਾਮ ਬਾਂਸਲ ਨਗਰ ਕੌਂਸਲਰ ਜੈਤੋ ਹੋਣਗੇ। ਰਾਤੀਂ ਆਰਤੀ ਸ੍ਰੀ ਸ਼ਨੀ ਸੇਵਾ ਮੰਡਲ ਜੈਤੋ ਅਤੇ ਜੈ ਭੋਲੇ ਡਾਕ ਕਾਵੜ ਸੰਘ ਜੈਤੋ ਵੱਲੋਂ ਕੀਤੀ ਜਾਵੇਗੀ। ਇਸ ਪ੍ਰੋਗਰਾਮ ਵਿੱਚ ਗਾਇਕ ਮਹੇਸ਼ ਚੋਪੜਾ ਐਂਡ ਪਾਰਟੀ ਮੋਗਾ ਵਾਲੇ ਆਪਣੇ ਭਜਨਾਂ ਨਾਲ ਭਗਤਾਂ ਨੂੰ ਨਿਹਾਲ ਕਰਨਗੇ। ਬਾਬਾ ਜੀ ਦਾ ਬਹੁਤ ਸੁੰਦਰ ਦਰਬਾਰ ਸਜਾਇਆ ਜਾਵੇਗਾ ਤੇ ਬੱਚਿਆਂ ਲਈ ਬਹੁਤ ਵਧੀਆ ਝੂਲਿਆਂ ਦਾ ਇੰਤਜ਼ਾਮ ਕੀਤਾ ਗਿਆ ਹੈ ਅਤੇ ਖਾਣ ਪੀਣ ਲਈ ਫਰੀ ਸਟਾਲਾਂ ਲਗਾਈਆਂ ਜਾਣਗੀਆਂ। ਕਿਸੇ ਸ਼ਨੀ ਭਗਤ ਵੱਲੋਂ ਭੰਡਾਰੇ ਦੀ ਫ੍ਰੀ ਗੁਪਤ ਸੇਵਾ ਕੀਤੀ ਗਈ ਹੈ। ਇਸ ਪ੍ਰੋਗਰਾਮ ਵਿੱਚ ਜੈ ਭੋਲੇ ਡਾਕ ਕਾਵੜ ਸੰਘ ਜੈਤੋ ਵੱਲੋਂ ਵਿਸ਼ੇਸ਼ ਸੇਵਾ ਨਿਭਾਈ ਜਾਵੇਗੀ। ਇਸ ਮੌਕੇ ਪ੍ਰਧਾਨ ਜਗਤਪਾਲ ਮਿੱਤਲ, ਮੁਕੇਸ਼ ਬਿੰਦਲ, ਬਿੱਟੂ ਸੋਢੀ, ਰਾਜੂ ਸੋਢੀ, ਸੋਨੂੰ ਸੋਢੀ, ਸਿੱਪੀ ਸਿੰਗਲਾ ਆਦਿ ਹਾਜ਼ਰ ਸਨ।

# ਆਲ ਇੰਡੀਆ ਪੱਧਰ 'ਤੇ ਹੋਈ ਨੀਟ ਪ੍ਰੀਖਿਆ 'ਚੋਂ 243ਵਾਂ ਰੈਂਕ ਲਿਆ



**ਤਪਾ ਮੰਡੀ (ਅਰੁਣ ਗੋਇਲ)** ਨੈਸ਼ਨਲ ਟੈਸਟ ਏਜੰਸੀ ਵੱਲੋਂ ਨੀਟ ਦੀ ਆਲ ਇੰਡੀਆ ਪੱਧਰ 'ਤੇ ਹੋਈ ਪ੍ਰੀਖਿਆਂ 'ਚੋਂ ਇੱਕ ਵਿਦਿਆਰਥੀ ਨੇ 243 ਵਾਂ ਰੈਂਕ ਪ੍ਰਾਪਤ ਕਰਕੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ, ਉਥੇ ਜ਼ਿਲ੍ਹੇ ਤੇ ਇਲਾਕੇ ਦਾ ਮਾਣ ਵੀ ਵਧਿਆ ਹੈ।

ਵਿਦਿਆਰਥੀ ਮੰਨਤ ਗੋਇਲ ਨੇ ਦੱਸਿਆ ਕਿ ਮੇਰੇ ਪਿਤਾ ਰਮੇਸ਼ ਗੋਇਲ (ਡਿਪਟੀ ਭੈਣੀ ਵਾਲੇ) ਇੱਕ ਦੁਕਾਨ ਕਰਦੇ ਹਨ ਤੇ ਮਾਤਾ ਰੌਜੀ ਗੁਪਤਾ ਇੱਕ ਘਰੇਲੂ ਔਰਤ ਹੈ ਤੇ ਮੇਰੀ ਭੈਣ ਚੰਡੀਗੜ੍ਹ 'ਚ ਮੈਡੀਕਲ ਵਿਸ਼ੇ 'ਚ ਬੀ.ਐਸ.ਸੀ ਕਰ ਰਹੀ ਹੈ। ਵਿਦਿਆਰਥੀ ਦਾ ਕਹਿਣਾ ਹੈ ਕਿ ਦਸਵੀਂ 'ਚੋਂ ਉਸ ਨੇ ਸ਼ਿਵਾਲਿਕ ਸਕੂਲ 'ਚੋਂ 98.8 ਫ਼ੀਸਦੀ ਅੰਕ ਲੈ ਕੇ ਮੈਰਿਟ 'ਚ ਆਇਆ ਸੀ। ਇਸੇ ਤਰ੍ਹਾਂ ਬਾਰ੍ਹਵੀ ਮੈਡੀਕਲ ਵਿਸ਼ੇ 'ਚੋਂ 97.4 ਫ਼ੀਸਦੀ ਅੰਕ ਲੈ ਕੇ ਜ਼ਿਲ੍ਹਾ ਬਠਿੰਡਾ 'ਚੋਂ ਦੂਜੀ ਪੁਜ਼ੀਸ਼ਨ ਹਾਸਲ ਕੀਤੀ। ਹੁਣ ਹੋਈ ਨੀਟ ਦੀ ਪ੍ਰੀਖਿਆ 'ਚੋਂ 720 'ਚੋਂ 715 ਅੰਕ ਲੈ ਕੇ ਆਲ ਇੰਡੀਆ ਪੱਧਰ 'ਤੇ 243 ਵਾਂ ਰੈਂਕ ਲਿਆ, ਜਿਸ ਦਾ ਕੁੱਲ ਫ਼ੀਸਦੀ 99.30 ਬਣਦਾ ਹੈ।

ਜਦ ਵਿਦਿਆਰਥੀ ਦਾ ਨਤੀਜਾ ਆਇਆ ਤਾਂ ਮੰਨਤ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ ਤੇ ਵਿਦਿਆਰਥੀਆਂ ਦਾ ਮਾਪਿਆਂ ਨੇ ਮੂੰਹ ਮਿੱਠਾ ਕਰਾਇਆ। ਵਿਦਿਆਰਥੀ ਨੇ ਦੱਸਿਆ ਕਿ ਹੁਣ ਉਹ ਡਾਕਟਰ ਬਣਕੇ ਲੋੜਵੰਦਾਂ ਦੀ ਸੇਵਾ ਕਰੇਗਾ, ਉਹ ਲਗਾਤਾਰ 13-14 ਘੰਟੇ ਪੜ੍ਹਾਈ ਕਰਕੇ ਇਸ ਮੁਕਾਮ ਤੇ ਪੁੱਜਾ ਹੈ ਤੇ ਅਪਣੇ ਕੁਨਬੇ 'ਚੋਂ ਦੂਸਰਾ ਡਾਕਟਰ ਬਣਨ ਜਾ ਰਿਹਾ ਹੈ। ਉਨ੍ਹਾਂ ਹੋਰਨਾਂ ਵਿਦਿਆਰਥੀਆਂ ਨੂੰ ਸੰਦੇਸ਼ ਦਿੱਤਾ ਕਿ ਵਟਸਅਪ ਜਾਂ ਫੇਸਬੁਕ ਨੂੰ ਛੱਡ ਕੇ ਪੜ੍ਹਾਈ ਵੱਲ ਧਿਆਨ ਦਿੱਤਾ ਜਾਵੇ, ਇਹੋ ਆਪਣਾ ਭਵਿੱਖ ਹੈ।

## ਕਾਤਰਾਂ

### ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਭਲਕੇ

**ਫਾਜ਼ਿਲਕਾ, (ਨਿਸ਼ਾ ਸ਼ਰਮਾ)**-ਖੇਤੀਬਾੜੀ ਅਤੇ ਕਿਸਾਨ ਕਲਿਆਣ ਵਿਭਾਗ ਫਾਜ਼ਿਲਕਾ ਵੱਲੋਂ ਜ਼ਿਲ੍ਹਾ ਪੱਧਰੀ ਕੈਂਪ 7 ਜੂਨ ਨੂੰ ਲਗਾਇਆ ਜਾ ਰਿਹਾ ਹੈ। ਇਹ ਕੈਂਪ ਫਾਜ਼ਿਲਕਾ ਦੇ ਸ਼ਾਹ ਪੈਲੇਸ (ਅਬੋਹਰ ਰੋਡ) ਫਾਜ਼ਿਲਕਾ ਵਿਖੇ ਲੱਗੇਗਾ । ਕੈਂਪ ਦੀ ਰਜਿਸਟ੍ਰੇਸ਼ਨ ਸਵੇਰੇ 8:30 ਵਜੇ ਸ਼ੁਰੂ ਹੋਵੇਗੀ ਅਤੇ ਕੈਂਪ ਦਾ ਉਦਘਾਟਨ 10 ਵਜੇ ਹੋਣ ਤੋਂ ਬਾਅਦ 10 ਤੋਂ 1 ਵਜੇ ਤੱਕ ਤਕਨੀਕੀ ਸੈਸ਼ਨ ਹੋਵੇਗਾ। ਖੇਤੀਬਾੜੀ ਅਫ਼ਸਰ ਡਾ. ਮਮਤਾ ਨੇ ਦੱਸਿਆ ਕਿ ਇਸ ਕੈਂਪ ਵਿਚ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਸਾਨਾਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਕੈਂਪ ਵਿਚ ਪੁੱਜਣ ਦਾ ਸੱਦਾ ਦਿੱਤਾ।

### ਦੋ ਵਿਅਕਤੀਆਂ ਦਰਮਿਆਨ ਹੋਏ ਝਗੜੇ ਦੇ ਮਾਮਲੇ 'ਚ ਕਰਾਸ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਮੰਡੀ ਗੋਬਿੰਦਗੜ੍ਹ ਵਿਖੇ ਦੋ ਵਾਹਨ ਚਾਲਕਾਂ ਦਰਮਿਆਨ ਹੋਏ ਕਥਿਤ ਝਗੜੇ ਦੇ ਮਾਮਲੇ 'ਚ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਦੋਵਾਂ ਵਿਅਕਤੀਆਂ ਵਿਰੁੱਧ ਕਰਾਸ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਮੁਤਾਬਕ ਕਰਮ ਚੰਦ ਨਾਮਕ ਵਿਅਕਤੀ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਕਿ 26 ਮਈ ਨੂੰ ਉਹ ਜਦੋਂ ਆਪਣੀ ਸਕੂਟਰੀ 'ਤੇ ਘਰ ਨੂੰ ਜਾ ਰਿਹਾ ਸੀ ਤਾਂ ਬਾਬਾ ਸੁੱਖਾ ਸਿੰਘ ਕਲੋਨੀ ਦੇ ਇੱਕ ਮੋੜ 'ਤੇ ਅਰਵਿੰਦਰ ਕੁਮਾਰ ਉਰਫ਼ ਬਿੰਦਰ ਨੇ ਆਪਣਾ ਮੋਟਰਸਾਈਕਲ ਉਸਦੀ ਸਕੂਟਰੀ 'ਚ ਮਾਰਿਆ, ਜਿਸ ਕਾਰਨ ਉਨ੍ਹਾਂ ਦਰਮਿਆਨ ਬਹਿਸਬਾਜ਼ੀ ਹੋ ਗਈ ਤਾਂ ਅਰਵਿੰਦਰ ਕੁਮਾਰ ਉਰਫ ਬਿੰਦਰ ਨੇ ਆਪਣੇ ਹੱਥ 'ਚ ਫੜੀ ਚਾਬੀ ਉਸਦੀ ਅੱਖ ਵਿੱਚ ਮਾਰੀ ਤੇ ਮੌਕੇ ਤੋਂ ਭੱਜ ਗਿਆ।ਅਰਵਿੰਦਰ ਕੁਮਾਰ ਉਰਫ਼ ਬਿੰਦਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਕਰਮਚੰਦ ਨੇ ਉਸ ਦੇ ਦੰਦੀ ਵੱਢ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ।ਕਰਮ ਚੰਦ ਤੇ ਅਰਵਿੰਦਰ ਕੁਮਾਰ ਉਰਫ਼ ਬਿੰਦਰ ਵਾਸੀਆਨ ਬਾਬਾ ਸੁੱਖਾ ਸਿੰਘ ਕਲੋਨੀ ਵਿਰੁੱਧ ਕਰਾਸ ਕੇਸ ਦਰਜ ਕਰਕੇ ਸਬ ਇੰਸਪੈਕਟਰ ਮਨਦੀਪ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

### ਮੋਟਰਸਾਇਕਲ ਚੋਰੀ ਦੇ ਦੋਸ਼ 'ਚ ਇੱਕ ਵਿਅਕਤੀ ਕਾਬੂ, ਪਰਚਾ ਦਰਜ

**ਜਲਾਲਾਬਾਦ, (ਜੀਤ ਕੁਮਾਰ)** ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਚੋਰੀ ਦਾ ਮੋਟਰ ਸਾਇਕਲ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਰਨੈਲ ਚੰਦ ਨੇ ਦੱਸਿਆ ਕਿ ਸ਼ਿਕਾਇਤਕਰਤਾ ਗੁਰਪ੍ਰੀਤ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਚੱਕ ਖੀਵਾ (ਥਾਣਾ ਸਦਰ ਜਲਾਲਾਬਾਦ) ਨੇ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਸੀ ਕਿ ਉਹ (ਮੁਦੱਈ) ਜਲਾਲਾਬਾਦ ਐਸ.ਬੀ.ਆਈ. ਬੈਂਕ ਵਿਚ ਗਿਆ ਸੀ ਅਤੇ ਮੋਟਰ ਸਾਇਕਲ ਸਪਲੈਡਰ ਨੂੰ ਬੈਂਕ ਦੇ ਬਾਹਰ ਰੋਕ ਕੇ ਅੰਦਰ ਕੰਮਕਾਜ ਲਈ ਗਿਆ ਸੀ। ਇਸ ਦੌਰਾਨ ਅਮਰ ਸਿੰਘ ਨੇ ਉਕਤ ਮੋਟਰਸਾਇਕਲ ਨੂੰ ਚਾਬੀ ਲਾ ਕੇ ਸਟਾਰਟ ਕਰਕੇ ਚੋਰੀ ਕਰਨ ਲੱਗਾ ਸੀ ਤਾਂ ਏਨੇ ਨੂੰ ਉਹ (ਮੁਦੱਈ) ਬੈਂਕ ਕੇ ਬਾਹਰ ਆ ਗਿਆ ਤੇ ਉਸਦਾ ਮੋਟਰ ਸਾਇਕਲ ਚੋਰੀ ਕਰ ਰਹੇ ਵਿਅਕਤੀ ਨੂੰ ਕਾਬੂ ਕਰਕੇ ਮੌਕੇ ਤੇ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ, ਜਿਸ 'ਤੇ ਥਾਣਾ ਸਿਟੀ ਵਿਖੇ ਪੁਲਸ ਨੇ ਮੁਦੱਈ ਗੁਰਪ੍ਰੀਤ ਸਿੰਘ ਦੇ ਬਿਆਨਾਂ ਦੇ ਅਧਾਰ ਤੇ ਅਮਰ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਖਾਈ ਫੇਮੇਕੇ (ਥਾਣਾ ਸਦਰ ਫ਼ਿਰੋਜ਼ਪੁਰ) ਦੇ ਖਿਲਾਫ਼ ਮੁਕੱਦਮਾ ਨੰਬਰ 85 ਮਿਤੀ 04-06-2024 ਨੂੰ ਧਾਰਾ 379 ਅਤੇ 411 ਆਈਪੀਸੀ ਤਹਿਤ ਦਰਜ ਕੀਤਾ ਗਿਆ ਹੈ। ਪੁਲਸ ਨੇ ਨਾਮਜ਼ਦ ਵਿਅਕਤੀ ਨੂੰ ਮੋਟਰ ਸਾਇਕਲ ਚੋਰੀ ਕਰਨ ਦੇ ਦੋਸ਼ ਵਿੱਚ ਕਾਬੂ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਕਾਂਗਰਸ ਹਲਕਾ ਰਾਮਪੁਰਾ ਫੂਲ 'ਚ ਭਾਜਪਾ ਤੋਂ ਵੀ ਪੱਛੜੀ

**ਭਗਤਾ ਭਾਈ ਕਾ (ਰਾਜੀਵ ਗੋਇਲ)** ਲੋਕ ਸਭਾ ਚੋਣਾਂ ਵਿੱਚ ਸੂਬੇ ਭਰ ਦੀ ਗੱਲ ਕੀਤੀ ਜਾਵੇ ਤਾਂ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪ੍ਰਧਾਨਗੀ ਹੇਠ ਕਾਂਗਰਸ ਦਾ ਪੱਲੜਾ ਕਾਫੀ ਭਾਰਾ ਰਿਹਾ ਤੇ ਕਾਂਗਰਸ ਦੀ ਝੋਲੀ ਸੱਤ ਸੀਟਾਂ ਪਈਆਂ ਹਨ, ਪਰ ਜੇਕਰ ਗੱਲ ਹਲਕਾ ਰਾਮਪੁਰਾ ਫੂਲ ਦੀ ਕੀਤੀ ਜਾਵੇ ਤਾਂ ਇੱਸ ਹਲਕੇ ਵਿੱਚ ਕਾਂਗਰਸ ਮੂੰਧੇ ਮੂੰਹ ਡਿੱਗੀ ਦਿਖਾਈ ਦੇ ਰਹੀ ਹੈ, ਇੱਥੋਂ ਤੱਕ ਕਿ ਹਲਕੇ ਵਿੱਚ ਭਾਜਪਾ ਵੱਲੋਂ ਕਾਂਗਰਸ ਨਾਲੋਂ ਵੀ ਵੱਧ ਵੋਟ ਬੈਂਕ ਹਾਸਲ ਕੀਤਾ ਗਿਆ ਹੈ। ਹਲਕਾ ਰਾਮਪੁਰਾ ਫੂਲ ਵਿੱਚ ਕਾਂਗਰਸ ਦੀ ਉਮੀਦਵਾਰ ਬੀਬੀ ਅਮਰਜੀਤ ਕੌਰ ਸਾਹੋਕੇ ਨੂੰ 12510 ਵੋਟਾਂ, ਹੰਸ ਰਾਜ ਹੰਸ ਨੂੰ 15252 ਵੋਟਾਂ, 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੂੰ 22893 ਵੋਟਾਂ, ਰਾਜਵਿੰਦਰ ਸਿੰਘ ਨੂੰ 11360 ਵੋਟਾਂ ਅਤੇ ਸਰਬਜੀਤ ਸਿੰਘ ਖਾਲਸਾ ਨੂੰ 40959 ਵੋਟਾਂ ਪ੍ਰਾਪਤ ਹੋਈਆਂ ਹਨ। ਹੁਣ ਜੇਕਰ ਗੱਲ ਕਾਂਗਰਸ ਦੇ ਗ੍ਰਾਫ਼ ਦੀ ਕੀਤੀ ਜਾਵੇ ਤਾਂ ਇਹਨਾਂ ਪ੍ਰਾਪਤ ਹੋਈਆਂ ਵੋਟਾਂ ਅਨੁਸਾਰ ਕਾਂਗਰਸ ਦਾ ਗ੍ਰਾਫ਼ ਪਹਿਲਾਂ ਨਾਲੋਂ ਹੋਰ ਥੱਲੇ ਡਿੱਗਿਆ ਹੈ। ਖੁੰਢ ਚਰਚਾ ਇਹ ਵੀ ਹੈ ਕਿ ਕਾਂਗਰਸੀਆਂ ਦੀ ਆਪਸੀ ਧੜੇਬੰਦੀ ਨੇ ਬੀਬੀ ਸਾਹੋਕੇ ਦਾ ਨੁਕਸਾਨ ਕੀਤਾ ਹੈ। ਇਕ ਪਾਸੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦਾ ਧੜਾ ਅਤੇ ਦੂਜੇ ਪਾਸੇ ਜਸ਼ਨਦੀਪ ਚਹਿਲ ਦਾ ਧੜਾ ਹੈ। ਭਾਵੇਂ ਕੁਝ ਵੀ ਹੋਵੇ, ਪਰ ਇਨ੍ਹਾਂ ਆਗੂਆਂ ਦੀ ਆਪਸੀ ਧੜੇਬੰਦੀ ਨੇ ਪਾਰਟੀ ਦਾ ਨੁਕਸਾਨ ਜ਼ਰੂਰ ਕੀਤਾ ਹੈ। ਇਨ੍ਹਾਂ ਚੋਣਾਂ ਵਿੱਚ ਇਹ ਲੋਕ ਭਾਵੇਂ ਹੀ ਰੈਲੀਆਂ, ਮੀਟਿੰਗਾਂ ਜ਼ਰੂਰ ਕਰਦੇ ਰਹੇ, ਪਰ ਆਮ ਲੋਕਾਂ ਦੇ ਬੂਹਿਆਂ ਤੱਕ ਕੋਈ ਨਾ ਪਹੁੰਚਿਆ।

# ਫ਼ਿਰੋਜ਼ਪੁਰ ਤੋਂ ਸ਼ੇਰ ਸਿੰਘ ਘੁਬਾਇਆ ਜਿੱਤੇ

## ਸਮਰਥਕਾਂ ਨੇ ਉਨ੍ਹਾਂ ਘਰ 'ਚ ਮਨਾਇਆ ਜਸ਼ਨ



**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**-ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਆਪਣੇ ਵਿਰੋਧੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਤੋਂ ਵੱਡੇ ਫਰਕ ਨਾਲ ਜਿੱਤ ਗਏ ਹਨ। ਸ਼ੇਰ ਸਿੰਘ ਘੁਬਾਇਆ ਨੇ ਕਾਕਾ ਬਰਾੜ ਨੂੰ 3242 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ। ਉਨ੍ਹਾਂ ਦੀ ਜਿੱਤ ਦੀ ਖੁਸ਼ੀ 'ਚ ਉਨ੍ਹਾਂ ਦੇ ਸਮਰਥਕਾਂ ਵੱਲੋਂ ਉਨ੍ਹਾਂ ਦੇ ਜੱਦੀ ਪਿੰਡ ਘੁਬਾਇਆ ਵਿਖੇ ਪਹੁੰਚ ਕੇ ਖੁਸ਼ੀ ਮਨਾਈ ਗਈ। ਇਸ ਮੌਕੇ ਢੋਲ ਦੇ ਡੱਗੇ 'ਤੇ ਨੱਚੇ ਅਤੇ ਲੱਡੂ ਵੰਡੇ ਗਏ। ਮੰਗਲਵਾਰ ਜਿਉਂ ਹੀ ਲੋਕ ਸਭਾ ਚੋਣਾਂ ਨੂੰ ਲੈ ਕੇ ਮਤਦਾਨ ਦੀ ਗਿਣਤੀ ਦਾ ਅਮਲ ਸ਼ੁਰੂ ਹੋਇਆ ਤਾਂ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਸ਼ੁਰੂਆਤੀ ਦੌਰ ਵਿੱਚ ਸ਼ੇਰ ਸਿੰਘ ਘੁਬਾਇਆ ਆਪਣੇ ਵਿਰੋਧੀ ਸ਼੍ਰੋਮਣੀ ਅਕਾਲੀ ਦਲ ਦੇ ਨਰਦੇਵ ਸਿੰਘ ਬੌਬੀ ਮਾਨ ਤੋਂ ਅੱਗੇ ਚਲਦੇ ਰਹੇ। ਬਾਅਦ 'ਚ ਨਰਦੇਵ ਸਿੰਘ ਬੌਬੀ ਮਾਨ ਵੀ ਕੁਝ ਰਾਊਂਡ ਵਿੱਚ ਅੱਗੇ ਰਹੇ।ਉਸ ਤੋਂ ਬਾਅਦ ਨਰਦੇਵ ਸਿੰਘ ਬੌਬੀ ਮਾਨ ਪਛੜ ਗਏ । ਫਿਰ ਮੁਕਾਬਲਾ ਆਪ ਦੇ ਕਾਕਾ ਬਰਾੜ ਨਾਲ ਰਿਹਾ ।ਅਖੀਰਲੇ ਰਾਊਂਡ ਵਿਚ ਮੁੱਖ ਮੁਕਾਬਲਾ ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ ਅਤੇ ਭਾਰਤੀ ਜਨਤਾ ਪਾਰਟੀ ਦੇ ਰਾਣਾ ਗੁਰਮੀਤ ਸਿੰਘ ਸੋਢੀ ਵਿਚਕਾਰ ਰਿਹਾ। ਇੱਥੇ ਦੱਸਣ ਯੋਗ ਹੈ ਕਿ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਲਗਾਤਾਰ ਛੇ ਵਾਰ ਅਕਾਲੀ ਦਲ ਦਾ ਉਮੀਦਵਾਰ ਜਿੱਤ ਚੁੱਕਾ ਹੈ। ਸਾਲ 1998, 99, 2004, 2009, 2014 ਅਤੇ 2019 ਤੋਂ ਅਕਾਲੀ ਦਲ ਦਾ ਉਮੀਦਵਾਰ ਹੀ ਜਿੱਤਦਾ ਆ ਰਿਹਾ ਹੈ। ਸ਼ੇਰ ਸਿੰਘ ਘੁਬਾਇਆ 2009 ਅਤੇ 14 ਵਿੱਚ ਵੀ ਇਸ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਸਦ ਮੈਂਬਰ ਬਣੇ।

# ਵਾਤਾਵਰਣ ਦੀ ਸੰਭਾਲ ਲਈ ਪਲਾਸਟਿਕ ਦੀ ਖਪਤ ਘਟਾਉਣਾ ਬਹੁਤ ਜ਼ਰੂਰੀ : ਡਾ. ਰਾਜੀਵ ਭੱਲਾ



**ਨਾਭਾ (ਵਰਿੰਦਰ ਵਰਮਾ)**-ਸਿਵਲ ਸਰਜਨ ਪਟਿਆਲਾ ਡਾ. ਸੰਜੇ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਨਾਭਾ ਡਾ. ਰਾਜੀਵ ਭੱਲਾ ਦੀ ਯੋਗ ਰਹਿਨੁਮਾਈ ਹੇਠ ਸਿਵਲ ਹਸਪਤਾਲ ਨਾਭਾ ਵਿਖੇ ਵਿਸ਼ਵ ਵਾਤਾਵਰਣ ਦਿਵਸ ਦੇ ਇਸ ਸਾਲ ਦੇ ਸਲੋਗਨ ਜ਼ਮੀਨ ਦੀ ਬਹਾਲੀ, ਮਾਰੂਥਲੀਕਰਨ ਅਤੇ ਸੋਕੇ ਦੀ ਲਚਕਤਾ ਤਹਿਤ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਵਾਤਾਵਰਣ ਦਿਵਸ ਦੇ ਸਲੋਗਨ ਅਨੁਸਾਰ ਜ਼ਮੀਨ ਦੀ ਬਹਾਲੀ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਜ਼ਰੂਰੀ ਹਨ ਤਾਂ ਜੋ ਜ਼ਮੀਨ ਨੂੰ ਮਾਰੂਥਲ ਬਣਨ ਅਤੇ ਸੋਕੇ ਤੋਂ ਰੋਕਿਆ ਜਾ ਸਕੇ। ਇਸ ਦੇ ਨਾਲ ਹੀ ਜੰਗਲਾਂ, ਪਹਾੜਾਂ ਅਤੇ ਸਮੁੰਦਰਾਂ ਵਿਚ ਮਨੁੱਖੀ ਗਤੀਵਿਧੀਆਂ ਨਾਲ ਹੋਣ ਵਾਲੇ ਨੁਕਸਾਨ ਨੂੰ ਰੋਕਣ ਅਤੇ ਵਾਤਾਵਰਣ ਨੂੰ ਪੁਨਰਜੀਵਤ ਕਰਨ 'ਤੇ ਵੀ ਕੇਂਦ੍ਰਤ ਕਰਨਾ ਜ਼ਰੂਰੀ ਹੈ।

ਇਸ ਮੌਕੇ ਡਾ. ਰਾਜੀਵ ਭੱਲਾ ਨੇ ਕਿਹਾ ਕਿ ਅਸੀਂ ਆਮ ਲੋਕਾਂ ਦੀ ਭਾਗੀਦਾਰੀ ਨਾਲ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਪਲਾਸਟਿਕ ਦੀ ਵਰਤੋਂ ਨੂੰ ਘਟਾਉਣ ਲਈ ਨਵੀਨ ਉਪਾਵਾਂ ਦੀ ਚੋਣ ਕਰਕੇ ਵਾਤਾਵਰਣ ਪ੍ਰਣਾਲੀ ਦੀ ਬਹਾਲੀ ਵਿੱਚ ਵੱਡਾ ਯੋਗਦਾਨ ਪਾ ਸਕਦੇ ਹਾਂ । ਸਾਡੇ ਆਲੇ-ਦੁਆਲੇ ਵੱਧ ਤੋਂ ਵੱਧ ਰੁੱਖ ਲਗਾਉਣ, ਆਸਪਾਸ ਦੇ ਇਲਾਕਿਆਂ ਵਿਚ ਸਫਾਈ ਦੀਆਂ ਗਤੀਵਿਧੀਆਂ, ਘੱਟ ਪਾਣੀ ਦੀ ਵਰਤੋਂ, ਊਰਜਾ-ਕੁਸ਼ਲ ਉਪਕਰਨਾਂ ਦੀ ਵਰਤੋਂ ਕਰਕੇ ਸਾਡੇ ਆਲੇ ਦੁਆਲੇ ਦੇ ਵਾਤਾਵਰਣ ਨੂੰ ਫਿਰ ਤੋਂ ਤਾਜ਼ਾ ਕੀਤਾ ਜਾ ਸਕਦਾ ਹੈ। ਕਰੋਨਾ ਮਹਾਂਮਾਰੀ ਦੇ ਦੌਰ ਵਿਚ, ਦੁਨੀਆ ਭਰ ਦੇ ਲੋਕਾਂ ਨੇ ਆਕਸੀਜਨ ਦੀ ਘਾਟ ਵੇਖੀ ਹੈ ਅਤੇ ਰੁੱਖ ਆਕਸੀਜਨ ਦਾ ਕੁਦਰਤੀ ਤੋਹਫ਼ਾ ਹਨ, ਜਿਸ ਨੂੰ ਕਿ ਅਸੀਂ ਭੁੱਲ ਜਾਂਦੇ ਹਾਂ। ਇਸ ਵਾਤਾਵਰਣ ਦਿਵਸ 'ਤੇ ਸਾਨੂੰ ਰਵਾਇਤੀ ਢੰਗ ਨਾਲ ਖਪਤ ਕਰਨ ਵਾਲੇ ਸਾਧਨਾਂ ਵੱਲ ਵਾਪਸ ਮੁੜਨ ਦੀ ਜ਼ਰੂਰਤ ਹੈ ਤਾਂ ਜੋ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੱਧ ਤੋਂ ਵੱਧ ਸਰੋਤ ਛੱਡ ਸਕੀਏ। ਕੁਦਰਤ ਨੂੰ ਧਿਆਨ ਵਿਚ ਰੱਖਦੇ ਹੋਏ ਵਿਕਾਸ ਨੂੰ ਪ੍ਰਾਪਤ ਕਰਨ ਦਾ ਟੀਚਾ ਸਾਡੀ ਦ੍ਰਿੜ੍ਹਤਾ ਅਤੇ ਵਚਨਬੱਧਤਾ 'ਤੇ ਨਿਰਭਰ ਕਰਦਾ ਹੈ ਤਾਂ ਜੋ ਦੇਸ਼ ਵਿਚ ਦਰਿਆਵਾਂ, ਪਹਾੜਾਂ ਅਤੇ ਦਰੱਖਤਾਂ ਦੇ ਨੁਕਸਾਨ ਨੂੰ ਰੋਕਿਆ ਜਾ ਸਕੇ। ਇਸ ਮੌਕੇ ਸਿਹਤ ਸੁਪਰਵਾਈਜ਼ਰ ਸੱਤਪਾਲ ਸਿੰਘ ਨੇ ਕਿਹਾ ਕਿ ਸਾਨੂੰ ਪਲਾਸਟਿਕ ਦੀ ਵਰਤੋਂ ਘੱਟ ਕਰਨ ਲਈ ਬਾਜ਼ਾਰ ਵਿੱਚੋਂ ਸਾਮਾਨ ਲੈ ਕੇ ਆਉਣ ਸਮੇਂ ਹਮੇਸ਼ਾ ਕੱਪੜੇ ਦਾ ਥੈਲਾ ਨਾਲ ਲੈ ਕੇ ਜਾਣਾ ਜ਼ਰੂਰੀ ਹੈ। ਸਾਨੂੰ ਪਲਾਸਟਿਕ ਨੂੰ ਅੱਗ ਨਹੀਂ ਲਗਾਉਣੀ ਚਾਹੀਦੀ। ਪਲਾਸਟਿਕ ਦੇ ਲਿਫਾਫਿਆਂ ਨੂੰ ਨਾਲੀ ਵਿੱਚ ਨਹੀਂ ਸੁੱਟਣਾ ਚਾਹੀਦਾ, ਇਨ੍ਹਾਂ ਨੂੰ ਰੀਸਾਈਕਲਿੰਗ ਲਈ ਕਬਾੜੀਏ ਨੂੰ ਦੇ ਦੇਣਾ ਚਾਹੀਦਾ ਹੈ। ਪ੍ਰਦੂਸ਼ਣ ਨੂੰ ਘੱਟ ਕਰਨ ਲਈ ਸਕੂਟਰ ਮੋਟਰਸਾਈਕਲ ਜਾਂ ਕਾਰ ਦੀ ਥਾਂ ਸਾਈਕਲ ਦੀ ਵਰਤੋਂ ਵੱਧ ਤੋਂ ਵੱਧ ਕਰਨੀ ਚਾਹੀਦੀ ਹੈ। ਇਸ ਮੌਕੇ ਡਾ. ਪ੍ਰਭਸਿਮਰਨ ਸਿੰਘ, ਲਖਵਿੰਦਰ ਸਿੰਘ ਡਿਪਟੀ ਮਾਸ ਮੀਡੀਆ ਅਫਸਰ, ਦਵਿੰਦਰ ਸਿੰਘ ਸਿਹਤ ਸੁਪਰਵਾਈਜ਼ਰ ਤੋਂ ਇਲਾਵਾ ਮਰੀਜ਼ ਅਤੇ ਆਮ ਜਨਤਾ ਮੌਜੂਦ ਸੀ।

# ਡਾ. ਧਰਮਵੀਰ ਗਾਂਧੀ ਦੀ ਜਿੱਤ 'ਤੇ ਸਾਬਕਾ ਮੰਤਰੀ ਧਰਮਸੋਤ ਨਾਲ ਸਮਰਥਕਾਂ ਨੇ ਕੀਤਾ ਖੁਸ਼ੀ ਦਾ ਇਜ਼ਹਾਰ



**ਨਾਭਾ (ਵਰਿੰਦਰ ਵਰਮਾ)**- ਲੋਕ ਸਭਾ ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਡਾ. ਧਰਮਵੀਰ ਗਾਂਧੀ ਦੀ ਜਿੱਤ 'ਤੇ ਕਾਂਗਰਸੀ ਵਰਕਰਾਂ ਨੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਰਿਹਾਇਸ਼ ਨਾਭਾ ਵਿਖੇ ਪਹੁੰਚ ਕੇ ਉਨ੍ਹਾਂ ਮੁਬਾਰਕਬਾਦ ਦਿੰਦਿਆਂ ਮੂੰਹ ਮਿੱਠਾ ਕਰਵਾਉਂਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ ਤੇ ਲੱਡੂ ਵੰਡੇ। ਇਸ ਮੌਕੇ ਸਾਧੂ ਸਿੰਘ ਧਰਮਸੋਤ ਨੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਾ. ਧਰਮਵੀਰ ਗਾਂਧੀ ਦੀ ਜਿੱਤ ਇਮਾਨਦਾਰੀ ਤੇ ਲੋਕਤੰਤਰ ਦੀ ਜਿੱਤ ਹੋਈ ਹੈ। ਉਨ੍ਹਾਂ ਕਿਹਾ ਲੋਕਾਂ ਨੇ ਧਰਮ ਅਤੇ ਝੂਠ ਦੀ ਰਾਜਨੀਤੀ ਨੂੰ ਨਕਾਰਦਿਆਂ ਕਾਂਗਰਸ ਨੂੰ ਫਤਵਾ ਦਿੱਤਾ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਾਂਗਰਸ ਦਿਹਾਤੀ ਦੇ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ, ਕਾਂਗਰਸ ਦੇ ਸੂਬਾ ਸਕੱਤਰ ਅਤੇ ਕੰਬਾਈਨ ਐਸੋਸੀਏਸ਼ਨ ਦੇ ਪ੍ਰਧਾਨ ਅਵਤਾਰ ਸਿੰਘ ਨੰਨੜੇ, ਸ਼ਹਿਰੀ ਪ੍ਰਧਾਨ ਵਿਵੇਕ ਸਿੰਗਲਾ, ਦਿਹਾਤੀ ਪ੍ਰਧਾਨ ਬਲਵਿੰਦਰ ਸਿੰਘ ਬਿੱਟੂ ਢੀਂਗੀ ਅਤੇ ਐਸ ਸੀ ਡਿਪਾਰਟਮੈਂਟ ਜ਼ਿਲ੍ਹਾ ਚੇਅਰਮੈਨ ਕੁਲਵਿੰਦਰ ਸਿੰਘ ਸੁੱਖੇਵਾਲ, ਸੀਨੀਅਰ ਆਗੂ ਹਰੀ ਕ੍ਰਿਸ਼ਨ ਸੇਠ, ਹਰਦੇਵ ਸਿੰਘ ਅਗੇਤੀ ਸਾਬਕਾ ਚੇਅਰਮੈਨ, ਜੋਧ ਸਿੰਘ ਨੋਹਰਾ ਸਾਬਕਾ ਸਰਪੰਚ, ਚਰਨਜੀਤ ਬਾਤਿਸ਼ ਪੀ ਏ, ਰੀਤਇਕਬਾਲ ਸਿੰਘ ਮਝੈਲ, ਇਛਿਆਮਾਨ ਸਿੰਘ ਭੋਜੋਮਾਜਰੀ, ਗੁਰਚਰਨ ਸਿੰਘ ਦੁਲੱਦੀ, ਜਤਿੰਦਰ ਜੱਤੀ ਅਭੇਪੁਰ, ਸੀਨੀਅਰ ਕਾਂਗਰਸੀ ਭਗਵੰਤ ਮਨਕੂ ਭਾਦਸੋਂ, ਗੁਰਬਖਸ਼ੀਸ਼ ਸਿੰਘ ਭੱਟੀ, ਦਲੀਪ ਕੁਮਾਰ ਬਿੱਟੂ, ਇੰਦਰਜੀਤ ਚੀਕੂ ਸਰਪੰਚ ਬੂਹੀ, ਈਸ਼ਰ ਸਿੰਘ ਸਰਪੰਚ ਕਕਰਾਲਾ, ਪਵਨ ਗਰਗ, ਬਲਵਿੰਦਰ ਸਿੰਘ ਬਬਲਾ ਪ੍ਰਧਾਨ ਸਰਪੰਚ ਯੂਨੀਅਨ, ਮਾਨਵ ਤਲਵਾੜ, ਗੁਰਦੀਪ ਸਿੰਘ ਸਾਬਕਾ ਸਰਪੰਚ ਸਾਧੋਹੇੜੀ, ਭੀਮ ਸਿੰਘ ਸਰਪੰਚ, ਆਇਆ ਸਿੰਘ ਸਰਪੰਚ, ਸੁਖਦੇਵ ਸਿੰਘ ਸੇਖੋਂ, ਗੁਰਚਰਨ ਸਿੰਘ ਦੁਲੱਦੀ, ਚਮਕੌਰ ਸਿੰਘ ਨਿੱਕੂ, ਦਰਸ਼ੀ ਠੇਕੇਦਾਰ, ਨੱਥੋ ਦੇਵੀ, ਗੁਰਮੀਤ ਸਿੰਘ ਬੂਹੀ, ਸਵਰਨ ਸਿੰਘ ਰਾਮਗੜ੍ਹ, ਚੂੰਨੀ ਲਾਲ ਭਾਦਸੋਂ, ਮਿੱਠੂ ਸੁੱਧੇਵਾਲ, ਹਰਬੰਸ ਸਿੰਘ ਮੱਲੇਵਾਲ, ਭੁਪਿੰਦਰ ਸਿੰਘ ਨਾਭਾ, ਮਨਜਿੰਦਰ ਸਿੰਘ ਜ਼ਿੰਦਗੀ, ਸੁਖਵੰਤ ਸਿੰਘ ਕੌਲ, ਕਰਨੈਲ ਸਿੰਘ ਸੰਮਤੀ ਮੈਂਬਰ, ਸੰਤੋਖ ਸਿੰਘ ਸਰਪੰਚ ਬੁੱਗਾ, ਕਮਲੇਸ਼ ਰਾਣੀ ਮਹਿਲਾ ਪ੍ਰਧਾਨ, ਬਹਾਦਰ ਸਿੰਘ ਸਰਪੰਚ ਸੋਜਾਂ, ਯਾਦਵਿੰਦਰ ਸਿੰਘ ਨੰਬਰਦਾਰ ਸੋਜਾਂ, ਅਮਰੀਸ਼ ਸਰਪੰਚ ਜੱਸੋਮਜਾਰਾ, ਹਰਪਾਲ ਸਿੰਘ ਚਹਿਲ, ਸੀਨੀਅਰ ਆਗੂ ਲਾਲ ਸਿੰਘ ਟੌਹੜਾ, ਅਵਤਾਰ ਸਿੰਘ ਮਠਾੜੂ, ਹਰਬੰਤ ਸਿੰਘ ਪੰਚ ਅਗੇਤਾ, ਚਮਕੌਰ ਸਿੰਘ ਅਗੇਤਾ, ਜਗਸੀਰ ਸਿੰਘ ਧਾਰੋਕੀ, ਰਾਜ ਕੁਮਾਰ ਹੱਲਾ, ਪਿਆਰਾ ਸਿੰਘ ਨੋਹਰਾ, ਬਾਬਾ ਬਚਿੱਤਰ ਸਿੰਘ ਸਰਪੰਚ, ਰਾਜੂ ਸਰਪੰਚ, ਮੇਜਰ ਸਿੰਘ ਭੋੜੇ ਸਰਪੰਚ, ਭੋਲਾ ਭਾਦਸੋਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਮੌਜੂਦ ਸਨ।

# ਵਿਕਾਸ ਮਿਸ਼ਨ ਨੇ ਟਾਂਕ ਕਸ਼ੱਤਰੀ ਸਭਾ ਦੇ ਪ੍ਰਧਾਨ ਰੱਖਰਾ ਨੂੰ ਵਧਾਈ ਦਿੱਤੀ : ਢੋਸੀਵਾਲ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ )**- ਪਿਛਲੇ ਦਿਨੀਂ ਸਥਾਨਕ ਕੱਚਾ ਥਾਂਦੇਵਾਲਾ ਰੋਡ ਸਥਿਤ ਨਾਮਦੇਵ ਭਵਨ ਵਿਖੇ ਸਥਾਨਕ ਟਾਂਕ ਕਸ਼ੱਤਰੀ ਸਭਾ ਦੀ ਵਿਸ਼ੇਸ਼ ਮੀਟਿੰਗ ਹੋਈ। ਮੀਟਿੰਗ ਵਿਚ ਟਾਂਕ ਕਸ਼ੱਤਰੀ ਭਾਈਚਾਰੇ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿਚ ਭਾਗ ਲਿਆ ਸੀ। ਮੀਟਿੰਗ ਦੌਰਾਨ ਲਾਇਨ ਨਿਰੰਜਣ ਸਿੰਘ ਰੱਖਰਾ ਨੂੰ ਸਰਬ ਸੰਮਤੀ ਨਾਲ ਸਥਾਨਕ ਟਾਂਕ ਕਸ਼ੱਤਰੀ ਸਭਾ ਦਾ ਪ੍ਰਧਾਨ ਚੁਣਿਆ ਗਿਆ।ਰੱਖਰਾ ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਚੇਅਰਮੈਨ ਹਨ ਅਤੇ ਪਿਛਲੇ ਲੰਮੇ ਸਮੇਂ ਤੋਂ ਆਪਣੀ ਬਰਾਦਰੀ ਅਤੇ ਸਮਾਜ ਦੀ ਸੇਵਾ ਦੇ ਕਾਰਜ ਕਰਦੇ ਆ ਰਹੇ ਹਨ। ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਰੱਖਰਾ ਨੂੰ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ ਹੈ। ਨਵੇਂ ਚੁਣੇ ਗਏ ਪ੍ਰਧਾਨ ਰੱਖਰਾ ਨੂੰ ਜੀ ਆਇਆਂ ਕਹਿਣ ਲਈ ਸਥਾਨਕ ਨਿੱਜੀ ਹੋਟਲ ਵਿਖੇ ਮਿਸ਼ਨ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ। ਪ੍ਰਧਾਨ ਢੋਸੀਵਾਲ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿਚ ਮਿਸ਼ਨ ਦੇ ਗਾਈਡ ਇੰਜ. ਅਸ਼ੋਕ ਕੁਮਾਰ ਭਾਰਤੀ, ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ ਸਮੇਤ ਡਾ. ਸੁਰਿੰਦਰ ਗਿਰਧਰ, ਓ.ਪੀ. ਖਿੱਚੀ, ਪ੍ਰਸ਼ੋਤਮ ਗਿਰਧਰ ਆਰ.ਏ., ਸਾਹਿਲ ਕੁਮਾਰ ਹੈਪੀ ਅਤੇ ਨਰਿੰਦਰ ਕਾਕਾ ਸਮੇਤ ਕਈ ਹੋਰ ਮੈਂਬਰ ਮੌਜੂਦ ਸਨ। ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਰੱਖਰਾ ਨੂੰ ਉਨ੍ਹਾਂ ਦੀਆਂ ਸਮਾਜ ਪ੍ਰਤੀ ਸ਼ਾਨਦਾਰ ਸੇਵਾਵਾਂ ਲਈ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੱਤੀ। ਮੀਟਿੰਗ ਦੌਰਾਨ ਮਿਸ਼ਨ ਮੈਂਬਰਾਂ ਵੱਲੋਂ ਰੱਖਰਾ ਨੂੰ ਗੁਲਦਸਤਾ ਭੇਟ ਕਰਕੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।

# 8 ਹਸਪਤਾਲਾਂ 'ਚ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਲਈ ਲਾਇਆ ਲੰਗਰ



**ਨਾਭਾ (ਵਰਿੰਦਰ ਵਰਮਾ)** ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਲਾਡਲੇ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਅਨੋਖੇ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਦੇ ਨਾਂਅ 'ਤੇ ਇਤਿਹਾਸਿਕ ਸ਼ਹਿਰ ਵਿੱਚ ਗ਼ਰੀਬ ਦਾ ਮੁੱਖ ਗੁਰੂ ਦੀ ਗੋਲਕ ਨੂੰ ਮੁੱਖ ਰੱਖਦਿਆਂ ਮਨੁੱਖਤਾ ਦੀ ਸੇਵਾ ਕਰਦੀ ਆ ਰਹੀ ਹੈ।ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੇਵਾ ਸੁਸਾਇਟੀ ਰਜਿਸਟਰ ਵੱਲੋਂ ਕੜਾਕੇ ਦੀ ਗਰਮੀ ਵਿੱਚ ਸ਼ਹੀਦਾਂ ਦੇ ਸਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਇੱਕ ਜੂਨ ਤੋਂ ਲੈ ਕੇ 6 ਜੂਨ ਤੱਕ ਦਰਬਾਰ ਸਾਹਿਬ ਵਿਖੇ ਸ਼ਹੀਦ ਹੋਏ ਸਿੰਘ ਸਿੰਘਣੀਆਂ ਦੀ ਯਾਦ ਨੂੰ ਸਮਰਪਤ ਪੀਜੀਆਈ ਹਸਪਤਾਲ ਚੰਡੀਗੜ੍ਹ ਗੇਟ ਨੰਬਰ ਇੱਕ, ਗੇਟ ਨੰਬਰ ਦੋ, ਛੋਟੀ ਪੀਜੀਆਈ ਸੈਕਟਰ 32, ਕੈਂਸਰ ਹਸਪਤਾਲ ਨਿਊ ਚੰਡੀਗੜ੍ਹ, ਪਟਿਆਲਾ ਰਜਿੰਦਰਾ, ਸਰਕਾਰੀ ਹਸਪਤਾਲ ਨਾਭਾ, ਕੈਂਸਰ ਹਸਪਤਾਲ ਸੰਗਰੂਰ, ਸਰਕਾਰੀ ਹਸਪਤਾਲ ਸੰਗਰੂਰ ਵਿਖੇ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਿਸਾਂ ਲਈ ਲੰਗਰ ਦੀਆਂ ਸੇਵਾਵਾਂ ਅਰਦਾਸ ਬੇਨਤੀ ਕਰਨ ਉਪਰੰਤ ਨਿਭਾਈਆਂ ਗਈਆਂ।ਇਹ ਜਾਣਕਾਰੀ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਅਮਨਦੀਪ ਸਿੰਘ ਲਵਲੀ, ਪ੍ਰਿਤਪਾਲ ਸਿੰਘ, ਅੰਟਾਲ ਸਿੰਘ, ਜਥੇਦਾਰ ਹਾਕਮ ਸਿੰਘ, ਜਥੇਦਾਰ ਹਰਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਜਸਵਿੰਦਰ ਪਾਲ ਸਿੰਘ ਸਿੱਪੀ, ਅਮਰਜੋਤ ਸਿੰਘ, ਅਸ਼ੋਕ ਅਰੋੜਾ, ਦਵਿੰਦਰ ਪਾਲ ਸਿੰਘ ਸੰਜੂ, ਜਥੇਦਾਰ ਕਰਮਜੀਤ ਸਿੰਘ ਅਲਹੋਰਾਂ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਸੁਖਵੰਤ ਸਿੰਘ ਕੌਲ, ਸੰਜੀਵ ਕੁਮਾਰ ਵੱਲੋਂ ਸਾਂਝੇ ਤੌਰ 'ਤੇ ਦਿੱਤੀ ਗਈ।

ਉਨ੍ਹਾਂ ਕਿਹਾ ਕਿ ਇਸ ਕਾਰਜ ਵਿੱਚ ਇਲਾਕੇ ਦੀਆਂ ਵੱਖ-ਵੱਖ ਸੁਸਾਇਟੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਸਿੱਖ ਜਥੇਬੰਦੀਆਂ ਤੇ ਸੰਗਤਾਂ ਵੱਲੋਂ ਵੱਡਾ ਅਥਾਹ ਸਹਿਯੋਗ ਮਿਲ ਰਿਹਾ ਹੈ।ਸੰਸਥਾ ਵੱਲੋਂ ਆਕਸੀਜਨ ਦੇ ਲੰਗਰ ਮਹੀਨਾਵਾਰੀ ਹੋਮਿਓਪੈਥਿਕ ਦੇ ਹਰ ਬਿਮਾਰੀਆਂ ਦੇ ਕੈਂਪ ਲਾ ਕੇ ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ।ਮਹੀਨਾਵਾਰੀ ਰਾਸ਼ਨ ਵੀ ਲੋੜਵੰਦ ਪਰਵਾਰਾਂ ਨੂੰ ਸੰਸਥਾ ਵੱਲੋਂ ਦਿੱਤੇ ਜਾਣ ਦੇ ਨਾਲ-ਨਾਲ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਦੀ ਮਦਦ ਵੀ ਕੀਤੀ ਜਾ ਰਹੀ ਹੈ।ਇਸ ਮੌਕੇ ਸੰਸਥਾ ਦੇ ਆਗੂਆਂ ਮੈਂਬਰਾਂ ਤੋਂ ਇਲਾਵਾ ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ ਦੇ ਮੁੱਖ ਸੇਵਾਦਾਰ ਮੈਂਬਰ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਮੰਡੀਆਂ 'ਚ ਮੱਕੀ ਦੀ ਆਮਦ ਸ਼ੁਰੂ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** - ਸਥਾਨਕ ਅਨਾਜ ਮੰਡੀ ਵਿਚ ਅੱਜ ਮੱਕੀ ਫਸਲ ਦੀ ਆਮਦ ਸ਼ੁਰੂ ਹੋ ਗਈ ਹੈ ਜਿਸ ਦੀ ਖੁੱਲ੍ਹੀ ਬੋਲੀ ਰਾਹੀਂ ਹੋਈ ਵਿਕਰੀ ਦੌਰਾਨ ਹੁਣ ਤੱਕ ਦਾ ਰਿਕਾਰਡਤੋੜ ਭਾਅ 2421 ਰੁਪਏ ਪ੍ਰਤੀ ਕੁਇੰਟਲ ਵਿਕੀ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਅੱਜ ਮਾਛੀਵਾੜਾ ਮੰਡੀ ਵਿਚ ਆੜ੍ਹਤੀ ਮੋਹਨ ਲਾਲ ਜਗਨਨਾਥ ਐਂਡ ਕੰਪਨੀ ਦੇ ਪਿੰਡ ਬਹਿਲੋਲਪੁਰ ਦਾ ਕਿਸਾਨ ਸੁਰਜੀਤ ਸਿੰਘ ਆਪਣੀ ਫਸਲ ਵੇਚਣ ਲਈ ਆਇਆ ਜਿੱਥੇ ਕਿ ਖੁੱਲ੍ਹੀ ਬੋਲੀ ਰਾਹੀਂ ਪ੍ਰਾਈਵੇਟ ਵਪਾਰੀ ਚਿਰਾਗ ਐਂਡ ਟਰੇਡਿੰਗ ਕੰਪਨੀ ਵਲੋਂ 2421 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰਦੀ ਖਰੀਦੀ। ਮਾਛੀਵਾੜਾ ਦਾਣਾ ਮੰਡੀ ਵਿਚ ਪਿਛਲੇ ਸਾਲ ਸੁੱਕੀ ਮੱਕੀ ਫਸਲ ਦਾ ਭਾਅ 1800 ਤੋਂ 2000 ਰੁਪਏ ਤੱਕ ਪ੍ਰਤੀ ਕੁਇੰਟਲ ਸੀ ਪਰ ਇਸ ਵਾਰ ਇਹ ਫਸਲ 2421 ਰੁਪਏ ਵਿਕਣ ਕਾਰਨ ਕਿਸਾਨ ਬਾਗੋ-ਬਾਗ ਦਿਖਾਈ ਦਿੱਤਾ। ਮਾਛੀਵਾੜਾ ਇਲਾਕੇ ਵਿਚ ਇਸ ਵਾਰ ਮੱਕੀ ਦੀ ਬਿਜਾਈ ਬਹੁਤ ਜਿਆਦਾ ਹੈ ਕਿਉਂਕਿ ਪਿਛਲੇ ਸਾਲ ਇਹ ਫਸਲ ਵਧੀਆ ਝਾੜ ਕਾਰਨ ਕਿਸਾਨਾਂ ਲਈ ਲਾਹੇਵੰਦ ਰਹੀ ਸੀ। ਅੱਜ ਸੱਚਾ ਸੌਦਾ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਹਰਜਿੰਦਰ ਸਿੰਘ ਖੇੜਾ ਤੇ ਟਹਿਲ ਸਿੰਘ ਔਜਲਾ ਨੇ ਕਿਹਾ ਕਿ ਕਿਸਾਨ ਸੁੱਕੀ ਮੱਕੀ ਦੀ ਫਸਲ ਮੰਡੀ ਵਿਚ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਵਾਜ਼ਿਬ ਮੁੱਲ ਮਿਲ ਸਕੇ। ਉਕਤ ਆੜ੍ਹਤੀਆਂ ਨੇ ਕਿਹਾ ਕਿ ਮਾਛੀਵਾੜਾ ਮੰਡੀ ਵਿਚ ਪਿਛਲੇ ਸਾਲ ਦੇ ਮੁਕਾਬਲੇ ਮੱਕੀ ਫਸਲ ਦੀ ਆਮਦ ਵੀ ਵਧੇਗੀ ਅਤੇ ਭਾਅ ਵੀ ਚੰਗਾ ਲੱਗੇਗਾ ਜਿਸਦਾ ਕਿਸਾਨਾਂ ਨੂੰ ਆਰਥਿਕ ਲਾਭ ਮਿਲੇਗਾ। ਇਸ ਮੌਕੇ ਸੁਰਿੰਦਰ ਬਾਂਸਲ, ਅਰਵਿੰਦਰਪਾਲ ਸਿੰਘ ਵਿੱਕੀ, ਐਡਵੋਕੇਟ ਕਪਿਲ ਆਨੰਦ, ਲਖਵੀਰ ਸਿੰਘ, ਸੰਜੀਵ ਮਲੋਤਰਾ, ਪੁਨੀਤ ਜੈਨ, ਜਤਿਨ ਚੌਰਾਇਆ, ਹੈਪੀ ਬਾਂਸਲ, ਵਿਨੀਤ ਜੈਨ, ਸ਼ਸ਼ੀ ਭਾਟੀਆ ਆਦਿ ਵੀ ਮੌਜੂਦ ਸਨ।

# ਚੋਣ ਪ੍ਰਕਿਰਿਆ ਸਫਲਤਾ-ਪੂਰਵਕ ਸੰਪੰਨ-ਸੇਨੂ ਦੁੱਗਲ ਵੱਲੋਂ ਸਮੂਹ ਧਿਰਾਂ ਦਾ ਧੰਨਵਾਦ

**ਫਾਜ਼ਿਲਕਾ ( ਨਿਸ਼ਾ ਸ਼ਰਮਾ )**-16 ਮਾਰਚ ਨੂੰ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਦੇ ਨਾਲ ਸ਼ੁਰੂ ਹੋਈ ਚੋਣ ਪ੍ਰਕਿਰਿਆ ਅੱਜ ਲੋਕ ਸਭਾ ਲਈ ਪਈਆਂ ਵੋਟਾਂ ਦੀ ਗਿਣਤੀ ਨਾਲ ਸੰਪੰਨ ਹੋਈ। ਫਾਜ਼ਿਲਕਾ ਜ਼ਿਲੇ ਵਿੱਚ ਫਾਜ਼ਿਲਕਾ ਅਤੇ ਜਲਾਲਾਬਾਦ ਹਲਕਿਆਂ ਦੀ ਗਿਣਤੀ ਫਾਜ਼ਿਲਕਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਹੋਈ ਜਦਕਿ ਅਬੋਹਰ ਅਤੇ ਬੱਲੂਆਣਾ ਦੀ ਗਿਣਤੀ ਅਬੋਹਰ ਦੇ ਡੀ ਏ ਵੀ ਕਾਲਜ ਕੈਂਪਸ ਵਿੱਚ ਹੋਈ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਦਿੱਤੀ।ਉਹ ਖੁਦ ਸਾਰੇ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਵੀ ਦਿਖਾਈ ਦਿੱਤੇ । ਇਸ ਮੌਕੇ ਡਿਪਟੀ ਕਮਿਸ਼ਨਰ ਨੇ ਖਾਸ ਤੌਰ 'ਤੇ ਚੋਣ ਪ੍ਰਕਿਰਿਆ ਦੌਰਾਨ ਸਹਿਯੋਗ ਕਰਨ ਲਈ ਸਮੂਹ ਰਾਜਨੀਤਿਕ ਪਾਰਟੀਆਂ ਅਤੇ ਚੋਣ ਪ੍ਰਕਿਰਿਆ ਨੂੰ ਮੁਕੰਮਲ ਕਰਨ ਵਿੱਚ ਯੋਗਦਾਨ ਦੇਣ ਵਾਲੇ ਹਰ ਇੱਕ ਕਿਹਾ ਕਿ ਸਮੂਹ ਵਿਭਾਗਾਂ ਦੇ ਕਰਮਚਾਰੀਆਂ ਨੇ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾ ਕੇ ਇਸ ਲੋਕਤੰਤਰ ਦੇ ਤਿਉਹਾਰ ਵਿੱਚ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਇਸ ਸਮੁੱਚੀ ਪ੍ਰਕਿਰਿਆ ਦੌਰਾਨ ਚੋਣ ਗਤੀਵਿਧੀਆਂ ਨੂੰ ਲੋਕਾਂ ਤੱਕ ਪ੍ਰਚਾਰਿਤ ਕਰਨ ਅਤੇ ਸਵੀਪ ਪ੍ਰੋਜੈਕਟ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਮੀਡੀਆ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਦੌਰਾਨ ਐਸ ਐਸ ਪੀ ਡਾ. ਪ੍ਰਗਿਆ ਜੈਨ ਵੀ ਸਮੁੱਚਾ ਦਿਨ ਗਿਣਤੀ ਕੇਂਦਰਾਂ ਤੇ ਸੁਰੱਖਿਆ ਸਥਿਤੀ ਦਾ ਜਾਇਜ਼ਾ ਲੈਂਦੇ ਦਿਖਾਈ ਦਿੱਤੇ ਤੇ ਉਨ੍ਹਾਂ ਦੀ ਨਿਗਰਾਨੀ ਹੇਠ ਪੁਲਸ ਵੱਲੋਂ ਗਿਣਤੀ ਕੇਂਦਰਾਂ 'ਤੇ ਸਖ਼ਤ ਸੁਰੱਖਿਆ ਇੰਤਜ਼ਾਮ ਕੀਤੇ ਗਏ ਸਨ। ਗਿਣਤੀ ਦਾ ਕਾਰਜ ਚੋਣ ਕਮਿਸ਼ਨ ਦੇ ਗਿਣਤੀ ਆਬਜ਼ਰਵਰਾਂ ਦੀ ਦੇਖ-ਰੇਖ ਵਿਚ ਹੋਇਆ। ਇਸ ਦੌਰਾਨ ਫਾਜ਼ਿਲਕਾ ਦੀ ਗਿਣਤੀ ਐਸ ਡੀ ਐਮ ਵਿਪਨ ਭੰਡਾਰੀ ਦੀ ਦੇਖ-ਰੇਖ ਵਿੱਚ ਹੋਈ ਜਦਕਿ ਜਲਾਲਾਬਾਦ ਦੀ ਗਿਣਤੀ ਐਸ ਡੀ ਐਮ ਬਲਕਰਨ ਸਿੰਘ ਦੀ ਦੇਖ-ਰੇਖ ਵਿੱਚ ਸੰਪੰਨ ਹੋਈ। ਬੱਲੂਆਣਾ ਦੀ ਗਿਣਤੀ ਏ ਆਰ ਓ ਕੰਮ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਅਮਰਿੰਦਰ ਸਿੰਘ ਮੱਲ੍ਹੀ ਅਤੇ ਅਬੋਹਰ ਦੀ ਗਿਣਤੀ ਐਸ ਡੀ ਐਮ ਅਬੋਹਰ ਪੰਕਜ ਬਾਂਸਲ ਦੀ ਦੇਖ-ਰੇਖ ਵਿੱਚ ਹੋਈ। ਇਸ ਦੌਰਾਨ ਏ ਡੀ ਸੀ ਜਨਰਲ ਰਾਕੇਸ਼ ਕੁਮਾਰ ਪੋਪਲੀ ਨੇ ਅਬੋਹਰ ਅਤੇ ਬੱਲੂਆਣਾ ਖੇਤਰਾਂ ਵਿੱਚ ਸਾਰੇ ਪ੍ਰਬੰਧਾਂ ਦਾ ਨਿਰੀਖਣ ਕੀਤਾ। ਜ਼ਿਲ੍ਹਾ ਚੋਣ ਅਫ਼ਸਰ ਨੇ ਗਿਣਤੀ ਪ੍ਰਕਿਰਿਆ ਦੌਰਾਨ ਡਿਊਟੀ ਦੇਣ ਵਾਲੇ ਸਮੁੱਚੇ ਗਿਣਤੀ ਸਟਾਫ਼ ਅਤੇ ਅਧਿਕਾਰੀਆਂ ਦੀ ਮਤਗਣਨਾ ਨੂੰ ਤਰਤੀਬਵਾਰ ਅਤੇ ਮਿੱਥੇ ਸਮੇਂ ਵਿੱਚ ਨੇਪਰੇ ਚਾੜ੍ਹਨ 'ਤੇ ਸ਼ਲਾਘਾ ਕੀਤੀ।

# ਲੋਕਾਂ ਦੇ ਫ਼ਤਵੇ ਦਾ ਸਨਮਾਨ ਕਰਦਾ ਹਾਂ : ਕਰਮਜੀਤ ਅਨਮੋਲ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਨਤੀਜਿਆਂ ਉੱਪਰ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਲੋਕਤੰਤਰ ਵਿੱਚ ਲੋਕ ਵੱਡੇ ਹੁੰਦੇ ਹਨ ਅਤੇ ਲੋਕਾਂ ਦੇ ਫ਼ਤਵੇ ਦਾ ਉਹ ਸਨਮਾਨ ਕਰਦੇ ਹਨ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਰਮਜੀਤ ਅਨਮੋਲ ਨੇ ਜੇਤੂ ਉਮੀਦਵਾਰ ਸਰਬਜੀਤ ਸਿੰਘ ਖ਼ਾਲਸਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਫ਼ਰੀਦਕੋਟ ਦੇ ਲੋਕਾਂ ਨੇ ਉਨ੍ਹਾ ਉੱਪਰ ਬਹੁਤ ਵੱਡਾ ਭਰੋਸਾ ਜਤਾਇਆ ਹੈ ਅਤੇ ਉਹ ਉਮੀਦ ਕਰਦੇ ਹਨ ਕਿ ਲੋਕਾਂ ਦੇ ਭਰੋਸੇ ਉੱਪਰ ਖਰਾ ਉੱਤਰਨਗੇ। ਕਰਮਜੀਤ ਅਨਮੋਲ ਨੇ ਕਿਹਾ ਕਿ ਸਵਾ ਦੋ ਮਹੀਨੇ ਚੱਲੇ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨੂੰ ਫ਼ਰੀਦਕੋਟ ਦੇ ਲੋਕਾਂ ਕੋਲੋਂ ਬਹੁਤ ਮਾਣ-ਸਨਮਾਨ ਅਤੇ ਸਾਥ ਮਿਲਿਆ, ਜਿਸ ਲਈ ਉਹ ਸਭ ਦਾ ਦਿਲੋਂ ਧੰਨਵਾਦੀ ਹਨ। ਉਨ੍ਹਾਂ ਪਾਰਟੀ ਦੇ ਵਿਧਾਇਕਾਂ, ਅਹੁਦੇਦਾਰਾਂ ਅਤੇ ਸਮੁੱਚੇ ਵਲੰਟੀਅਰਾਂ ਦਾ ਵੀ ਧੰਨਵਾਦ ਕੀਤਾ ਅਤੇ ਅਪੀਲ ਕੀਤੀ ਕਿ ਉਹ ਹਮੇਸ਼ਾ ਲੋਕਾਂ ਦੀ ਸੇਵਾ ਵਿੱਚ ਪਹਿਲਾਂ ਨਾਲੋਂ ਵਧ ਕੇ ਕੰਮ ਕਰਨਗੇ। ਉਨ੍ਹਾਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵੀ ਧੰਨਵਾਦ ਕੀਤਾ। ਅਨਮੋਲ ਨੇ ਕਿਹਾ ਕਿ ਉਹ ਬਾਬਾ ਫ਼ਰੀਦ ਜੀ ਦੀ ਸਰਜ਼ਮੀਂ ਨਾਲ ਹਮੇਸ਼ਾ ਜੁੜੇ ਰਹਿਣਗੇ ਅਤੇ ਰਹੀਆਂ ਕਮੀਆਂ ਬਾਰੇ ਪਾਰਟੀ ਹਾਈ ਕਮਾਨ ਨਾਲ ਵਿਚਾਰ ਚਰਚਾ ਕਰਨਗੇ। ਕਰਮਜੀਤ ਅਨਮੋਲ ਨੇ ਫ਼ਿਲਮ ਇੰਡਸਟਰੀ ਦਾ ਵੀ ਧੰਨਵਾਦ ਕਰਦਿਆਂ ਕਿਹਾ ਕਿ ਕਈ ਮਹੀਨੇ ਚੱਲੇ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਦੇ ਚੋਣ ਪ੍ਰਚਾਰ ਵਿਚ ਫ਼ਿਲਮੀ ਕਲਾਕਾਰਾਂ ਨੇ ਵਧ ਚੜ੍ਹ ਕੇ ਸਾਥ ਦਿੱਤਾ, ਜਿਸ ਲਈ ਉਹ ਸਭ ਦਾ ਦਿਲੋਂ ਧੰਨਵਾਦੀ ਹਨ।

# ਪਹਿਲੀ ਵਾਰ ਲੋਕ ਸਭਾ ਚੋਣਾਂ 'ਚ ਭਾਜਪਾ ਵਰਕਰਾਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ : ਡਾ. ਸੀਮਾਂਤ ਗਰਗ



**ਮੋਗਾ, (ਇਕਬਾਲ ਸਿੰਘ ਖਹਿਰਾ)**- ਲੋਕ ਸਭਾ ਚੋਣਾਂ 2024 ਦੇ ਨਤੀਜਿਆਂ ਦੇ ਐਲਾਨ ਵਿੱਚ ਬੀ.ਜੇ.ਪੀ. ਪੰਜਾਬ ਵਿੱਚ ਪਹਿਲੀ ਵਾਰ ਭਾਜਪਾ ਵਰਕਰਾਂ ਦੇ ਸਹਿਯੋਗ ਨਾਲ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਚੋਣ ਲੜ ਕੇ ਵਧੀਆ ਕਾਰਗੁਜ਼ਾਰੀ ਲਈ ਧੰਨਵਾਦ ਦਾ ਹੱਕਦਾਰ ਹੈ। ਉਪਰੋਕਤ ਜਾਣਕਾਰੀ ਦਿੰਦਿਆਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਦੱਸਿਆ ਕਿ ਪਹਿਲਾਂ ਪੰਜਾਬ 'ਚ ਭਾਜਪਾ ਦੀਆਂ ਸੱਤ ਫ਼ੀਸਦੀ ਵੋਟਾਂ ਸਨ, ਜੋ ਹੁਣ ਵਧ ਕੇ 19 ਫ਼ੀਸਦੀ ਹੋ ਗਈਆਂ ਹਨ ਅਤੇ ਮੋਗਾ ਤੋਂ ਲੋਕ ਸਭਾ ਚੋਣਾਂ 'ਚ ਭਾਜਪਾ ਉਮੀਦਵਾਰ ਤੇ ਸੰਸਦ ਮੈਂਬਰ ਹੰਸ ਰਾਜ ਹੰਸ ਨੂੰ ਦੂਜਾ ਸਥਾਨ ਦਿੱਤਾ ਗਿਆ ਸੀ, ਦੁਆਰਾ ਪਾਈ ਗਈ ਵੋਟ ਵੀ ਇੱਕ ਚੰਗੀ ਸ਼ੁਰੂਆਤ ਹੈ। ਉਨ੍ਹਾਂ ਕਿਹਾ ਕਿ ਭਾਜਪਾ ਉਮੀਦਵਾਰ ਸੰਸਦ ਮੈਂਬਰ ਹੰਸ ਨੂੰ ਕਿਸਾਨਾਂ ਵੱਲੋਂ ਪਿੰਡਾਂ ਵਿੱਚ ਨਹੀਂ ਜਾਣ ਦਿੱਤਾ ਗਿਆ ਅਤੇ ਜਿਨ੍ਹਾਂ ਪਿੰਡਾਂ ਵਿੱਚ ਸੰਸਦ ਮੈਂਬਰ ਹੰਸ ਚੋਣ ਪ੍ਰਚਾਰ ਕਰਨ ਜਾਂਦੇ ਸਨ, ਉਨ੍ਹਾਂ ਦਾ ਕਿਸਾਨਾਂ ਵੱਲੋਂ ਵਿਰੋਧ ਕੀਤਾ ਗਿਆ। ਜਿਸ ਕਾਰਨ ਭਾਜਪਾ ਦੇ ਅਧਿਕਾਰੀ ਤੇ ਵਰਕਰ ਪਿੰਡਾਂ ਵਿੱਚ ਆਪਣੇ ਚੋਣ ਪ੍ਰਚਾਰ ਲਈ ਨਹੀਂ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਭਾਜਪਾ ਵਰਕਰਾਂ ਦੀ ਮਿਹਨਤ ਸਦਕਾ ਮਿਲੀ ਵੋਟ ਪ੍ਰਤੀਸ਼ਤਤਾ ਲਈ ਲੋਕ ਵੀ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਭਾਜਪਾ ਨੇ ਆਪਣੇ ਬਲਬੂਤੇ ਇਕੱਲਿਆਂ ਚੋਣਾਂ ਲੜੀਆਂ ਹਨ, ਜਿਸ ਨਾਲ ਭਾਜਪਾ ਵਰਕਰਾਂ ਦਾ ਉਤਸ਼ਾਹ ਵਧਿਆ ਹੈ ਅਤੇ ਇਨ੍ਹਾਂ ਚੋਣਾਂ ਵਿੱਚ ਭਾਜਪਾ ਵਰਕਰਾਂ ਤੇ ਅਧਿਕਾਰੀਆਂ ਨੇ ਵੀ ਇਕੱਲਿਆਂ ਚੋਣਾਂ ਲੜਨ ਦਾ ਤਜਰਬਾ ਹਾਸਲ ਕੀਤਾ ਹੈ। ਜਿਸ ਕਾਰਨ ਭਵਿੱਖ ਵਿੱਚ ਪੰਜਾਬ ਵਿੱਚ ਜਦੋਂ ਵੀ ਵਿਧਾਨ ਸਭਾ ਚੋਣਾਂ ਹੋਣਗੀਆਂ ਤਾਂ ਭਾਜਪਾ ਆਪਣੇ ਬਲਬੂਤੇ ਇਨ੍ਹਾਂ ਚੋਣਾਂ ਵਿੱਚ ਵੱਡੀ ਤਾਕਤ ਨਾਲ ਚੋਣ ਲੜ ਕੇ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਲੋਕ ਹੁਣ ਇਸ ਤੱਥ ਤੋਂ ਜਾਣੂ ਹੋ ਗਏ ਹਨ ਕਿ ਕਾਂਗਰਸ ਅਤੇ ਆਪ ਪਾਰਟੀ ਅੰਦਰੂਨੀ ਤੌਰ 'ਤੇ ਇਕੱਠੇ ਹਨ ਅਤੇ ਵੱਖ-ਵੱਖ ਹੋਣ ਦਾ ਬਹਾਨਾ ਲਗਾ ਕੇ ਬਾਹਰੀ ਤੌਰ 'ਤੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੇ ਗਰੀਬਾਂ, ਕਿਸਾਨਾਂ ਅਤੇ ਆਮ ਲੋਕਾਂ ਲਈ ਬਣਾਈਆਂ ਗਈਆਂ ਸਕੀਮਾਂ ਅਤੇ ਉਨ੍ਹਾਂ ਦਾ ਲਾਭ ਹੇਠਲੇ ਪੱਧਰ 'ਤੇ ਲਾਭਪਾਤਰੀਆਂ ਤੱਕ ਪਹੁੰਚਾਇਆ ਗਿਆ ਹੈ, ਜਿਸ ਕਾਰਨ ਭਾਜਪਾ ਨੂੰ ਲੋਕਾਂ ਦੀ ਵੋਟ ਪ੍ਰਤੀਸ਼ਤਤਾ 'ਚ ਵਾਧਾ ਹੋਇਆ ਹੈ । ਉਨ੍ਹਾਂ ਭਾਜਪਾ ਵਰਕਰਾਂ ਅਤੇ ਅਧਿਕਾਰੀਆਂ ਅਤੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਵੱਡੀ ਗਿਣਤੀ ਵਿੱਚ ਸੰਸਦ ਮੈਂਬਰ ਹੰਸ ਰਾਜ ਹੰਸ ਦੇ ਹੱਕ ਵਿੱਚ ਫਤਵਾ ਦਿੱਤਾ।

6-Jun-PAGE-8-Doaba.qxd 6/5/2024 10:07 PM Page 1



# ਸਰਬ ਨੌਜਵਾਨ ਵੈੱਲਫੇਅਰ ਸੁਸਾਇਟੀ ਨੇ ਮਨਾਇਆ ਵਾਤਾਵਰਨ ਦਿਵਸ

**ਫਗਵਾੜਾ ( ਜਸਵਿੰਦਰ ਢੱਡਾ )** ਸਰਬ ਨੌਜਵਾਨ ਵੈੱਲਫੇਅਰ ਸੁਸਾਇਟੀ (ਰਜਿ.) ਫਗਵਾੜਾ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਨੂੰ ਸਮਰਪਿਤ ਸਮਾਗਮ ਸਥਾਨਕ ਅਸ਼ੋਕ ਵਿਹਾਰ ਵਿਖੇ ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਨਹਿਰੂ ਯੁਵਾ ਕੇਂਦਰ, ਕਪੂਰਥਲਾ ਅਤੇ ਜੰਗਲਾਤ ਵਿਭਾਗ, ਫਗਵਾੜਾ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਸਮਾਗਮ ਦਾ ਮਨੋਰਥ 'ਵਾਤਾਵਰਣ ਦੀ ਸੁਰੱਖਿਆ ਲਈ ਪਲਾਸਟਿਕ ਦੀ ਘੱਟ ਵਰਤੋਂ' ਦਾ ਸੰਦੇਸ਼ ਦੇਣਾ ਸੀ। ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਵਜੋਂ ਹਰਦੀਪ ਕੁਮਾਰ ਅਡੀਸ਼ਨਲ ਐੱਸ.ਈ. ਪਾਵਰਕਾਮ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਐੱਸ.ਐਚ.ਓ ਸਿਟੀ ਜਤਿੰਦਰ ਕੁਮਾਰ ਨੇ ਸ਼ਿਰਕਤ ਕੀਤੀ। ਸਮਾਗਮ ਦਾ ਉਦਘਾਟਨ ਅਸ਼ੋਕ ਵਿਹਾਰ ਵਿੱਚ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾ ਕੇ ਕੀਤਾ ਗਿਆ। ਮੁੱਖ ਮਹਿਮਾਨ ਇੰਜੀਨੀਅਰ ਹਰਦੀਪ ਕੁਮਾਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰੁੱਖ ਲਗਾਉਣੇ, ਧਰਤੀ ਹੇਠਲੇ ਪਾਣੀ ਦੀ ਸੰਭਾਲ, ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ। ਇਸ ਦੇ ਲਈ ਦੇਸ਼ ਦੇ ਹਰ ਨਾਗਰਿਕ ਨੂੰ ਸੁਚੇਤ ਹੋ ਕੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਰੁੱਖਾਂ ਦੀ ਕਟਾਈ ਨਾਲ ਵਾਤਾਵਰਨ ਦਾ ਸੰਤੁਲਨ ਵਿਗੜ ਰਿਹਾ ਹੈ। ਐੱਸ.ਐੱਚ.ਓ ਜਤਿੰਦਰ ਕੁਮਾਰ ਨੇ ਪਲਾਸਟਿਕ ਦੀ ਵਰਤੋਂ ਬੰਦ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਸ਼ਹਿਰ ਨੂੰ ਹਰਿਆ ਭਰਿਆ ਰੱਖਣ ਲਈ ਰੁੱਖ ਵੱਧ ਤੋਂ ਵੱਧ ਲਗਾਉਣੇ ਚਾਹੀਦੇ ਹਨ। ਉਨ੍ਹਾਂ ਰਵਾਇਤੀ ਰੁੱਖਾਂ ਜਿਵੇਂ ਬੋਹੜ, ਪਿੱਪਲ, ਕਿੱਕਰ, ਟਾਹਲੀ ਆਦਿ ਦੀ ਸਾਂਭ ਸੰਭਾਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਰੁੱਖ ਹੋਣਗੇ ਤਾਂ ਹੀ ਮਨੁੱਖੀ ਜੀਵਨ ਸੁਰੱਖਿਅਤ ਹੈ ਨਹੀਂ ਤਾਂ ਮਨੁੱਖਤਾ ਨੂੰ ਵੱਡੀਆਂ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ। ਵਣ ਰੇਂਜ ਬਲਾਕ ਅਫ਼ਸਰ ਤੀਰਥ ਸਿੰਘ ਨੇ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਦਾ ਸੁਨੇਹਾ ਦਿੱਤਾ। ਉਨ੍ਹਾਂ ਦੱਸਿਆ ਕਿ ਕੋਈ ਵੀ ਸਮਾਜ ਸੇਵੀ ਸੰਸਥਾ ਬੂਟੇ ਲਗਾਉਣ ਲਈ ਵਿਭਾਗ ਨਾਲ ਸੰਪਰਕ ਕਰਕੇ ਫਰੀ ਬੂਟੇ ਪ੍ਰਾਪਤ ਕਰ ਸਕਦੀ ਹੈ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਘਟਣਾ ਇਸ ਉਪਜਾਊ ਸੂਬੇ ਨੂੰ ਮਾਰੂਥਲ ਵੱਲ ਲੈ ਜਾ ਰਿਹਾ ਹੈ ਜਿਸ ਨੂੰ ਹਰ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ। ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸੁਸਾਇਟੀ ਹਰ ਸਾਲ 'ਆਓ ਰਲ ਕੇ ਰੁੱਖ ਲਗਾਈਏ, ਜਿੰਨੇ ਲਾਈਏ, ਉਨ੍ਹੇ ਬਚਾਈਏ' ਸਿਰਨਾਵੇਂ ਹੇਠ ਰੁੱਖ ਲਗਾ ਕੇ ਵਾਤਾਵਰਣ ਸੰਭਾਲ ਦਾ ਸੁਨੇਹਾ ਦਿੰਦੀ ਹੈ। ਸੁਸਾਇਟੀ ਵੱਲੋਂ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਤੋਂ ਇਲਾਵਾ ਪਹਿਲਾਂ ਲਗਾਏ ਗਏ ਬੂਟਿਆਂ ਦੀ ਵਧੀਆ ਸੰਭਾਲ ਅਤੇ ਪਰਵਰਿਸ਼ ਕਰਨ 'ਤੇ ਬਖਸ਼ੀਸ਼ ਰਾਮ ਵਾਸੀ ਅਸ਼ੋਕ ਵਿਹਾਰ ਨੂੰ ਸਨਮਾਨਤ ਕੀਤਾ ਗਿਆ। ਮੰਚ ਸੰਚਾਲਨ ਸਭਾ ਦੇ ਉਪ ਪ੍ਰਧਾਨ ਰਵਿੰਦਰ ਸਿੰਘ ਰਾਏ ਵਲੋਂ ਬਾਖੂਬੀ ਕੀਤਾ ਗਿਆ। ਇਸ ਮੌਕੇ ਰਾਜ ਕੁਮਾਰ ਕਨੌਜੀਆ, ਰਵਿੰਦਰ ਸਿੰਘ ਰਾਏ, ਡਾ. ਵਿਜੇ ਕੁਮਾਰ, ਜਸ਼ਨ ਮਹਿਰਾ, ਸਾਹਿਬਜੀਤ ਸਾਬੀ, ਮਨਦੀਪ ਬਾਸੀ, ਅਨੂਪ ਦੁੱਗਲ, ਰਾਜ ਕੁਮਾਰ ਰਾਜਾ, ਮੈਨੇਜਰ ਜਗਜੀਤ ਸੇਠ, ਗੁਰਸ਼ਰਨ ਬਾਸੀ, ਸਵਰਨ ਚੰਦ, ਹਰੀਪਾਲ, ਬਖਸ਼ੀਸ਼ ਸਿੰਘ, ਸਤਵਿੰਦਰ ਸਿੰਘ, ਅਸ਼ੋਕ ਸ਼ਰਮਾ, ਕੁਸ਼ਾਗਰ ਜੈਨ, ਮੈਡਮ ਰਮਨਦੀਪ ਕੌਰ, ਮੈਡਮ ਸਪਨਾ ਸ਼ਾਰਦਾ, ਮੈਡਮ ਤਨੂ, ਮੈਡਮ ਆਸ਼ੂ ਬੱਗਾ, ਮੁਸਕਾਨ, ਪ੍ਰੀਆ, ਆਰਤੀ, ਕੁਲਦੀਪ, ਕਿਰਨ, ਖੁਸ਼ੀ, ਈਸ਼ਾ, ਗੁਰਲੀਨ, ਮਨਦੀਪ, ਰਜਨੀ, ਨਿਸ਼ਾ, ਕਾਜਲ, ਜੈਸਮੀਨ, ਹਰਜੋਤ, ਗੁਰਪ੍ਰੀਤ, ਕਾਜਲ, ਸੰਜਨਾ, ਰਾਧਿਕਾ, ਪਲਕ, ਮੇਘਾ, ਰਵੀਨਾ, ਨੀਲਾਕਸ਼ੀ, ਮਨਵੀਰ, ਸ਼ਿਲਪੀ, ਰਮਨ, ਸੁਨੈਨਾ, ਅਨੂ, ਸੋਨੀਆ, ਨੇਹਾ, ਜੋਤੀ, ਰੋਜ਼ੀ ਰਾਏ, ਸਨੇਹਾ, ਗੀਤਾ, ਦਲਜੀਤ ਕੌਰ, ਰਸ਼ਮੀ, ਪਲਕ, ਹਰਪ੍ਰੀਤ ਹਾਜ਼ਰ ਸਨ।



# ਬਾਬਾ ਨਾਗ ਦੇਵਤਾ ਮੰਦਰ ਮੈਂਗਰਵਾਲ ਵਿਖੇ ਸਾਲਾਨਾ ਭੰਡਾਰਾ ਸੰਪੰਨ



**ਅੱਡਾ ਸਰਾਂ, (ਕਾਜਲ)**- ਸ਼ਿਵਾਲਿਕ ਦੀਆਂ ਖ਼ੂਬਸੂਰਤ ਪਹਾੜੀਆਂ ਦੇ ਵਿਚਕਾਰ ਵਸੇ ਕੰਢੀ ਖੇਤਰ ਦੇ ਇਤਿਹਾਸਕ ਪਿੰਡ ਮੈਂਗਰਵਾਲ ਵਿਖੇ ਬਾਬਾ ਨਾਗ ਦੇਵਤਾ ਮੰਦਰ ਵਿੱਚ ਸਾਲਾਨਾ ਭੰਡਾਰਾ ਸ਼ਰਧਾ ਤੇ ਧੂਮਧਾਮ ਨਾਲ ਕਰਵਾਇਆ ਗਿਆ।ਭੰਡਾਰੇ ਦੌਰਾਨ ਵੱਖ-ਵੱਖ ਰਾਜਾਂ ਤੋਂ ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪਹੁੰਚ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਜਿਕਰਯੋਗ ਹੈ ਕਿ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ 'ਤੇ ਬਾਬਾ ਸੁਰੇਸ਼ ਸ਼ਾਹ ਕਪਾਹਟ ਵੱਲੋਂ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੁੜਨ ਦਾ ਉਪਦੇਸ਼ ਦਿੱਤਾ ਗਿਆ।ਕੰਜਕ ਪੂਜਨ ਉਪਰੰਤ ਸਮੂਹ ਸੰਗਤ ਨੂੰ ਲੰਗਰ ਵਰਤਾਇਆ ਗਿਆ। ਇਸ ਮੌਕੇ ਪ੍ਰੇਮਚੰਦ ਬਿੱਲੂ, ਹਰਬਿਲਾਸ, ਯਸ਼ਪਾਲ, ਸੁਰੇਸ਼ ਕੁਮਾਰ, ਕੁਲਭੂਸ਼ਣ ਕੁਮਾਰ ਆਦਿ ਹਾਜਰ ਸਨ।

# ਛਾਂਦਾਰ ਰੁੱਖ ਤੇ ਫਲਾਂ ਦੇ ਬੂਟੇ ਲਗਾ ਕੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ




**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਜੂਡੀਸ਼ੀਅਲ ਅਫਸਰਾਂ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਦੇ ਸਬੰਧ ਵਿੱਚ ਨਵੀਂ ਕੋਰਟ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਵੱਖ ਵੱਖ ਤਰ੍ਹਾਂ ਦੇ 80 ਛਾਂਦਾਰ ਰੁੱਖ ਅਤੇ ਫਲਾਂ ਦੇ ਬੂਟੇ ਲਗਾ ਕੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ । ਇਸ ਮੌਕੇ ਚੇਅਰਮੈਨ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਅਸ਼ੋਕ ਕਪੂਰ, ਵਧੀਕ ਜ਼ਿਲ੍ਹਾ ਤੇ ਸ਼ੈਸਨ ਜੱਜ-1 ਕਰੂਨੇਸ਼ ਕੁਮਾਰ, ਜ਼ਿਲ੍ਹਾ ਜੱਜ ( ਫੈਮਿਲੀ ਕੋਰਟ) ਹਰੀਸ਼ ਅਨੰਦ, ਸੀ.ਜੇ.ਐਮ -ਕਮ - ਸਕੱਤਰ, ਕਮਲਦੀਪ ਸਿੰਘ ਧਾਲੀਵਾਲ, ਚੀਫ ਜੂਡੀਸ਼ੀਅਲ ਮੈਜਿਸਟ੍ਰੇਟ ਅਪਰਾਜਿਤਾ ਜ਼ੋਸ਼ੀ, ਸਿਵਲ ਜੱਜ( ਜੂਨੀਅਰ ਡੀਵੀਜ਼ਨ) ਤਰਨਦੀਪ ਕੌਰ, ਸਿਵਲ ਜੱਜ (ਜੂਨੀਅਰ ਡੀਵੀਜਨ) ਐਂਨਚਲ ਧੀਰ, ਬਾਰ ਐਸ਼ੋਸੀਅਨ ਪ੍ਰਧਾਨ ਸਮਸ਼ੇਰ ਸਿੰਘ ਝਿੱਕਾ ਅਤੇ ਦਫਤਰ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਟਾਫ ਕਰਮਚਾਰੀ ਹਾਜ਼ਰ ਸਨ ।

ਇਸ ਮੌਕੇ ਜੂਡੀਸ਼ੀਅਲ ਅਫਸਰਾਂ ਵੱਲੋ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਵਾਤਾਵਰਨ ਨੂੰ ਹਰਿਆ-ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਹਰ ਮਨੁੱਖ ਲਾਵੇ ਇਕ ਰੁੱਖ ਦਾ ਸੁਨੇਹਾ ਦਿੱਤਾ ।

# ਵੋਟਰਾਂ ਤੇ ਵਰਕਰਾਂ ਦਾ ਕੀਤਾ ਧੰਨਵਾਦ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਆਮ ਆਦਮੀ ਪਾਰਟੀ ਹਾਲ ਸ਼ਾਮਲ ਹੋਏ ਲੋਕ ਇਨਸਾਫ਼ ਪਾਰਟੀ ਜ਼ਿਲ੍ਹਾ ਪ੍ਰਧਾਨ ਪੀ ਏ ਜੀ ਚੇਅਰਮੈਨ ਲੋਕ ਸੇਵਾ ਟਰੱਸਟ ਭਗਤ ਪੂਰਨ ਸਿੰਘ ਉੱਘੇ ਸਮਾਜ ਸੇਵਕ ਹਰਪ੍ਰੱਭਮਹਿਲ ਸਿੰਘ ਬਰਨਾਲਾ ਕਲਾਂ ਨੇ ਹਰ ਵੋਟਰ, ਵਰਕਰ, ਅਹੁਦੇਦਾਰ ਆਮ ਆਦਮੀ ਪਾਰਟੀ ਦਾ ਸਾਥ ਦੇਣ ਵਾਲੇ ਦੇ ਇਨਸਾਨ ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਨੇ ਇਨ੍ਹੀ ਗਰਮੀ ਵਿੱਚ ਵੀ ਮਲਵਿੰਦਰ ਸਿੰਘ ਕੰਗ ਨੂੰ ਐਮ ਪੀ ਅਨੰਦਪੁਰ ਸਾਹਿਬ ਬਣਾ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪਾਰਟੀ ਪ੍ਰਧਾਨ ਅਰਵਿੰਦ ਕੇਜਰੀਵਾਲ ਦੇ ਹੱਥ ਮਜ਼ਬੂਤ ਕੀਤੇ ਹਨ।

# ਘੱਲੂਘਾਰੇ ਨੂੰ ਸਮਰਪਿਤ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ





**ਅੱਡਾ ਸਰਾਂ (ਜਸਵੀਰ ਕਾਜਲ)**

ਪਿੰਡ ਕੰਧਾਲਾ ਜੱਟਾਂ ਵਿਖੇ ਸਥਿਤ ਬ੍ਰਹਮ ਗਿਆਨੀ ਬਾਬਾ ਬਿਸ਼ਨ ਸਿੰਘ ਦੇ ਅਸਥਾਨ ਵਿਖੇ ਘੱਲੂਘਾਰੇ ਨੂੰ ਸਮਰਪਿਤ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਛੋਲਿਆਂ ਦੇ ਪ੍ਰਸਾਦ ਦਾ ਲੰਗਰ ਲਗਾਇਆ ਗਿਆ। ਹੈਡ ਗ੍ਰੰਥੀ ਭਾਈ ਰਣਜੀਤ ਸਿੰਘ ਦੇ ਅਰਦਾਸ ਕਰਨ ਉਪਰੰਤ ਛਬੀਲ ਅਤੇ ਲੰਗਰ ਦੀ ਆਰੰਭਤਾ ਕੀਤੀ ਗਈ। ਇਹ ਲੰਗਰ ਬਾਬਾ ਬਿਸ਼ਨ ਸਿੰਘ ਸੇਵਾ ਸੋਸਾਇਟੀ ਅਤੇ ਨਗਰ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੌਕੇ ਪ੍ਰਧਾਨ ਅਮ੍ਰਿਤਪਾਲ ਸਿੰਘ ,ਸੀ ਏ ਕੈਪਟਨ ਸੁਰਿੰਦਰ ਸਿੰਘ, ਖਜਾਨਚੀ ਮਨਜੀਤ ਸਿੰਘ, ਸਹਾਇਕ ਖਜਾਨਚੀ ਤੇਜਿੰਦਰ ਸਿੰਘ ਬਿੱਲਾ, ਅਜੀਤ ਸਿੰਘ, ਸੁਰਿੰਦਰ ਸਿੰਘ, ਇੰਦਰਜੀਤ ਸਿੰਘ, ਸੁਖਵਿੰਦਰ ਸਿੰਘ, ਗੁਰਮੇਲ ਸਿੰਘ ਗੋਲੀ ਅਮ੍ਰਿਤਪਾਲ ਸਿੰਘ, ਦਰਸ਼ਨ ਸਿੰਘ ਤੋਂ ਇਲਾਵਾ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

# ਨਵਾਂ ਸ਼ਹਿਰ ਵਿਖੇ ਇਸਤਰੀ ਸਭਾ ਦਾ ਸਥਾਪਨਾ ਦਿਵਸ ਮਨਾਇਆ



**ਬੰਗਾ (ਅਵਤਾਰ ਕਲੇਰ)** ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਇਸਤਰੀ ਸਭਾ ਦਾ ਸਥਾਪਨਾ ਦਿਵਸ ਮਨਾਇਆ ਗਿਆ। ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਕਾਮਰੇਡ ਗੁਰਬਖਸ਼ ਕੌਰ ਰਾਹੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਦੀ ਸਥਾਪਨਾ 4 ਜੂਨ 1954 ਨੂੰ ਹੋਈ। ਅੱਜ ਅਸੀਂ ਸਥਾਪਨਾ ਦੇ ਵਾਸਤੇ ਸਹੁੰ ਖਾਂਦੇ ਹਾਂ ਕਿ ਸੰਵਿਧਾਨ ਵਿੱਚ ਮੌਜੂਦ ਨਿਆ, ਆਜ਼ਾਦੀ ,ਬਰਾਬਰੀ ਅਤੇ ਭਾਈਚਾਰਕ ਸਾਂਝ ਦੀ ਰਾਖੀ ਕਰਾਂਗੇ। ਔਰਤਾਂ ਨਾਲ ਹਰ ਤਰ੍ਹਾਂ ਦਾ ਭੇਦਭਾਵ ਸਿੱਖਿਆ ,ਸਿਹਤ, ਰੁਜ਼ਗਾਰ, ਖਾਧ ਸੁਰੱਖਿਆ, ਸਮਾਜਿਕ ਕਲਿਆਨ, ਸਮਾਜਿਕ ਸੁਰੱਖਿਆ ,ਔਰਤਾਂ ਦੇ ਖਾਣ ਪੀਣ, ਕੱਪੜੇ ਪਹਿਨਣ , ਆਪਣੇ ਫੈਸਲੇ ਆਪ ਲੈਣ ਤੇ ਪਾਬੰਦੀਆਂ ,ਇਹ ਸਾਰਾ ਕੁਝ ਔਰਤ ਵਿਰੁੱਧ ਹਿੰਸਾ ਹੈ ਅਸੀਂ ਔਰਤ ਜਾਤੀ ਵਿਰੁੱਧ ਇਸ ਭੇਦ ਭਾਵ ਨੂੰ ਖਤਮ ਕਰਨ ਲਈ ਆਪਣਾ ਸੰਘਰਸ਼ ਜਾਰੀ ਰੱਖਾਂਗੇ। ਉਹਨਾਂ ਕਿਹਾ ਕਿ ਕਰਨਾਟਕ ਵਿੱਚ ਸਕੂਲਾਂ ਵਿੱਚ ਬੁਰਕਾ ਪਹਿਨਣ 'ਤੇ ਲਗਾਈ ਪਾਬੰਦੀ ਅਤੇ ਇਰਾਨ ਵਿੱਚ ਬੁਰਕਾ ਪਾਉਣ ਤੋਂ ਨਾਂਹ ਕਰਨ ਕਰਕੇ ਇਕ ਸਮਾਜਿਕ ਕਾਰਕੁਨ ਦਾ ਕਤਲ ਕਰ ਦਿੱਤਾ ਗਿਆ। ਅਸੀਂ ਧਰਮ ਨਿਰਪੱਖ ਭਾਰਤ ਪ੍ਰਤੀ ਆਪਣੀ ਵਚਨ ਬੱਧਤਾ ਅਤੇ ਦੇਸ਼ ਵਿੱਚੋਂ ਰੂੜੀਵਾਦੀ ,ਫਿਰਕਾ ਪ੍ਰਸਤੀ ਤਾਕਤਾਂ ਨੂੰ ਖਤਮ ਕਰਨ ਲਈ ਵੀ ਆਪਣਾ ਸੰਘਰਸ਼ ਜਾਰੀ ਰੱਖਾਂਗੇ।ਅੱਜ ਅਸੀਂ ਬਰਾਬਰੀ ਦੇ ਸਮਾਜ ਵਾਸਤੇ ਰਾਜਨੀਤਿਕ ਅੰਦੋਲਨ ਨੂੰ ਹੋਰ ਮਜਬੂਤ ਕਰਨ ਦੀ ਕਸਮ ਖਾਂਦੇ ਹਾਂ ।ਅਸੀਂ ਆਪਣੇ ਪਰਿਵਾਰਾਂ ਅਤੇ ਸਮਾਜ ਵਿੱਚ ਡੂੰਘੀਆਂ ਜੜਾਂ ਜਮਾਈ ਬੈਠੀ ਪਿੱਤਰ ਸਤਾ ਨੂੰ ਖਤਮ ਕਰਨ ਦਾ ਵੀ ਸੰਕਲਪ ਲੈਂਦੇ ਹਾਂ। ਅਸੀਂ ਸਰਕਾਰਾਂ ਨੂੰ ਔਰਤਾਂ ਦੇ ਸਮਾਨਤਾ ਅਤੇ ਸੰਵਿਧਾਨਿਕ ਅਧਿਕਾਰਾਂ ਦੇ ਵਾਅਦੇ ਪੂਰੇ ਕਰਨ ਲਈ ਵੀ ਪ੍ਰੇਰਤ ਕਰਾਂਗੇ।ਅਸੀਂ ਭਾਜਪਾ ਅਤੇ ਆਰਐਸਐਸ ਵਰਗੀਆਂ ਔਰਤ ਵਿਰੋਧੀ ਅਤੇ ਬ੍ਰਾਹਮਣਵਾਦੀ ਤਾਕਤਾਂ ਨੂੰ ਹਰਾਉਣ ਦੀ ਵੀ ਸਹੁੰ ਖਾਂਦੇ ਹਾਂ। ਜਦੋਂ ਤੱਕ ਸਮਾਜ ਵਿੱਚ ਨਿਆ ਬਰਾਬਰੀ ਅਤੇ ਆਜ਼ਾਦੀ ਸਥਾਪਿਤ ਨਹੀਂ ਹੋ ਜਾਂਦੇ ਅਸੀਂ ਆਪਣਾ ਸੰਘਰਸ਼ ਜਾਰੀ ਰੱਖਾਂਗੇ। ਇਸ ਮੌਕੇ ਗੁਰਬਖਸ਼ ਕੌਰ ਰਾਹੋਂ, ਕਮਲੇਸ਼ ਕੌਰ, ਸੱਤਿਆ ਦੇਵੀ, ਜਸਵਿੰਦਰ ਲਾਲ, ਗੁਰਵਿੰਦਰ ਲਾਲ, ਸੰਤੋਖ ਪਾਲ ਆਦਿ ਹਾਜ਼ਰ ਸਨ।

# ਨੌਜਵਾਨ ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਨਾਲ ਜੁੜਨ : ਸਰਪੰਚ ਸੁਖਵਿੰਦਰਜੀਤ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਲਿਜਾਣ ਦੇ ਮੰਤਵ ਨਾਲ ਯੂਥ ਸਪੋਰਟਸ ਕਲੱਬ ਪਿੰਡ ਝਾਵਾਂ ਵਲੋ ਕਰਵਾਏ ਜਾ ਰਹੇ 5 ਦਿਨਾਂ ਕ੍ਰਿਕਟ ਟੂਰਨਾਮੈਂਟ ਦੀ ਸ਼ੁਰੂਆਤ ਧੂਮ-ਧਾਮ ਨਾਲ ਕੀਤੀ ਗਈ। ਕਲੱਬ ਦੇ ਪ੍ਰਧਾਨ ਸੋਨੂ ਝਾਵਾਂ ਦੀ ਦੇਖ-ਰੇਖ ਹੋ ਰਹੇ ਇਸ ਟੂਰਨਾਮੈਂਟ ਦਾ ਉਦਘਾਟਨ ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ ਨੇ ਕਰਦੇ ਹੋਏ ਕਲੱਬ ਦੇ ਇਸ ਸਾਰਥਕ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਹਾਜ਼ਰ ਨੌਜਵਾਨਾਂ ਨੂੰ ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਖੇਡ ਉਤਸਵ ਜਿੱਥੇ ਸਾਨੂੰ ਨਸ਼ਿਆਂ ਤੋਂ ਦੂਰ ਲਿਜਾਣ ਵਿੱਚ ਸਹਾਈ ਹੁੰਦੇ ਹਨ ਉੱਥੇ ਹੀ ਸਾਡੀ ਸਿਹਤ ਵਾਸਤੇ ਵੀ ਲਾਹੇਵੰਦ ਸਾਬਤ ਹੁੰਦੇ ਹਨ। ਇਸ ਮੌਕੇ ਪ੍ਰਧਾਨ ਸੋਨੂ ਝਾਵਾਂ ਨੇ ਦੱਸਿਆ ਕਿ 5 ਦਿਨਾਂ ਇਸ ਕ੍ਰਿਕਟ ਟੂਰਨਾਮੈਂਟ ਵਿੱਚ ਇਲਾਕੇ ਭਰ ਚੋਂ ਕਰੀਬ 25 ਟੀਮਾਂ ਭਾਗ ਲੈ ਰਹੀਆਂ ਹਨ ਜਿਸ ਦੌਰਾਨ ਪਹਿਲੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ ਪਹਿਲਾ ਇਨਾਮ 11000 ਰੁਪਏ ਤੇ ਜੇਤੂ ਟਰਾਫੀ ਅਤੇ ਦੂਸਰੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 7100 ਰੁਪਏ ਤੇ ਯਾਦਗਾਰੀ ਟਰਾਫੀ ਨਾਲ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਹੋਰ ਦੱਸਿਆ ਕਿ ਟੂਰਨਾਮੈਂਟ ਦੇ ਉਦਘਾਟਨੀ ਮੈਚ ਵਿੱਚ ਮੇਜਬਾਨ ਝਾਵਾਂ ਦੀ ਟੀਮ ਨੇ ਹਰਸੀ ਪਿੰਡ ਦੀ ਟੀਮ ਨੂੰ 29 ਦੌੜਾਂ ਨਾਲ ਤੇ ਦੂਸਰੇ ਮੈਚ ਵਿੱਚ ਆਲਮਪੁਰ ਦੀ ਟੀਮ ਨੇ ਭਾਗੀਆਂ ਦੀ ਟੀਮ ਨੂੰ 6 ਦੌੜਾਂ ਨਾਲ ਹਰਾਇਆ ।ਇਸ ਮੌਕੇ ਸਮਾਜ ਸੇਵਕ ਕਰਮਜੀਤ ਸਿੰਘ ਝਾਵਰ, ਸਾਬਕਾ ਸਰਪੰਚ ਭਾਗ ਸਿੰਘ, ਪੰਚ ਰਵਿੰਦਰ ਸਿੰਘ, ਪੰਚ ਹਰਦੇਵ ਸਿੰਘ, ਪੰਚ ਜਸਵਿੰਦਰ ਸਿੰਘ ਸਾਰੇ, ਨੰਬਰਦਾਰ ਚਰਨਜੀਤ ਸਿੰਘ , ਜਸਵੰਤ ਸਿੰਘ, ਮਾਸਟਰ ਸੁਰਿੰਦਰ ਸਿੰਘ, ਕਰਮਜੀਤ ਸਿੰਘ, ਪਰਵੀਨ ਕੁਮਾਰ, ਬਲਵਿੰਦਰ ਸਿੰਘ, ਸੁੱਖ ਰਮਜ਼ਾਨ, ਸੋਨੂ ਪਰਧਾਨ, ਮਨਜੋਤ, ਮਾਦਾ, ਮਾਸਟਰ ਰਘਬੀਰ ਸਿੰਘ ਬਾਬਾ ਨਰਿੰਦਰ ਸਿੰਘ ਅਤੇ ਹੋਰ ਵੀ ਹਾਜ਼ਰ ਸਨ।

# ਪਸ਼ੂ ਪਾਲਣ ਵਿਭਾਗ ਨੇ ਬੂਟੇ ਲਾ ਕੇ ਮਨਾਇਆ ਵਿਸ਼ਵ ਵਾਤਾਵਰਣ ਦਿਵਸ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਪਸ਼ੂ ਪਾਲਣ ਵਿਭਾਗ ਵੱਲੋਂ ਅੱਜ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਹਰਮਨਿੰਦਰ ਸਿੰਘ ਤੇ ਡਿਪਟੀ ਡਾਇਰੈਕਟਰ ਵੈਟਰਨਰੀ ਮੈਡੀਕਲ ਸਟੋਰ ਡਾ. ਕਮਲਜੀਤ ਦੀ ਰਹਿਨੁਮਾਈ ਅਤੇ ਸੀਨੀਅਰ ਵੈਟਰਨਰੀ ਅਫ਼ਸਰ ਜਲੰਧਰ ਡਾ. ਰਾਮ ਮੂਰਤੀ ਮੱਟੂ ਅਤੇ ਸਹਾਇਕ ਡਾਇਰੈਕਟਰ ਪਸ਼ੂ ਪਾਲਣ ਡਾ. ਅਨਿਲ ਕੁਮਾਰ ਦੀ ਅਗਵਾਈ ਵਿੱਚ ਪਸ਼ੂ ਪਾਲਣ ਵਿਭਾਗ ਜਲੰਧਰ ਦੇ ਕੈਂਪਸ ਵਿੱਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ।

ਇਸ ਮੌਕੇ ਵਾਤਾਵਰਣ ਦੀ ਸ਼ੁੱਧਤਾ ਲਈ 25 ਛਾਂ ਦਾਰ ਬੂਟੇ ਲਗਾਏ ਗਏ। ਅਧਿਕਾਰੀਆਂ ਨੇ ਮਨੁੱਖੀ ਜੀਵਨ ਵਿੱਚ ਬੂਟਿਆਂ ਦੀ ਅਹਿਮੀਅਤ 'ਤੇ ਜ਼ੋਰ ਦਿੰਦਿਆਂ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਾਉਣ ਅਤੇ ਉਨ੍ਹਾਂ ਸਾਂਭ-ਸੰਭਾਲ ਕਰਨ ਦਾ ਸੱਦਾ ਦਿੱਤਾ।ਇਸ ਮੌਕੇ ਡਿਪਟੀ ਡਾਇਰੈਕਟਰ ਐਨ.ਆਰ.ਡੀ.ਡੀ.ਐਲ. ਜਲੰਧਰ ਡਾ. ਪਰਵਿੰਦਰ ਕੌਰ, ਡਾ. ਚਰਨਜੀਤ ਸਿੰਘ, ਡਾ. ਸੰਦੀਪ ਕੁਮਾਰ, ਡਾ. ਜੀ. ਐਸ. ਮਿਨਹਾਸ, ਡਾ. ਸੁਮੀਤ, ਸੀਨੀਅਰ ਵੈਟਰਨਰੀ ਇੰਸਪੈਕਟਰ ਅਸ਼ੋਕ ਕੁਮਾਰ, ਕਲਰਕ ਵਿਸ਼ਾਲ ਕੁਮਾਰ ਅਤੇ ਅਮਿਤ ਕੁਮਾਰ ਵੀ ਮੌਜੂਦ ਸਨ।



*ਲੋਕ ਸਭਾ ਜਲੰਧਰ ਸੀਟ ਤੋਂ ਕਾਂਗਰਸੀ ਉਮੀਦਵਾਰ ਚਰਨਜੀਤ ਸਿੰਘ ਦੀ ਜਿੱਤ ਦੀ ਲੱਡੂ ਵੰਡ ਕੇ ਖੁਸ਼ੀ ਮਨਾਉਂਦੇ ਹੋਏ ਦਰਸ਼ਨ ਸਿੰਘ ਕਰਵਲ ਪ੍ਰਧਾਨ ਨਗਰ ਕੌਂਸਲ , ਭੁਪਿੰਦਰ ਸਿੰਘ ਭਿੰਦਾ ਕੌਂਸਲਰ , ਦਸ਼ਵਿੰਦਰ ਕੁਮਾਰ ਚਾਂਦ ਸ਼ਹਿਰੀ ਪ੍ਰਧਾਨ ਤੇ ਹੋਰ। ਇਸ ਮੌਕੇ ਰਾਜ ਕੁਮਾਰ ਰਾਜੂ , ਜੋਗਿੰਦਰ ਪਾਲ ਕੌਂਸਲਰ, ਹਰਜਿੰਦਰ ਸਿੰਘ ਕਰਵਲ ਕੌਂਸਲਰ,ਅਜੇ ਸਿੰਗਾਰੀ, ਮੈਂਨੂੰ ਚਾਹਲ , ਲਤੀਫ ਮੁਹੰਮਦ ਦੂਹੜਾ, ਜਤਿੰਦਰ ਕੁਮਾਰ ਵਾਈਸ ਪ੍ਰਧਾਨ , ਜਗਦੀਪ ਢੱਡਾ, ਰਣਦੀਪ ਰਾਣਾ ਬਲਾਕ ਪ੍ਰਧਾਨ , ਮੋਹਨ ਲਾਲ, ਰਤਨਾ ਰਾਮ, ਧਰਮਿੰਦਰ ਕੁਮਾਰ ਸੈਲੀ , ਬਲਵੀਰ ਮੰਡੇਰਾ, ਸੱਤਿਆ ਦੇਵੀ ਚੇਅਰਪਰਸਨ, ਸੁਸ਼ਮਾ ਰਾਣੀ ਕੌਂਸਲਰ , ਬਲਵੀਰ ਕੌਰ, ਕਮਲਜੀਤ ਕੌਰ , ਰਾਣੀ , ਪਿੰਕੀ ਆਦਿ ਹਾਜ਼ਰ ਸਨ।*

*(ਫੋਟੋ ਅਤੇ ਵੇਰਵਾ ਪਰਮਜੀਤ ਸਿੰਘ ਆਦਮਪੁਰ)*

# ਰਾਜਪੁਰ ਕੰਢੀ ਵਿਖੇ ਤਿੰਨ ਰੋਜ਼ਾ ਛਿੰਝ ਮੇਲਾ 14 ਤੋਂ

**ਅੱਡਾ ਸਰਾਂ ( ਜਸਵੀਰ ਕਾਜਲ )**-ਡੇਰਾ ਸ੍ਰੀ 108, ਸੰਤ ਬਾਬਾ ਭੋਲਾ ਗਿਰ ਪਿੰਡ ਰਾਜਪੁਰ ਕੰਢੀ ਵਿਖੇ ਗੱਦੀ ਨਸ਼ੀਨ ਮਹੰਤ ਰਾਮ ਗਿਰ ਦੀ ਅਗਵਾਈ ਹੇਠ ਸਮੂਹ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਛਿੰਝ ਮੇਲਾ 14 ਜੂਨ ਤੋਂ ਧੂਮਧਾਮ ਅਤੇ ਉਤਸ਼ਾਹ ਨਾਲ ਸ਼ੁਰੂ ਹੋਵੇਗਾ। 13 ਜੂਨ ਨੂੰ ਸਵੇਰੇ 11 ਵਜੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ ਅਤੇ 14 ਜੂਨ ਸ਼ਾਮ ਨੂੰ 6 ਵਜੇ ਟਮਕ ਦੀ ਰਸਮ ਅਦਾ ਕੀਤੀ ਜਾਵੇਗੀ।

15 ਜੂਨ ਨੂੰ ਸਵੇਰੇ 11 ਵਜੇ ਤੋਂ 2 ਵਜੇ ਤੱਕ ਧਾਰਮਿਕ ਪੰਡਾਲ਼ ਸਜਾਇਆ ਜਾਵੇਗਾ ਜਿਸ ਵਿਚ ਸੰਤਾਂ ਦੇ ਅਨਮੋਲ ਬਚਨ ਅਤੇ ਸ਼ਬਦ ਕੀਰਤਨ ਹੋਵੇਗਾ ਅਤੇ 16 ਜੂਨ ਨੂੰ ਛਿੰਝ ਮੇਲਾ 3 ਵਜੇ ਸ਼ੁਰੂ ਹੋਵੇਗਾ। ਜਿਸ ਵਿਚ ਨਾਮਵਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪਹਿਲਵਾਨ ਆਪਣੇ ਕੁਸ਼ਤੀ ਦੇ ਜੌਹਰ ਦੇਖਾਉਣਗੇ। ਛਿੰਝ ਮੇਲੇ ਦੌਰਾਨ ਤਿੰਨ ਦਿਨ ਚਾਹ ਪਕੌੜਿਆਂ, ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਅਟੁੱਟ ਲੰਗਰ ਵਰਤੇਗਾ।

# ਬਾਬਾ ਜਾਹਰਾ ਪੀਰ ਦਰਬਾਰ 'ਤੇ ਜੋੜ ਮੇਲਾ 16 ਨੂੰ

**ਅੱਡਾ ਸਰਾਂ ( ਜਸਵੀਰ ਕਾਜਲ )**-ਨਜਦੀਕੀ ਪਿੰਡ ਦਾਰਾਪੁਰ ਵਿਖੇ ਬਾਬਾ ਜਾਹਰਾ ਪੀਰ ਦਰਬਾਰ 'ਤੇ ਬਾਬਾ ਬਲਵੰਤ ਸ਼ਾਹ ਦੀ ਰਹਿਨੁਮਾਈ ਹੇਠ 16 ਜੂਨ ਦਿਨ ਐਤਵਾਰ ਨੂੰ ਮੇਲਾ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਦਰਬਾਰ 'ਤੇ ਚਾਦਰ ਤੇ ਝੰਡਾ ਚੜ੍ਹਾਉਣ ਅਤੇ ਚਿਰਾਗ ਰੋਸ਼ਨ ਕਰਨ ਉਪਰੰਤ ਪੰਜਾਬ ਦੇ ਮਸ਼ਹੂਰ ਫਨਕਾਰ ਜਰਨੈਲ ਸੋਨੀ , ਅਜਮੇਰ ਐਂਡ ਪਾਰਟੀ ਗੜ੍ਹਦੀਵਾਲ, ਕਮਲ ਸੱਤਾ ਕਵਾਲ ਪਾਰਟੀ ਝੰਬੋਵਾਲ, ਪ੍ਰਿੰਸ ਸਿਸਟਰਜ ਨਵਾਂ ਸ਼ਹਿਰ ਤੋਂ ਇਲਾਵਾ ਰਾਜਨ ਐਂਡ ਨਕਲ ਪਾਰਟੀ ਸੀਕਰੀ ਆਦਿ ਆਪਣੇ ਫ਼ਨ ਦਾ ਮੁਜਾਹਰਾ ਕਰਨਗੇ। ਇਸ ਮੌਕੇ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਅਟੁੱਟ ਲੰਗਰ ਵੀ ਵਰਤਿਆ ਜਾਵੇਗਾ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਖੇਡ ਟਰਾਇਲ ਅੱਜ ਤੋਂ

**ਜਲੰਧਰ (ਸ਼ੈਲੀ ਐਲਬਰਟ)** -ਖੇਡਾਂ ਦੇ ਖੇਤਰ ਵਿਚ ਵੱਖਰੀ ਪਹਿਚਾਣ ਬਣਾ ਚੁੱਕੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਸੈਸ਼ਨ 2024-25 ਲਈ ਲੜਕਿਆਂ ਦੇ ਖੇਡ ਟ੍ਰਾਇਲ 06, 07 ਅਤੇ 08 ਜੂਨ ਨੂੰ ਕਾਲਜ ਦੇ ਬਲਬੀਰ ਸਿੰਘ ਖੇਡ ਸਟੇਡੀਅਮ ਵਿਚ ਆਯੋਜਿਤ ਕੀਤੇ ਜਾ ਰਹੇ ਹਨ । ਕਾਲਜ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਦੱਸਿਆ ਕਿ 06 ਜੂਨ ਨੂੰ ਐਥਲੈਟਿਕਸ, ਬਾਸਕਿਟਬਾਲ, ਬੈਡਮਿੰਟਨ, ਬੌਕਸਿੰਗ ਅਤੇ ਵਾਲੀਬਾਲ, ਮਿਤੀ 07 ਜੂਨ ਨੂੰ ਹਾਕੀ, ਰੈਸਲਿੰਗ, ਵੇਟ ਲਿਫਟਿੰਗ, ਹੈਂਡਬਾਲ ਅਤੇ ਕਰਾਟੇ, ਮਿਤੀ 08 ਜੂਨ ਨੂੰ ਫੁੱਟਬਾਲ, ਬੇਸਬਾਲ, ਖੋ-ਖੋ, ਟੈਨਿਸ ਅਤੇ ਕ੍ਰਿਕਟ ਦੇ ਟ੍ਰਾਇਲ ਹੋਣਗੇ।।

ਉਨ੍ਹਾਂ ਦੱਸਿਆ ਕਿ ਬਾਰਵੀਂ ਅਤੇ ਗਰੈਜੂਏਸ਼ਨ ਪਾਸ ਹੋਏ ਟਰਾਇਲ ਦੇਣ ਦੇ ਚਾਹਵਾਨ ਖਿਡਾਰੀ ਵਿਦਿਆਰਥੀ (ਲੜਕੇ) ਖੇਡ ਵਰਦੀ ਵਿੱਚ ਸਵੇਰੇ 9.00 ਵਜੇ ਕਾਲਜ ਗਰਾਊਂਡ ਵਿੱਚ ਆਪਣੇ ਵਿਦਿਅਕ ਅਤੇ ਖੇਡਾਂ ਦੇ ਅਸਲ ਸਰਟੀਫਿਕੇਟ ਲੈ ਕੇ ਹਾਜ਼ਰ ਹੋਣ। ਚੁਣੇ ਹੋਏ ਖਿਡਾਰੀਆਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣਗੀਆਂ।।

ਅੰਤਰ-ਕਾਲਜ, ਅੰਤਰਵਰਸਿਟੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖੇਡਾਂ ਵਿਚ ਭਾਗ ਲੈਣ ਦੇ ਮੌਕੇ ਮੁਹੱਈਆ ਕਰਵਾਏ ਜਾਣਗੇ।

# ਵਾਤਾਵਰਨ ਬਚਾਉਣ ਲਈ ਰੁੱਖ ਲਗਾਉਣੇ ਜ਼ਰੂਰੀ : ਡਾ. ਕੇਵਲ, ਡਾ. ਲਵਪ੍ਰੀਤ, ਇੰਦਰ ਸਾਹਨੀ





**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**- ਦਿਨ-ਬ-ਦਿਨ ਦਰੱਖਤਾਂ ਦੀ ਹੋ ਰਹੀ ਕਟਾਈ, ਘਰ ਘਰ ਏ.ਸੀ ਦੀ ਹੋ ਰਹੀ ਵਰਤੋਂ, ਵਹੀਕਲਾਂ ਦੇ ਸ਼ੋਰ, ਫੈਕਟਰੀਆਂ 'ਚੋਂ ਨਿਕਲ ਰਹੇ ਜਹਿਰੀਲੇ ਧੂਏਂ ਤੋਂ ਇਲਾਵਾ ਸੜਕ ਕਿਨਾਰੇ ਝਾੜੀਆਂ ਨੂੰ ਲਗਾਈ ਜਾ ਰਹੀ ਅੱਗ ਕਾਰਨ ਹਰਿਆਲੀ ਖਤਮ ਹੋ ਰਹੀ ਹੈ ਤੇ ਹਵਾ ਵਿੱਚ ਪ੍ਰਦੂਸ਼ਣ ਵੱਧਦਾ ਜਾ ਰਿਹਾ ਹੈ ਜਿਸ ਕਾਰਨ ਗਰਮੀਆਂ ਦੀ ਰੁੱਤ ਵਿੱਚ ਤਾਪਮਾਨ ਵੱਧਦਾ ਜਾ ਰਿਹਾ ਹੈ। ਜੇਕਰ ਇਹੀ ਹਾਲਾਤ ਬਣੇ ਰਹੇ ਤਾਂ ਆਉਣ ਵਾਲੇ ਸਮੇਂ ਵਿੱਚ ਦਿਨ ਦਾ ਤਾਪਮਾਨ 50-60 ਡਿਗਰੀ ਨੂੰ ਪਾਰ ਕਰ ਸਕਦਾ ਹੈ, ਜਿਸਦੇ ਸਦਕਾ ਜੀਵ-ਜੰਤੂਆਂ ਅਤੇ ਇਨਸਾਨੀ ਜ਼ਿੰਦਗੀ ਲਈ ਇਹ ਬੜਾ ਹੀ ਘਾਤਕ ਸਿੱਧ ਹੋ ਸਕਦਾ ਹੈ। ਅਜਿਹੇ ਹਾਲਾਤਾਂ ਨੂੰ ਕੰਟਰੋਲ ਕਰਨ ਲਈ ਹਰ ਸਮਾਜਿਕ ਸੰਸਥਾ ਨੂੰ ਸੈਮੀਨਾਰ ਆਯੋਜਿਤ ਕਰਕੇ ਜਿੱਥੇ ਖੁਦ ਰੁੱਖ ਲਗਾਉਣੇ ਚਾਹੀਦੇ ਹਨ ਉੱਥੇ ਆਮ ਜਨਤਾ ਨੂੰ ਵੀ ਰੁੱਖ ਲਗਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸੇ ਸੰਬੰਧ ਵਿੱਚ ਵਿਸ਼ਵ ਵਾਤਾਵਰਨ ਦਿਵਸ ਮੌਕੇ 'ਤੇ ਬੀ.ਆਰ ਕਾਜਲ ਹਸਪਤਾਲ ਟਾਂਡਾ ਵਿਖੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਰਿਟਾ: ਡਿਪਟੀ ਡਾਇਰੈਕਟਰ ਹੈਲਥ ਪੰਜਾਬ ਡਾ. ਕੇਵਲ ਸਿੰਘ ਕਾਜਲ, ਡਾ. ਲਵਪ੍ਰੀਤ ਸਿੰਘ ਪਾਬਲਾ, ਸੈਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਟਾਂਡਾ ਦੇ ਡਾਇਰੈਕਟਰ ਇੰਦਰ ਕੁਮਾਰ ਸਾਹਨੀ ਤੋਂ ਇਲਾਵਾ ਹੋਰ ਵੱਖ ਵੱਖ ਸੰਸਥਾਵਾਂ ਦੇ ਆਗੂਆਂ ਨੇ ਭਾਗ ਲਿਆ।ਇਕੱਠ ਨੂੰ ਸੰਬੋਧਨ ਕਰਦੇ ਹੋਏ ਡਾ. ਕੇਵਲ ਸਿੰਘ ਕਾਜਲ ਨੇ ਕਿਹਾ ਕਿ ਅੱਜ ਕੱਲ੍ਹ ਦੇ ਦੌਰ ਵਿੱਚ ਹਰ ਪਾਸੇ ਦਰੱਖਤਾਂ ਦੀ ਹੋ ਰਹੀ ਕਟਾਈ, ਜੰਗਲਾਂ ਵਿੱਚ ਅੱਗ ਲੱਗਣ ਕਾਰਨ ਖਤਮ ਹੋ ਰਹੇ ਦਰੱਖਤ ਅਤੇ ਸੜਕ ਕਿਨਾਰੇ ਉੱਗੀਆਂ ਝਾੜੀਆਂ ਦੀ ਸਫਾਈ ਕਰਨ ਦੀ ਬਜਾਏ ਉਸਨੂੰ ਅੱਗ ਲਗਾਉਣ ਦੇ ਵੱਧ ਰਹੇ ਰੁਝਾਨ ਕਾਰਨ ਹਵਾ ਵਿੱਚ ਪ੍ਰਦੂਸ਼ਣ ਫੈਲ ਰਿਹਾ ਹੈ ਜਿਸਦਾ ਨਵ ਜਨਮੇ ਬੱਚੇ ਅਤੇ ਬਜ਼ੁਰਗਾਂ ਦੀ ਸਿਹਤ ਤੇ ਬਹੁਤ ਹੀ ਮਾੜਾ ਅਸਰ ਪੈ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਦੂਸ਼ਿਤ ਹਵਾ ਕਾਰਨ ਕਈ ਪ੍ਰਕਾਰ ਦੀਆਂ ਬਿਮਾਰੀਆਂ ਵਿੱਚ ਵਾਧਾ ਹੁੰਦਾ ਹੈ ਅਤੇ ਕਈ ਬਿਮਾਰੀਆਂ ਜਾਨ ਲੇਵਾ ਸਾਬਿਤ ਹੋ ਰਹੀਆਂ ਹਨ।

ਡਾ. ਲਵਪ੍ਰੀਤ ਪਾਬਲਾ ਨੇ ਕਿਹਾ ਕਿ ਦਰਖਤ ਸਾਨੂੰ ਗਰਮੀ ਦੇ ਤਾਪਮਾਨ ਤੋਂ ਬਚਾਉਂਦੇ ਹਨ ਅਤੇ ਹਨੇਰੀ ਤੂਫਾਨ ਦੀ ਸਪੀਡ ਨੂੰ ਕੰਟਰੋਲ ਵਿੱਚ ਕਰਦੇ ਹਨ ਇਸ ਲਈ ਹਰ ਇਨਸਾਨ ਨੂੰ ਘੱਟੋ ਘੱਟ ਇੱਕ ਦਰੱਖਤ ਜ਼ਰੂਰ ਲਗਾਉਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੇ ਮਾੜੇ ਸਮੇਂ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਦਿਨ-ਬ-ਦਿਨ ਵੱਧ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਸਾਨੂੰ ਸਾਰਿਆਂ ਨੂੰ ਮਿਲ ਜੁਲ ਕੇ ਹੰਭਲਾ ਮਾਰਨਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਦਰੱਖਤ ਲਗਾਉਣੇ ਚਾਹੀਦੇ ਹਨ ਤਾਂ ਜੋ ਵੱਧ ਰਹੇ ਪ੍ਰਦੂਸ਼ਿਤ ਵਾਤਾਵਰਨ 'ਤੇ ਰੋਕ ਲਗਾਈ ਜਾ ਸਕੇ ਤੇ ਇਸ ਤੋਂ ਪੈਦਾ ਹੋਣ ਵਾਲੀਆਂ ਖਤਰਨਾਕ ਬਿਮਾਰੀਆਂ ਤੋਂ ਬਚਾ ਕੀਤਾ ਜਾ ਸਕੇ। ਇੰਦਰ ਕੁਮਾਰ ਸਾਹਨੀ ਨੇ ਕਿਹਾ ਕਿ ਹਰ ਇਨਸਾਨ ਨੂੰ ਆਪਣੇ ਘਰ ਦੀ ਗੈਲਰੀ ਅਤੇ ਛੱਤ ਤੇ ਹਰਿਆਲੀ ਵਾਲੇ ਬੂਟੇ ਜਰੂਰ ਲਗਾਉਣੇ ਚਾਹੀਦੇ ਹਨ ਇਸ ਨਾਲ ਜਿੱਥੇ ਆਪਣੇ ਆਸ ਪਾਸ ਹਰਿਆਲੀ ਵੇਖ ਕੇ ਮਨ ਨੂੰ ਖੁਸ਼ੀ ਮਿਲਦੀ ਹੈ ਉਥੇ ਵਾਤਾਵਰਣ ਦੀ ਹਵਾ ਵੀ ਸ਼ੁੱਧ ਹੁੰਦੀ ਹੈ।

ਉਨ੍ਹਾਂ ਲੋਕਾਂ ਨੂੰ ਪੁਰਜੋਰ ਅਪੀਲ ਕੀਤੀ ਕਿ ਵਾਤਾਵਰਨ ਸਾਫ ਸੁਥਰਾ ਰੱਖਣ ਲਈ ਆਪਣੇ ਆਸ ਪਾਸ ਦੀ ਗੰਦਗੀ ਨੂੰ ਸਾਫ ਰੱਖੋ ਅਤੇ ਪ੍ਰਦੂਸ਼ਣ ਰਹਿਤ ਹਵਾ ਲਈ ਵੱਧ ਤੋਂ ਵੱਧ ਰੁੱਖ ਲਗਾਓ ਅਤੇ ਆਪਣੇ ਸਾਥੀਆਂ ਨੂੰ ਵੀ ਦਰੱਖਤ ਲਗਾਉਣ ਲਈ ਪ੍ਰੇਰਿਤ ਕਰੋ। ਇਸ ਮੌਕੇ 'ਤੇ ਡਾਕਟਰ ਲਖਨ, ਡਾਕਟਰ ਜੋਗੇਸ਼, ਐਸ.ਐਮ ਭੱਟੀ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ, ਅਮਨਿੰਦਰ ਸਿੰਘ, ਗੁਰਮਿੰਦਰ ਸਿੰਘ, ਦੀਪਕ ਭੱਟੀ, ਹਿਮਾਂਸ਼ੂ, ਭਾਵਨਾ, ਮਨਪ੍ਰੀਤ, ਨੀਲਮ, ਪ੍ਰਿੰਸ, ਨਵਜੋਤ ਕੌਰ, ਕਵਿਤਾ, ਪਿਆਰਾ ਲਾਲ, ਨਵਜੋਤ ਸਿੰਘ, ਮਹਿੰਦਰ ਸਿੰਘ, ਦੀਪਕ ਮਾਲਹਾ, ਬਲਕਾਰ ਸਿੰਘ, ਪੰਡਿਤ ਸੰਤੋਸ਼, ਕਮਲ, ਲਵਪ੍ਰੀਤ ਸਿੰਘ, ਸਿਮਰਨ ਅਤੇ ਹੋਰ ਹਾਜ਼ਰ ਸਨ।

# ਚੋਰੀ ਕਰਨ ਵਾਲੇ 2 ਵਿਅਕਤੀ ਤੇ 1 ਔਰਤ ਗ੍ਰਿਫ਼ਤਾਰ

**ਫਗਵਾੜਾ (ਡਾ. ਰਮਨ)**

ਵਤਸਲਾ ਗੁਪਤਾ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਰੁਪਿੰਦਰ ਕੌਰ ਭੱਟੀ ਪੁਲਸ ਕਪਤਾਨ ਸਬ ਡਵੀਜ਼ਨ ਫਗਵਾੜਾ ਅਤੇ ਜਸਪ੍ਰੀਤ ਸਿੰਘ ਉਪ ਪੁਲਸ ਕਪਤਾਨ ਸਬ ਡਵੀਜ਼ਨ ਫਗਵਾੜਾ ਦੀ ਯੋਗ ਅਗਵਾਈ ਵਿੱਚ ਇੰਸਪੈਕਟਰ ਗੌਰਵ ਧੀਰ ਮੁੱਖ ਅਫਸਰ ਥਾਣਾ ਸਤਨਾਮਪੁਰਾ ਫਗਵਾੜਾ ਵਲੋਂ ਮਾੜੇ ਅਨਸਰਾਂ, ਲੁੱਟਾਂ ਖੋਹਾਂ ਕਰਨ ਵਾਲੇ ਵਿਅਕਤੀਆਂ ਖਿਲਾਫ ਵਿੱਢੀ ਗਈ ਸਪੈਸ਼ਲ ਮੁਹਿੰਮ ਅਧੀਨ ਲੁੱਟਾਂ ਖੋਹਾਂ ਅਤੇ ਚੋਰੀ ਕਰਨ ਵਾਲੇ 3 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਥਾਣਾ ਸਤਨਾਮਪੁਰਾ ਫਗਵਾੜਾ ਜ਼ਿਲ੍ਹਾ ਕਪੂਰਥਲਾ ਦੀਪਕ ਕੁਮਾਰ ਦਾਸ ਪੁੱਤਰ ਸ਼ੰਕਰ ਦਾਸ ਵਾਰਡ ਡੀ ਖਰਕਬੋਨੀ ਖਰਗਬਨੀ, ਮਧੂਬਨੀ, ਬਿਹਾਰ 847-224 ਹਾਲ ਵਾਸੀ ਰਾਣੋ ਪੰਚ ਪਿੰਡ ਹਰਦਾਸਪੁਰ ਥਾਣਾ ਸਤਨਾਮਪੁਰਾ ਫਗਵਾੜਾ, ਜ਼ਿਲ੍ਹਾ ਕਪੂਰਥਲਾ ਦੇ ਦਰਜ ਰਜਿਸਟਰ ਹੋਇਆ ਕਿ ਉਹ ਪੜ੍ਹਾਈ ਦੇ ਨਾਲ ਨਾਲ ਸਟੂਡੈਂਟ ਅੱਡਾ ਰੈਸਟੋਰੈਂਟ ਨਾਂਅ ਦੀ ਦੁਕਾਨ ਲਵਲੀ ਯੂਨੀਵਰਸਿਟੀ ਫਗਵਾੜਾ ਦੇ ਮੇਨ ਗੇਟ ਨਜ਼ਦੀਕ ਕਰਦਾ ਹੈ। 26 ਮਈ ਕਰੀਬ 08:30 ਵਜੇ ਰਾਤ ਦੁਕਾਨ ਬੰਦ ਕਰਕੇ ਆਪਣੇ ਸਾਈਕਲ 'ਤੇ ਆਪਣੇ ਕਮਰੇ ਵਿੱਚ ਜਾ ਰਿਹਾ ਸੀ। ਜਦੋਂ ਉਹ ਹਰਦਾਸਪੁਰ ਰੋਡ ਨਜ਼ਦੀਕ ਲਵਲੀ ਯੂਨੀਵਰਸਿਟੀ ਦੀ ਗਰਾਊਂਡ ਕੋਲ ਪੁੱਜਾ ਤਾਂ ਇੱਕ ਮੋਟਰਸਾਈਕਲ ਜਿਸ 'ਤੇ ਦੋ ਲੜਕੇ ਅਤੇ ਇੱਕ ਲੜਕੀ ਬੈਠੀ ਸੀ। ਜੋ ਉਤਰ ਕੇ ਉਸ ਪਾਸ ਆਏ ਅਤੇ ਉਸ ਦੀਆਂ ਅੱਖਾਂ ਵਿੱਚ ਲਾਈਟ ਮਾਰਨ ਲੱਗੇ। ਦੂਸਰੇ ਲੜਕੇ ਨੇ ਉਸ ਨੂੰ ਦਾਤਰ ਦਿਖਾ ਕੇ ਉਸ ਪਾਸੋਂ ਸਾਈਕਲ ਖੋਹ ਲਿਆ ਅਤੇ ਝੋਲੇ ਵਿੱਚ ਕਰੀਬ 37 ਹਜ਼ਾਰ ਰੁਪਏ ਅਤੇ ਥੋੜ੍ਹਾ ਖਾਣ ਪੀਣ ਦਾ ਸਮਾਨ ਸੀ, ਖੋਹ ਕੇ ਦੌੜ ਗਏ ਜਿਸ 'ਤੇ ਏ.ਐਸ.ਆਈ ਮਨਜੀਤ ਸਿੰਘ ਥਾਣਾ ਸਤਨਾਮਪੁਰਾ ਵਲੋਂ ਮੁਕੱਦਮਾ ਦੇ ਦੋਸ਼ੀਆਨ ਨੂੰ ਟ੍ਰੇਸ ਕਰਕੇ ਮਨਜੋਤ ਸਿੰਘ ਉਰਫ ਸਲੇਡਾ ਪੁੱਤਰ ਗੁਰਦੇਵ ਸਿੰਘ ਵਾਸੀ ਮਾਧੋਪੁਰ ਨੇੜੇ ਰਵਿਦਾਸ ਗੁਰਦੁਆਰਾ ਥਾਣਾ ਸਦਰ ਫਗਵਾੜਾ, ਅਕਾਸ਼ ਹੰਸ ਉਰਫ ਸਹਿਲ ਪੁੱਤਰ ਤਿਲਕ ਰਾਜ ਵਾਸੀ ਰਾਣੀਪੁਰ ਰਾਜਪੂਤਾਂ ਥਾਣਾ ਰਾਵਲਪਿੰਡੀ ਅਤੇ ਅਨੂੰ ਪਤਨੀ ਗੁਰਪ੍ਰੀਤ ਵਾਸੀ ਮਾਧੋਪੁਰ ਥਾਣਾ ਸਦਰ ਫਗਵਾੜਾ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ 1,000 ਰੁਪਏ ਭਾਰਤੀ ਕਰੰਸੀ, ਇੱਕ ਸਾਈਕਲ ਅਤੇ ਲੋਹਾ ਦਾਤਰ ਅਤੇ ਵਾਰਦਾਤ ਕਰਨ ਸਮੇਂ ਵਰਤਿਆ ਮੋਟਰਸਾਈਕਲ ਨੰਬਰ ਪੀ.ਬੀ 08 ਈ.ਪੀ 8110 ਮਾਰਕਾ ਹੀਰੋ ਸਪਲੈਂਡਰ ਨੂੰ ਬਰਾਮਦ ਕੀਤਾ ਹੈ।



# ਵਾਹਦ ਦੇ ਵਸਨੀਕਾਂ ਨੇ ਜੋਗਿੰਦਰ ਮਾਨ ਨਾਲ ਸਾਂਝੀ ਕੀਤੀ ਜਿੱਤ ਦੀ ਖੁਸ਼ੀ



**ਫਗਵਾੜਾ (ਡਾ. ਰਮਨ, ਢੱਡਾ)**

ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਅੱਜ ਪਿੰਡ ਵਾਹਦ ਵਿਖੇ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ ਅਤੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਡਾ: ਰਾਜ ਕੁਮਾਰ ਚੱਬੇਵਾਲ ਦੀ ਜਿੱਤ ਵਿੱਚ ਪਾਏ ਯੋਗਦਾਨ ਲਈ ਸਮੂਹ ਵੋਟਰਾਂ ਦਾ ਧੰਨਵਾਦ ਕੀਤਾ। ਪਿੰਡ ਵਾਸੀਆਂ ਨੇ ਜੋਗਿੰਦਰ ਮਾਨ ਨੂੰ ਗੁਲਦਸਤਾ ਭੇਟ ਕਰਕੇ 'ਆਪ' ਉਮੀਦਵਾਰ ਦੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਦੌਰਾਨ ਪੁਰਸ਼ੋਤਮ ਲਾਲ ਅਤੇ ਮਨਰੂਪ ਸਿੰਘ ਨੇ ਵਿਸ਼ਵਾਸ ਪ੍ਰਗਟਾਇਆ ਕਿ ਹਲਕਾ ਸਾਂਸਦ ਵਜੋਂ ਡਾ. ਰਾਜ ਕੁਮਾਰ ਚੱਬੇਵਾਲ ਆਪਣੇ ਐਮ.ਪੀ ਫੰਡ ਵਿੱਚੋਂ ਪਿੰਡ ਵਾਹਦ ਦੇ ਅਧੂਰੇ ਵਿਕਾਸ ਕਾਰਜਾਂ ਨੂੰ ਨਾ ਸਿਰਫ਼ ਪੂਰਾ ਕਰਵਾਉਣਗੇ ਬਲਕਿ ਨਵੇਂ ਪ੍ਰੋਜੈਕਟ ਲਿਆ ਕੇ ਵਾਹਦ ਨੂੰ ਨਮੂਨੇ ਦਾ ਪਿੰਡ ਬਣਾਉਣ ਦਾ ਯਤਨ ਕਰਨਗੇ। ਜੋਗਿੰਦਰ ਸਿੰਘ ਮਾਨ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਕੇਂਦਰ ਵਿੱਚ ਨਵੀਂ ਸਰਕਾਰ ਬਣਨ ਤੋਂ ਬਾਅਦ ਡਾ. ਰਾਜਕੁਮਾਰ ਚੱਬੇਵਾਲ ਸਮੇਤ ਆਪ ਪਾਰਟੀ ਦੇ ਤਿੰਨੇ ਚੁਣੇ ਹੋਏ ਸੰਸਦ ਮੈਂਬਰ ਪੰਜਾਬ ਦੇ ਵਿਕਾਸ ਨੂੰ ਪਹਿਲ ਦੇਣਗੇ ਅਤੇ ਪੰਜਾਬ ਅਤੇ ਪੰਜਾਬੀਆਂ ਦੇ ਮੁੱਦਿਆਂ ਨੂੰ ਪ੍ਰਮੁੱਖਤਾ ਨਾਲ ਲੋਕ ਸਭਾ ਵਿਚ ਉਠਾਉਣਗੇ। ਇਸ ਮੌਕੇ ਪਿੰਡ ਦੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਸ਼ਰਾਬ ਦੇ ਠੇਕੇ ਦੀ ਕੰਧ ਤੋੜ ਕੇ ਠੇਕੇਦਾਰ ਨੇ ਲੱਖਾਂ ਰੁਪਏ ਦੀ ਸ਼ਰਾਬ ਕੱਢੀ

**ਜਲੰਧਰ (ਸ਼ੁਰਿੰਦਰ ਕੁਮਾਰ)**

ਜਲੰਧਰ- ਹੁਸ਼ਿਆਰਪੁਰ ਰੋਡ 'ਤੇ ਪੈਂਦੇ ਕਸਬਾ ਜੰਡੂਸਿੰਘਾ ਵਿਖੇ ਚੋਣ ਜ਼ਾਬਤੇ ਦੌਰਾਨ ਸ਼ਰਾਬ ਠੇਕੇ ਨੂੰ ਨਜਾਇਜ਼ ਗਤੀਵਿਧੀਆਂ ਕਰਦੇ ਦੇਖ ਕੇ ਐਕਸਾਈਜ਼ ਡਿਪਾਰਟਮੈਂਟ ਵੱਲੋਂ ਅੰਦਰ ਪਈ ਸ਼ਰਾਬ ਅਤੇ ਠੇਕੇ ਨੂੰ ਬਾਹਰ ਤੋਂ ਸੀਲ ਕਰ ਦਿੱਤਾ ਗਿਆ ਸੀ। ਚੋਣਾਂ ਨੂੰ ਨਜ਼ਦੀਕ ਦੇਖ ਕੇ ਸ਼ਰਾਬ ਠੇਕੇਦਾਰ ਨੇ ਠੇਕੇ ਅੰਦਰੋਂ ਸਾਈਡ ਦੀ ਕੰਧ ਨੂੰ ਤੋੜ ਕੇ ਸਾਰੀ ਦੀ ਸਾਰੀ ਸ਼ਰਾਬ ਬਾਹਰ ਕੱਢ ਲਈ ਸੀ। ਜਿਸ ਤੋਂ ਬਾਅਦ ਡੀ ਟੀ ਸੀ ਵੱਲੋਂ ਸ਼ਰਾਬ ਠੇਕੇਦਾਰ ਖਿਲਾਫ ਪਰਚਾ ਕਰਨ ਦੀ ਸਿਫਾਰਿਸ਼ ਕੀਤੀ ਗਈ ਸੀ ਪਰ ਛੋਟੇ ਅਫਸਰਾਂ ਵੱਲੋਂ ਠੇਕੇਦਾਰ ਨਾਲ ਮਿਲ ਕੇ ਉਸ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਕਸਬਾ ਜੰਡੂਸਿੰਘਾ ਵਿਖੇ ਦੁਸੜਕਾ ਦੇ ਨਜ਼ਦੀਕ ਇੱਕ ਸ਼ਰਾਬ ਠੇਕਾ ਹੈ ਜਿਸ ਜਿਸ ਵਿੱਚ ਨਜਾਇਜ਼ ਗਤੀਵਿਧੀਆਂ ਚੱਲ ਰਹੀਆਂ ਸਨ। ਜਦੋਂ ਉਕਤ ਗਤੀਵਿਧੀਆਂ ਦੀ ਖਬਰ ਇਲੈਕਸ਼ਨ ਕਮਿਸ਼ਨ ਨੂੰ ਮਿਲੀ ਤਾਂ ਉਨ੍ਹਾਂ ਤੁਰੰਤ ਹੀ ਐਕਸਾਈਜ਼ ਡਿਪਾਰਟਮੈਂਟ ਨੂੰ ਨਿਰਦੇਸ਼ ਦਿੱਤੇ ਕਿ ਤੁਰੰਤ ਹੀ ਇਸ ਠੇਕੇ ਨੂੰ ਬੰਦ ਕੀਤਾ ਜਾਵੇ, ਜਿਸ ਤੋਂ ਬਾਅਦ ਐਕਸਾਈਜ਼ ਡਿਪਾਰਟਮੈਂਟ ਵੱਲੋਂ ਇਸ ਠੇਕੇ ਅਤੇ ਇਸ ਦੇ ਅੰਦਰ ਪਈ ਸ਼ਰਾਬ ਨੂੰ ਸੀਲ ਕਰ ਦਿੱਤਾ ਸੀ। ਪਰ ਜਿਉਂ ਹੀ ਲੋਕ ਸਭਾ ਚੋਣਾਂ ਦੀ ਤਾਰੀਖ ਨੇੜੇ ਆਈ ਤਾਂ ਠੇਕੇਦਾਰ ਨੇ ਬੜੀ ਹੀ ਚਲਾਕੀ ਨਾਲ ਠੇਕੇ ਦੇ ਨਾਲ ਦੀ ਕੰਧ ਨੂੰ ਤੋੜ ਕੇ ਸਾਰੀ ਦੀ ਸਾਰੀ ਸ਼ਰਾਬ ਬਾਹਰ ਕੱਢ ਲਈ ਅਤੇ ਸ਼ਟਰ ਦੇ ਸੀਲ ਕੀਤੇ ਗਏ ਜਿੰਦਰੇ ਨੂੰ ਉਵੇਂ ਹੀ ਰਹਿਣ ਦਿੱਤਾ ਅਤੇ ਇਹ ਦਰਸਾਇਆ ਗਿਆ ਕਿ ਉਹ ਕਦੇ ਦੁਕਾਨ ਦੀ ਰੈਨੋਵੇਸ਼ਨ ਹੋ ਰਹੀ ਹੈ। ਐਕਸਾਈਜ਼ ਡਿਪਾਰਟਮੈਂਟ ਵੱਲੋਂ ਇਸ ਠੇਕੇ ਨੂੰ ਖੋਲ੍ਹਣ ਦੀ ਕੋਈ ਵੀ ਪਰਮਿਸ਼ਨ ਨਹੀਂ ਦਿੱਤੀ ਗਈ। ਜਿਉਂ ਹੀ ਸ਼ਰਾਬ ਠੇਕੇ ਦੇ ਅੰਦਰੋਂ ਕੱਢਣ ਦੀ ਗੱਲ ਡੀ ਟੀ ਸੀ ਦੇ ਧਿਆਨ ਵਿੱਚ ਆਈ ਤਾਂ ਉਨ੍ਹਾਂ ਤੁਰੰਤ ਹੀ ਛੋਟੇ ਅਫਸਰਾਂ ਨੂੰ ਨਿਰਦੇਸ਼ ਦਿੱਤੇ ਕਿ ਸ਼ਰਾਬ ਠੇਕੇਦਾਰ ਖਿਲਾਫ ਪਰਚਾ ਦਰਜ ਕੀਤਾ ਜਾਵੇ ਪਰ ਡੀ ਟੀ ਸੀ ਦੇ ਨਿਰਦੇਸ਼ਾਂ ਨੂੰ ਸਿੱਕੇ ਟੰਗ ਕੇ ਛੋਟੇ ਅਫਸਰਾਂ ਨੇ ਸ਼ਰਾਬ ਠੇਕੇ ਨਾਲ ਸੈਟਿੰਗ ਕਰਨ ਲਈ ਅਤੇ ਡੀ ਟੀ ਸੀ ਦੇ ਨਿਰਦੇਸ਼ਾਂ ਨੂੰ ਠੇਂਗਾ ਦਿਖਾ ਦਿੱਤਾ ਅਤੇ ਉਸ ਠੇਕੇਦਾਰ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ।ਸੂਤਰ ਦੱਸਦੇ ਹਨ ਕਿ ਜੋ ਸ਼ਰਾਬ ਠੇਕੇ ਦੇ ਅੰਦਰ ਸੀਲ ਕੀਤੀ ਗਈ ਸੀ ਉਸ ਦੀ ਕੀਮਤ 25 ਤੋਂ 26 ਲੱਖ ਦੇ ਕਰੀਬ ਹੈ। ਛੋਟੇ ਅਫਸਰਾਂ ਨੇ ਮੋਟੇ ਪੈਸੇ ਲੈ ਕੇ ਸਾਰੀ ਦੀ ਸਾਰੀ ਸ਼ਰਾਬ ਠੇਕੇਦਾਰ ਤੋਂ ਚੋਰੀ ਚੋਰੀ ਕਢਵਾ ਦਿੱਤੀ



# ਆਰੀਅਨਜ਼ ਵਿਖੇ ਮਨਾਇਆ ਵਿਸ਼ਵ ਵਾਤਾਵਰਣ ਦਿਵਸ



**ਮੋਹਾਲੀ, (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)**

ਵਾਤਾਵਰਣ ਅਤੇ ਕੁਦਰਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ, ਆਰੀਅਨਜ਼ ਗਰੁੱਪ ਆਫ਼ ਕਾਲਜਿਜ਼, ਰਾਜਪੁਰਾ, ਨੇੜੇ ਚੰਡੀਗੜ੍ਹ ਨੇ ਵਿਸ਼ਵ ਵਾਤਾਵਰਣ ਦਿਵਸ ਭੂਮੀ ਦੀ ਬਹਾਲੀ, ਮਾਰੂਥਲੀਕਰਨ ਅਤੇ ਸੋਕੇ ਦੀ ਲਚਕਤਾ ਥੀਮ ਦੇ ਤਹਿਤ ਇੱਕ ਰੁੱਖ ਲਗਾਉਣ ਦੀ ਮੁਹਿੰਮ ਦਾ ਆਯੋਜਨ ਕੀਤਾ। ਇੰਜੀਨੀਅਰਿੰਗ, ਕਾਨੂੰਨ, ਦੇ ਵਿਦਿਆਰਥੀਆਂ ਨੇ ਆਰੀਅਨਜ਼ ਦੇ ਪ੍ਰਬੰਧਨ, ਨਰਸਿੰਗ, ਪੈਰਾਮੈਡੀਕਲ, ਫਾਰਮੇਸੀ, ਬੀ.ਐੱਡ, ਆਦਿ ਨੇ ਭਾਸ਼ਣ ਅਤੇ ਪੋਸਟਰ ਬਣਾਉਣ ਸਮੇਤ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ।ਆਰੀਅਨਜ਼ ਦੇ ਡਾਇਰੈਕਟਰ ਡਾ.ਜੇ.ਕੇ.ਸੈਣੀ ਨੇ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਹ ਦਿਨ ਹਰ ਸਾਲ 5 ਜੂਨ ਨੂੰ ਲੋਕਾਂ ਨੂੰ ਕੁਦਰਤ ਦੇ ਮਹੱਤਵ ਬਾਰੇ ਯਾਦ ਦਿਵਾਉਣ ਲਈ ਮਨਾਇਆ ਜਾਂਦਾ ਹੈ। ਜੰਗਲਾਂ, ਖੇਤਾਂ, ਸ਼ਹਿਰਾਂ, ਗਿੱਲੀਆਂ ਜ਼ਮੀਨਾਂ ਅਤੇ ਸਮੁੰਦਰਾਂ ਸਮੇਤ ਹਰ ਕਿਸਮ ਦੇ ਵਾਤਾਵਰਣ ਨੂੰ ਬਹਾਲ ਕੀਤਾ ਜਾ ਸਕਦਾ ਹੈ। ਬਹਾਲੀ ਦੀਆਂ ਪਹਿਲਕਦਮੀਆਂ ਲਗਭਗ ਕਿਸੇ ਵੀ ਵਿਅਕਤੀ ਦੁਆਰਾ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ।ਇਸ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਵੀ ਚਲਾਈ ਗਈ।

# ਸੋਨਾਲੀਕਾ ਵੱਲੋਂ ਵਿਸ਼ਵ ਵਾਤਾਵਰਣ ਦਿਵਸ 'ਤੇ ਬੂਟੇ ਲਗਾਓ ਮੁਹਿੰਮ ਆਰੰਭ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-**

ਵਿਸ਼ਵ ਵਾਤਾਵਰਣ ਦਿਵਸ ਮੌਕੇ ਸੋਨਾਲੀਕਾ ਸੀ.ਐਸ.ਆਰ ਹੁਸ਼ਿਆਰਪੁਰ ਵੱਲੋਂ ਸੰਗੀਤਾ ਮਿੱਤਲ ਦੀ ਰਹਿਨੁਮਾਈ ਹੇਠ ਬਸੰਤ ਵਿਹਾਰ, ਸੈਫਰਨ ਸਿਟੀ ਅਤੇ ਡੀ ਸੀ ਰਿਹਾਇਸ਼ ਵਿਖੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਗਈ। ਸੋਨਾਲੀਕਾ ਸੀ.ਐਸ.ਆਰ ਦੀ ਇਸ ਮੁਹਿੰਮ ਵਿੱਚ 200 ਤੋਂ ਵੱਧ ਬੂਟੇ ਲਗਾਏ ਅਤੇ ਵੰਡੇ ਗਏ ਜਿਨ੍ਹਾਂ ਵਿੱਚ ਫਲਦਾਰ ਰੁੱਖ, ਛਾਂਦਾਰ ਰੁੱਖ ਅਤੇ ਔਸ਼ਧੀ ਵਾਲੇ ਪੌਦੇ ਸ਼ਾਮਲ ਹਨ। ਇਸ ਮੁਹਿੰਮ ਨੇ ਸਥਾਨਕ ਭਾਈਚਾਰੇ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਫੈਲਾਉਣ ਅਤੇ ਹਰਿਆਲੀ ਵਧਾਉਣ ਵਿੱਚ ਮਹੱਤਵਪੂਰਨ ਕੰਮ ਕੀਤਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਵੀ ਸੋਨਾਲੀਕਾ ਸੀ.ਐਸ.ਆਰ ਟੀਮ ਦੇ ਨਾਲ ਆਪਣੇ ਨਿਵਾਸ ਸਥਾਨ 'ਤੇ ਬੂਟੇ ਲਗਾਏ ਅਤੇ ਵਿਸ਼ਵ ਵਾਤਾਵਰਣ ਦਿਵਸ 'ਤੇ ਸਾਰਿਆਂ ਨੂੰ ਬੂਟੇ ਲਗਾਉਣ ਦੀ ਅਪੀਲ ਕੀਤੀ। ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ ਬਸੰਤ ਵਿਹਾਰ ਅਤੇ ਸੈਫਰਨ ਸਿਟੀ ਦੇ ਵਸਨੀਕਾਂ ਨੇ ਵੀ ਸੋਨਾਲੀਕਾ ਸੀ ਐਸ ਆਰ ਟੀਮ ਦੇ ਮੁੱਖ ਮੈਂਬਰਾਂ ਸੰਗੀਤਾ ਹਾਂਡਾ, ਨੀਰਜ ਮਨੋਜਾ, ਯਾਦਵਿੰਦਰ ਸਿੰਘ, ਅਮਿਤ ਗਿੱਲ ਅਤੇ ਰੇਖਾ ਸ਼ਰਮਾ ਦੇ ਨਾਲ ਇਸ ਮੁਹਿੰਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਪਾਰਕਾਂ ਵਿੱਚ ਰੁੱਖ ਲਗਾਏ। ਸ੍ਰੀਮਤੀ ਮਿੱਤਲ ਆਪਣੀ ਟੀਮ ਨਾਲ ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿੱਚ ਬੂਟੇ ਲਗਾ ਕੇ ਸ਼ਹਿਰ ਵਿੱਚ ਹਰਿਆਲੀ ਫੈਲਾਉਣ ਅਤੇ ਵਾਤਾਵਰਣ ਨੂੰ ਬਚਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾ ਰਹੇ ਹਨ। ਇਸ ਮੌਕੇ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵਿਸ਼ੇਸ਼ ਸੰਦੇਸ਼ ਦਿੰਦਿਆਂ ਕਿਹਾ ਕਿ ਵਾਤਾਵਰਣ ਦੀ ਸੁਰੱਖਿਆ ਸਾਡੇ ਜੀਵਨ ਲਈ ਬਹੁਤ ਜ਼ਰੂਰੀ ਹੈ।ਇਹ ਸਾਨੂੰ ਆਕਸੀਜਨ ਪ੍ਰਦਾਨ ਕਰਦੀ ਹੈ, ਹਵਾ ਨੂੰ ਸ਼ੁੱਧ ਕਰਦੀ ਹੈ ਅਤੇ ਜਲਵਾਯੂ ਸੁਰੱਖਿਆ ਵਿਚ ਸਹਾਈ ਹੁੰਦੀ ਹੈ।ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਪੌਦੇ ਲਗਾਉਣ ਤੋਂ ਬਾਅਦ ਪੌਦਿਆਂ ਦੀ ਸਾਂਭ ਸੰਭਾਲ ਲਈ ਵੀ ਯੋਜਨਾਵਾਂ ਉਲੀਕੀਆਂ ਗਈਆਂ, ਤਾਂ ਜੋ ਇਹ ਪੌਦੇ ਸਿਹਤਮੰਦ ਢੰਗ ਨਾਲ ਵਧ ਸਕਣ ਅਤੇ ਭਵਿੱਖ ਵਿੱਚ ਵਾਤਾਵਰਣ ਨੂੰ ਲਾਭ ਪਹੁੰਚਾ ਸਕਣ।



# ਪੀਲੀਭੀਤ ਬਲਾਤਕਾਰ ਪੀੜਤਾ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ : ਹਰਦੀਪ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਉੱਤਰ ਪ੍ਰਦੇਸ਼ ਦੇ ਪੀਲੀਭੀਤ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਦੀ ਬੇਟੀ ਨਾਲ ਸਮੂਹਿਕ ਬਲਾਤਕਾਰ ਦੀ ਘਟਨਾ 'ਤੇ ਗੁੱਸਾ ਜ਼ਾਹਰ ਕਰਦੇ ਹੋਏ ਦਿਸ਼ਾ ਵੂਮੈਨ ਵੈੱਲਫੇਅਰ ਟਰੱਸਟ (ਰਜਿ) ਪੰਜਾਬ ਨੇ ਉੱਤਰ ਪ੍ਰਦੇਸ਼ ਦੀ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਕਾਰਵਾਈ ਦੀ ਮੰਗ ਕੀਤੀ ਹੈ।ਦਿਸ਼ਾ ਵੂਮੈਨ ਵੈੱਲਫੇਅਰ ਟਰੱਸਟ ਦੀ ਕੌਮੀ ਪ੍ਰਧਾਨ ਅਤੇ ਮਹਿਲਾ ਕਾਰਕੁਨ ਹਰਦੀਪ ਕੌਰ ਨੇ ਉੱਤਰ ਪ੍ਰਦੇਸ਼ ਦੇ ਮੁੱਖ ਸਕੱਤਰ ਨੂੰ ਲਿਖਿਆ ਪੱਤਰ ਮੀਡੀਆ ਨੂੰ ਜਾਰੀ ਕਰਦਿਆਂ ਕਿਹਾ ਕਿ ਪੀਲੀਭੀਤ ਵਿੱਚ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਦੀ ਨਾਬਾਲਗ ਧੀ ਨਾਲ ਸਮੂਹਿਕ ਬਲਾਤਕਾਰ ਦੀ ਘਟਨਾ ਨੇ ਜਿੱਥੇ ਉੱਤਰ ਪ੍ਰਦੇਸ਼ ਦੀ ਕਾਨੂੰਨ ਵਿਵਸਥਾ 'ਤੇ ਸਵਾਲ ਖੜ੍ਹੇ ਕੀਤੇ ਹਨ, ਉੱਥੇ ਹੀ ਉੱਤਰ ਪ੍ਰਦੇਸ਼ 'ਚ ਵੱਸਦੇ ਘੱਟ ਗਿਣਤੀਆਂ 'ਚ ਅਸੁਰੱਖਿਆ ਦੀ ਭਾਵਨਾ ਵੀ ਪੈਦਾ ਕੀਤੀ ਹੈ।ਹਰਦੀਪ ਕੌਰ ਨੇ ਆਪਣੇ ਪੱਤਰ ਵਿੱਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੱਲੋਂ ਪੰਜਾਬ ਵਿੱਚ ਚੋਣ ਪ੍ਰਚਾਰ ਦੌਰਾਨ ਦਿੱਤੇ ਭੈਅ-ਮੁਕਤ ਪ੍ਰਸ਼ਾਸਨ ਦੇ ਬਿਆਨਾਂ 'ਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਕਿਹਾ ਹੈ ਕਿ ਅਜਿਹੀਆਂ ਘਟਨਾਵਾਂ ਨਾਬਾਲਗਾਂ ਦੇ ਦਿਲ ਤੇ ਦਿਮਾਗ 'ਤੇ ਡੂੰਘਾ ਪ੍ਰਭਾਵ ਪਾਉਂਦੀਆਂ ਹਨ। ਜਿਸ ਤੋਂ ਉਹ ਸਾਰੀ ਉਮਰ ਉੱਭਰ ਨਹੀਂ ਪਾਉਂਦੀਆਂ।ਹਰਦੀਪ ਕੌਰ ਨੇ ਉੱਤਰ ਪ੍ਰਦੇਸ਼ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਸਮੂਹਿਕ ਜਬਰ ਜਨਾਹ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਅਤੇ ਕੇਸ ਦੀ ਸੁਣਵਾਈ ਫਾਸਟ ਟਰੈਕ ਅਦਾਲਤ ਵਿੱਚ ਕਰਵਾਉਣ ਦੀ ਮੰਗ ਕੀਤੀ ਹੈ, ਤਾਂ ਜੋ ਪੀੜਤ ਨੂੰ ਜਲਦੀ ਤੋਂ ਜਲਦੀ ਇਨਸਾਫ਼ ਮਿਲ ਸਕੇ। ਉਨ੍ਹਾਂ ਕਿਹਾ ਕਿ ਯੂ ਪੀ ਸਰਕਾਰ ਨੂੰ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਿਵਾਉਣ ਲਈ ਅਦਾਲਤ ਵਿੱਚ ਇਸ ਕੇਸ ਨੂੰ ਜ਼ੋਰਦਾਰ ਤਰੀਕੇ ਨਾਲ ਪੇਸ਼ ਕਰਨਾ ਚਾਹੀਦਾ ਹੈ।ਹਰਦੀਪ ਕੌਰ ਨੇ ਕਿਹਾ ਕਿ ਜੇਕਰ ਪੀੜਤਾ ਨੂੰ ਇਨਸਾਫ਼ ਨਾ ਮਿਲਿਆ ਤਾਂ ਦਿਸ਼ਾ ਵੋਮੈਨ ਵੈੱਲਫੇਅਰ ਟਰੱਸਟ ਦਾ ਇੱਕ ਵਫ਼ਦ ਜਲਦੀ ਹੀ ਪੀਲੀਭੀਤ ਦਾ ਦੌਰਾ ਕਰਕੇ ਪੀੜਤਾ ਨੂੰ ਮਿਲੇਗਾ ਅਤੇ ਉਸ ਨੂੰ ਇਨਸਾਫ਼ ਦਿਵਾਉਣ ਲਈ ਸੰਘਰਸ਼ ਵਿੱਢੇਗਾ।



# ਡੇਰਾ ਗਿਆਨਪੁਰੀ ਵਿਛੋਹੀ ਵਿਖੇ ਧਾਰਮਿਕ ਸਮਾਗਮ ਸ਼ਰਧਾ ਪੂਰਵਕ ਮਨਾਏ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ)**

ਬ੍ਰਹਮਲੀਨ ਸ੍ਰੀਮਾਨ 108 ਸੰਤ ਗਿਆਨ ਦਾਸ, ਸੰਤ ਚਰਨ ਦਾਸ ਦੀ 114ਵੀਂ ਬਰਸੀ 'ਤੇ ਸਾਲਾਨਾ ਸਮਾਗਮ ਡੇਰਾ ਸੱਚਖੰਡ ਗਿਆਨਪੁਰੀ ਵਿਛੋਹੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਅਤੇ ਡੇਰੇ ਮੁੱਖ ਸੇਵਾਦਾਰ ਸੰਤ ਸਤਨਾਮ ਦਾਸ, ਸੰਚਾਲਕ ਸੰਤ ਮਨਜੀਤ ਦਾਸ, ਸੰਤ ਹਰਮਨ ਦਾਸ ਦੀ ਦੇਖ ਰੇਖ ਹੇਠ ਬਹੁਤ ਸ਼ਰਧਾ ਪੂਰਵਕ ਮਨਾਏ ਗਏ।ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਖੁਲੇ ਦੀਵਾਨਾਂ ਵਿੱਚ ਕੀਰਤਨ ਦੇ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ, ਕਥਾ ਵਾਚਕ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.)ਪੰਜਾਬ ਦੇ ਸੰਤਾਂ, ਮਹਾਂਪੁਰਸ਼ਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਿਆ।ਸਮਾਗਮ ਵਿਚ ਉਚੇਚੇ ਤੌਰ 'ਤੇ ਪਹੁੰਚੇ ਰਾਗੀ ਜਥੇ ਸੰਤ ਸੰਤੋਖ ਦਾਸ ਭਾਰਟਾ, ਗੁਰਦੇਵ ਸਿੰਘ ਤਾਹਰਪੁਰੀ ਦੇ ਜਥਿਆਂ ਨੇ ਗੁਰਬਾਣੀ ਗਾਇਣ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਮੀਤ ਪ੍ਰਧਾਨ ਸੰਤ ਬਲਵੰਤ ਸਿੰਘ ਡੀਗਰੀਆਂ, ਸੰਤ ਧਰਮਪਾਲ ਸ਼ੇਰਗੜ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਨਚਾਰਜ, ਸੰਤ ਮਨਜੀਤ ਦਾਸ ਹਿਮਾਚਲ, ਸੰਤ ਪਵਨ ਕੁਮਾਰ ਤਾਜੇਵਾਲ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਹੈਡਮਾਸਟਰ ਪਿਆਰਾ ਸਿੰਘ ਦਾਦੂ ਦੀ ਬਸੀ, ਭੀਮ ਰਾਓ ਜਸਵੰਤ ਅੰਬੇਡਕਰ ਨੇ ਕਥਾ ਕੀਰਤਨ ਰਾਹੀਂ ਸ਼ਰਧਾ ਸੁਮਨ ਭੇਟ ਕੀਤੇ ਅਤੇ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਿਆ।ਸਟੇਜ ਸਕੱਤਰ ਦੀ ਸੇਵਾ ਪ੍ਰਿੰਸੀਪਲ ਜਸਵੰਤ ਸਿੰਘ ਨੇ ਨਿਭਾਈ।ਇਸ ਮੌਕੇ ਸੇਵਾਦਾਰ ਸਰਪੰਚ ਰਸ਼ਪਾਲ ਕੌਰ,ਚਮਨ ਲਾਲ, ਕੁਲਦੀਪ ਮਾਣਕ, ਹਰਜਿੰਦਰ ਸਿੰਘ,ਵੈਦ ਬਲਜਿੰਦਰ ਸਿੰਘ ਖੜਕਾਂ, ਅਨਿਲ ਕੁਮਾਰ ਵਿੱਕੀ, ਜਸਵੀਰ ਸਿੰਘ, ਨੀਲਮ, ਕਮਲਜੀਤ ਕੌਰ, ਪਰਮਜੀਤ ਕੌਰ, ਸੁਨੀਤਾ, ਬੇਬੀ,ਅਕਾਸ਼ ਵੀ ਹਾਜਰ ਸਨ।ਸੰਗਤਾਂ ਲਈ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਵਿਸ਼ਵ ਵਾਤਾਵਰਣ ਦਿਵਸ 'ਤੇ ਵਨਸਪਤੀ ਗਾਰਡਨ 'ਚ ਨਵੇਂ ਗ੍ਰਹਿ ਵਾਟਿਕਾ ਦਾ ਕੀਤਾ ਉਦਘਾਟਨ

**ਚੰਡੀਗੜ੍ਹ, (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ))-** ਚੌਧਰੀ ਚਰਣ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਹਿਸਾਰ ਦੇ ਵਨਸਪਤੀ ਗਾਰਡਨ ਵਿੱਚ ਵਿਸ਼ਵ ਵਾਤਾਵਰਣ ਦਿਵਸ ਮੌਕੇ 'ਤੇ ਨਵਗ੍ਰਹਿ ਵਾਟਿਕਾ ਦਾ ਉਦਘਾਟਨ ਕੀਤਾ ਗਿਆ।ਪ੍ਰੋਗ੍ਰਾਮ ਵਿਚ ਮੁੱਖ ਮਹਿਮਾਨ ਵਜੋਂ ਮੌਜੂਦ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਬੀਆਰ ਕੰਬੋਜ ਨੇ ਨਵੇਂਗ੍ਰਹਿ ਵਾਟਿਕਾ ਵਿਚ ਨੌਂ ਗ੍ਰਹਿਾਂ 'ਤੇ ਅਧਾਰਿਤ ਲਗਾਏ ਗਏ ਪੌਦਿਆਂ ਦਾ ਨਿਰੀਖਣ ਵੀ ਕੀਤਾ।ਪ੍ਰੋਫੈਸਰ ਕੰਬੋਜ ਨੇ ਨੌਂ ਗ੍ਰਹਿਾਂ ਦੇ ਧਾਰਮਿਕ ਆਧਾਰ 'ਤੇ ਲਗਾਏ ਗਏ ਪੌਦਿਆਂ ਦੇ ਮਹੱਤਵ 'ਤੇ ਚਾਨਣ ਪਾਉਂਦੇ ਹੋਏ ਦਸਿਆ ਕਿ ਕਿਸ ਗ੍ਰਹਿ ਦੇ ਲਈ ਕਿਹੜਾ ਪੌਦਾ ਸ਼ੁੱਭ ਹੈ। ਵਾਟਿਕਾ ਵਿਚ ਪੌਦੇ ਲਗਾਏ ਗਏ।ਉਨ੍ਹਾਂ ਨੇ ਕਿਹਾ ਕਿ ਵਿਸ਼ਵ ਵਾਤਾਵਰਣ ਦਿਵਸ ਮਨਾਉਣ ਦਾ ਮੁੱਖ ਉਦੇਸ਼ ਲੋਕਾਂ ਨੂੰ ਵਾਤਾਵਰਣ ਸਰੰਖਣ ਪ੍ਰਤੀ ਜਾਗਰੁਕ ਕਰਨਾ ਹੈ ਤਾਂ ਜੋ ਹਰੇਕ ਨਾਗਰਿਕ ਬਰਸਾਤ ਦੇ ਮੌਸਮ ਵਿਚ ਵੱਖ-ਵੱਖ ਪ੍ਰਜਾਤੀਆਂ ਦੇ ਵੱਧ ਤੋਂ ਵੱਧ ਪੌਦੇ ਲਗਾ ਕੇ ਉਨ੍ਹਾਂ ਦੀ ਦੇਖਭਾਲ ਵੀ ਕਰਨ। ਮਨੁੱਖ ਜੀਵਨ ਵਿਚ ਪੇੜ-ਪੌਦਿਆਂ ਦਾ ਵਿਸ਼ੇਸ਼ ਮਹਤੱਵ ਹੈ।ਰੁੱਖਾਂ ਨਾਲ ਇਕ ਪਾਸੇ ਜਿੱਥੇ ਇਮਾਰਤੀ ਲਕੜੀ ਮਿਲਦੀ ਹੈ ਉੱਥੇ ਦੂਜੇ ਪਾਸੇ ਪੇੜ ਪੌਦਿਆਂ ਵੱਖ-ਵੱਖ ਤਰ੍ਹਾ ਦੀ ਔਸ਼ਧੀ ਆਂ ਬਨਾਉਣ ਵਿਚ ਵੀ ਵਰਤੋ ਕੀਤੇ ਜਾਂਦੇ ਹਨ।

# ਜ਼ਿਲ੍ਹਾ ਕਚਹਿਰੀਆਂ 'ਚ ਵਾਤਾਵਰਣ ਦਿਵਸ ਮਨਾਇਆ

**ਜਲੰਧਰ (ਸੁਰਿੰਦਰ ਕੁਮਾਰ)**

ਜ਼ਿਲ੍ਹਾ ਕਚਹਿਰੀਆਂ ਜਲੰਧਰ ਵਿਖੇ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਕਚਹਿਰੀਆਂ ਜਲੰਧਰ ਵਿਖੇ ਨਿਰਭਉ ਸਿੰਘ ਗਿੱਲ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੀ ਯੋਗ ਰਹਿਨੁਮਾਈ ਹੇਠ ਬਗੀਚਾ ਸਿੰਘ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਵੱਲੋਂ ਰੁੱਖ ਲਗਾਏ ਗਏ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਵਾਤਾਵਰਣ ਦਿਵਸ, ਵਾਤਾਵਰਣ ਦੀਆਂ ਸਮੱਸਿਆਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਲੋਕਾਂ ਨੂੰ ਉਨ੍ਹਾਂ ਨਾਲ ਨਜਿੱਠਣ ਲਈ ਠੋਸ ਕਦਮ ਚੁੱਕਣ ਲਈ ਪ੍ਰੇਰਿਤ ਕਰਨ ਲਈ ਮਨਾਇਆ ਜਾਂਦਾ ਹੈ। ਲੋਕਾਂ ਨੂੰ ਵਾਤਾਵਰਣ ਨਾਲ ਜੁੜੀਆਂ ਸਮੱਸਿਆਵਾਂ, ਜੋ ਕਿ ਆਉਣ ਵਾਲੇ ਸਮੇਂ ਵਿੱਚ ਵੱਡੀਆਂ ਸਮੱਸਿਆਵਾਂ ਬਣਨ ਜਾ ਰਹੀਆਂ ਹਨ, ਪ੍ਰਤੀ ਸਚੇਤ ਹੋਣਾ ਚਾਹੀਦਾ ਹੈ। ਆਉਣ ਵਾਲੀ ਪੀੜ੍ਹੀ ਨੂੰ ਵੱਡੀਆਂ ਸਮੱਸਿਆਵਾਂ ਤੋਂ ਬਚਾਉਣ ਲਈ ਸਮੇਂ ਸਿਰ ਸਖਤ ਕਦਮ ਚੁੱਕਣੇ ਜ਼ਰੂਰੀ ਹਨ। ਹਰ ਵਿਅਕਤੀ ਨੂੰ ਵਾਤਾਵਰਣ ਦੀ ਸੰਭਾਲ ਕਰਨਾ ਆਪਣਾ ਫਰਜ਼ ਸਮਝਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਰੁੱਖ ਵਾਤਾਵਰਣ ਦੇ ਸੰਤੁਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਅਸੀਂ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਣ ਦੇ ਸੰਤੁਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਾਂ। ਉਨ੍ਹਾਂ ਆਖਿਆ ਕਿ ਹਰ ਮਨੁੱਖ ਨੂੰ ਹਰ ਸਾਲ ਜਿੱਥੇ ਦਰੱਖਤ ਲਗਾਉਣੇ ਚਾਹੀਦੇ ਹਨ ਉੱਥੇ ਹੀ ਇਨ੍ਹਾਂ ਦੀ ਸੰਭਾਲ ਵੀ ਕਰਨੀ ਚਾਹੀਦੀ ਹੈ।ਇਸ ਮੌਕੇ ਬਗੀਚਾ ਸਿੰਘ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੇ ਨਾਲ ਹਰਨੇਕ ਸਿੰਘ ਚੀਫ ਲੀਗਲ ਏਡ ਡਿਫੈਂਸ ਕੌਂਸਲ, ਵਿਮਲ ਸਚਦੇਵਾ ਡਿਪਟੀ ਲੀਗਲ ਏਡ ਡਿਫੈਂਸ ਕੌਂਸਲ, ਨਵੀਤ ਢੱਲ ਡਿਪਟੀ ਲੀਗਲ ਏਡ ਡਿਫੈਂਸ ਕੌਂਸਲ, ਜਗਨ ਨਾਥ ਸੀਨੀਅਰ ਅਸਿਸਟੈਂਟ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ, ਪ੍ਰਭਦੀਪ ਕੌਰ ਕਲਰਕ, ਸੁਖਪਾਲ ਸਟੈਨੋ, ਗੌਰਖ ਕੁਮਾਰ ਡਾਟਾ ਐਂਟਰੀ ਉਪਰੇਟਰ, ਮਨੁਜ ਅਗਰਵਾਲ ਪੈਨਲ ਐਡਵੋਕੇਟ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ। ਇਸੇ ਤਰ੍ਹਾਂ ਸਬ ਡਵੀਜ਼ਨ ਦੀਆਂ ਕਚਹਿਰੀਆਂ ਵਿਖੇ ਵਾਤਾਵਰਣ ਦਿਵਸ ਮੌਕੇ ਤੇ ਰੁੱਖ ਲਗਾਏ ਗਏ।



# ਸਵਰਗੀ ਲੇਖ ਰਾਜ ਮੁੰਦਰਾ ਦੀ 7ਵੀਂ ਬਰਸੀ ਮਨਾਈ

**ਰੂਪਨਗਰ, (ਰਜਿੰਦਰ ਸੈਣੀ)**

ਸਰਸਵਤੀ ਦੇਵੀ ਮੁੰਡਰਾ ਚੈਰੀਟੇਬਲ ਟਰੱਸਟ (ਰਜਿ.) ਵਲੋਂ ਬਜ਼ੁਰਗਾ ਦੇ 'ਆਪਣਾ ਘਰ' ਹਵੇਲੀ ਕਲਾਂ ਵਿਖੇ ਇਸ ਸੰਸਥਾ ਦੇ ਬਾਨੀ ਮਹਾਂਦਾਨੀ ਸਵਰਗੀ ਲੇਖ ਰਾਜ ਮੁੰਦਰਾ 7ਵੀਂ ਬਰਸੀ ਮਨਾਈ ਗਈ। ਇਸ ਮੌਕੇ ਬਜ਼ੁਰਗਾਂ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਣ ਵਾਲੀਆ ਬਹੁਤ ਸਾਰੀਆ ਸ਼ਖ਼ਸੀਅਤਾ ਹਾਜ਼ਰ ਸਨ। ਉਨ੍ਹਾਂ ਸਵਰਗੀ ਐਲ. ਆਰ. ਮੁੰਦਰਾ ਦੀ ਤਸਵੀਰ ਅੱਗੇ ਫੁਲ ਭੇਟ ਕਰਕੇ ਉਨ੍ਹਾ ਪ੍ਰਤੀ ਆਪਣੀ ਸ਼ਰਧਾ ਦਾ ਇਜ਼ਹਾਰ ਕੀਤਾ। ਇਸ ਮੌਕੇ ਸਰਧਾਜ਼ਲੀ ਭੇਟ ਕਰਦਿਆ ਸੰਸਥਾ ਦੇ ਟਰੱਸਟੀ ਬਲਬੀਰ ਸਿੰਘ ਸੈਣੀ, ਡਾ. ਅਜਮੇਰ ਸਿੰਘ ਤੰਬੜ, ਵਿਨੋਦ ਜੈਨ, ਬਹਾਦਰਜੀਤ ਸਿੰਘ ਤੋਂ ਇਲਾਵਾ ਪ੍ਰਮੁੱਖ ਸ਼ਖਸੀਅਤਾ ਗੁਰਮੱਖ ਸਿੰਘ ਸੈਣੀ, ਡਾ ਹਰਚਰਨ ਦਾਸ ਸੈਰ, ਇੰਜ. ਹਰਜੀਤ ਸਿੰਘ ਸੈਣੀ, ਦੇਵਿੰਦਰ ਸਿੰਘ ਜਟਾਣਾ, ਰਾਜਿੰਦਰ ਸਿੰਘ ਨਨੂਆ, ਸੁਖਦੇਵ ਸ਼ਰਮਾ, ਰਾਕੇਸ ਅਗਰਵਾਲ ਨੇ ਮੁੰਦਰਾ ਵਲੋਂ ਲੋਕ ਸੇਵਾ, ਵਿੱਦਿਆ ਨੂੰ ਉਤਸਾਹਤ ਕਰਨ, ਬਜ਼ੁਰਗਾਂ ਦੀ ਬੇਹਤਰੀ ਲਈ ਨਿਸਕਾਮ ਭਾਵਨਾ ਨਾਲ ਕੀਤੇ ਕੰਮਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਵਲੋਂ ਅਰੰਭੇ ਸਮਾਜ ਭਲਾਈ ਕਾਰਜ਼ਾ ਨੂੰ ਉਤਸਾਹਿਤ ਕਰਨ ਲਈ ਭਰਪੂਰ ਸਹਿਯੋਗ ਦੇਣ ਲਈ ਕਿਹਾ। ਸ਼੍ਰੀ ਮੁੰਦਰਾ ਦੀ ਬਰਸੀ ਮੌਕੇ 'ਤੇ ਉੱਘੇ ਸਮਾਜ ਸੇਵੀ ਦੇਵਿੰਦਰ ਸਿੰਘ ਜਟਾਣਾ ਨੇ ਬਜ਼ੁਰਗਾਂ ਦੇ ਆਪਣਾ ਘਰ ਦੇ ਹਾਲ ਵਿੱਚ ਡੇਢ ਟਨ ਦਾ ਏ ਸੀ ਲਗਵਾਇਆ ਅਤੇ ਇੰਜ. ਹਰਜੀਤ ਸਿੰਘ ਸੈਣੀ ਨੇ ਸੰਸਥਾ ਦੀ ਬੇਹਤਰੀ ਲਈ 21 ਹਜ਼ਾਰ ਰੁਪਏ ਦੇਣ ਦੀ ਘੋਸਣਾ ਕੀਤੀ। ਇਸ ਤੋਂ ਇਲਾਵਾ ਹੋਰ ਵੀ ਹਾਜ਼ਰ ਦਾਨਵੀਰਾਂ ਨੇ ਬਜ਼ੁਰਗਾਂ ਦੀ ਭਲਾਈ ਮਾਲੀ ਮਦਦ ਦਾਨ ਕੀਤੀ। ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਇਸ ਮੌਕੇ ਸੰਸਥਾ ਨਾਲ ਜੁੜੇ ਦਾਨਵੀਰਾਂ ਦਾ ਧੰਨਵਾਦ ਕਰਦਿਆ ਮਹਾਂਦਾਨੀ ਸਵਰਗੀ ਲੇਖ ਰਾਜ ਮੁੰਦਰਾ ਦੀਆਂ ਸਮਾਜ ਸੇਵਾ ਪ੍ਰਤੀ ਸੋਚ ਨੂੰ ਯਾਦ ਕੀਤਾ ਅਤੇ ਕਿਹਾ ਕਿ ਦਾਨਵੀਰ ਲੋਕੀ ਸੰਸਥਾ ਦੀ ਪ੍ਰਬੰਧਕੀ ਕਮੇਟੀ ਦਾ ਸਹਿਯੋਗ ਕਰਕੇ ਸਵਰਗੀ ਸ਼੍ਰੀ ਮੁੰਦਰਾ ਦੀ ਲੋਕ ਭਲਾਈ ਸੋਚ ਨੂੰ ਅੱਗੇ ਵਧਾਉਣ ਲਈ ਮਦਦ ਕਰਕੇ ਸਚੀ ਸ਼ਰਧਾਜਲੀ ਭੇਟ ਕਰ ਰਹੇ ਹਨ। ਉਨ੍ਹਾਂ ਕਿਹਾ ਅੱਜ 'ਆਪਣਾ ਘਰ' ਸਮੇਂ ਦੇ ਹਾਲਤਾ ਤੋਂ ਮਜ਼ਬੂਰ ਬਜ਼ੁਰਗਾਂ ਲਈ ਬਹੁਤ ਹੀ ਵੱਡਾ ਸਹਾਰਾ ਬਣ ਗਿਆ ਹੈ। ਸ਼੍ਰੀ ਸੈਣੀ ਦੱਸਿਆ ਕਿ ਬਜੁਦੇ ਘਰ ਨੂੰ ਨਵੀ ਦਿੱਖ ਦੇਣ ਲਈ ਪ੍ਰਬੰਧਕੀ ਕਮੇਟੀ ਨੇ ਦਾਨਵੀਰਾ ਦੇ ਸਹਿਯੋਗ ਨਾਲ ਹੁਣੇ ਕੋਈ 5 ਲੱਖ ਰੁਪਏ ਖਰਚ ਕੀਤੇ ਹਨ। ਸ਼੍ਰੀ ਮੁੰਡਰਾ ਦੀ ਬਰਸੀ ਮੌਕੇ ਪ੍ਰਮੁੱਖ ਤੌਰ 'ਤੇ ਟਰੱਸਟੀ ਅਮਰਜੀਤ ਸਿੰਘ, ਜਗਦੇਵ ਸਿੰਘ, ਦਲਜੀਤ ਸਿੰਘ, ਬਲਵਿੰਦਰ ਕੌਰ, ਜਸਵੰਤ ਸਿੰਘ, ਰਾਜ ਕੁਮਾਰ ਭੱਲਾ, ਸੁਰਿੰਦਰ ਸਿੰਘ, ਸ਼ਾਮ ਲਾਲਾ ਗੋਇਲ, ਕੇ. ਐਲ. ਕਪੂਰ, ਤਾਰਾ ਸਿੰਘ, ਜਸਪਾਲ ਸਿੰਘ, ਤਰਸੇਮ ਲਾਲ ਮੋਦਗਿਲ, ਜੇ. ਐਸ. ਭਾਟੀਆ, ਸੰਸਥਾ ਦੇ ਮੈਨੇਜਰ ਕੇ. ਐਸ ਭੋਗਲ, ਇੱਥੇ ਰਹਿਣ ਵਾਲੇ ਮੈਂਬਰ ਭੁਪਿੰਦਰ ਸਿੰਘ, ਜਸਵੰਤ ਸਿੰਘ, ਜਿੰਦਰ ਸਿੰਘ, ਸ਼ਤੀਸਵਰ ਖੰਨਾ ਆਦਿ ਹਾਜ਼ਰ ਸਨ।



# ਐਲ ਪੀ ਯੂ 'ਚ ਕਲਾ ਪ੍ਰਦਰਸ਼ਨੀ ਤੇ ਅੰਤਰਰਾਸ਼ਟਰੀ ਕਾਨਫਰੰਸ

**ਜਲੰਧਰ (ਸ਼ੈਲੀ ਐਲਬਰਟ)**

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਫਾਈਨ ਆਰਟਸ ਵਿਭਾਗ ਨੇ ਸਾਲਾਨਾ ਕਲਾ ਪ੍ਰਦਰਸ਼ਨੀ 'ਕਲਾ ਸੰਗਮ' ਅਤੇ ਫਾਈਨ ਆਰਟਸ ਵਿੱਚ ਸਮਕਾਲੀ ਰੁਝਾਨਾਂ 'ਤੇ ਇੱਕ ਅੰਤਰਰਾਸ਼ਟਰੀ ਕਾਨਫਰੰਸ, 'ਇਨੋਵੇਸ਼ਨ ਦੇ ਬੁਰਸ਼ਸਟ੍ਰੋਕ' ਦਾ ਆਯੋਜਨ ਕੀਤਾ।ਇਵੈਂਟ ਨੇ ਦੁਨੀਆ ਭਰ ਦੇ ਇਸ ਖੇਤਰ ਦੇ ਮਾਹਿਰਾਂ ਨੂੰ ਇਕੱਠਾ ਕੀਤਾ ਜੋ ਕਲਾ ਦੀ ਦੁਨੀਆ ਵਿੱਚ ਅਤਿ-ਆਧੁਨਿਕ ਵਿਕਾਸ ਦੀ ਖੋਜ ਕਰਨ ਲਈ ਸਮਰਪਿਤ ਸਨ।ਪ੍ਰਦਰਸ਼ਨੀ ਦਾ ਉਦਘਾਟਨ ਐਲ ਪੀ ਯੂ ਦੀ ਪ੍ਰੋ ਚਾਂਸਲਰ ਕਰਨਲ ਰਸ਼ਮੀ ਮਿੱਤਲ ਨੇ ਕੀਤਾ। ਸ਼੍ਰੀ ਕ੍ਰਿਸ਼ਨ ਸ਼ੈਟੀ, ਕਲਾਕਾਰ, ਕਲਾ ਆਲੋਚਕ ਅਤੇ ਭਾਰਤ ਭਵਨ, ਭੋਪਾਲ ਦੇ ਮੌਜੂਦਾ ਟਰੱਸਟੀ ਮੁੱਖ ਬੁਲਾਰੇ ਵਜੋਂ, ਡਾ. ਨੰਦਲਾਲ ਠਾਕੁਰ, ਐਲ ਕੇ ਏ, ਦਿੱਲੀ ਦੇ ਮੀਤ ਪ੍ਰਧਾਨ, ਡਾ. ਗੋਮਤੀ ਗੌੜਾ, ਫਾਈਨ ਆਰਟਸ ਕਾਲਜ ਦੇ ਪ੍ਰਿੰਸੀਪਲ ਸੈਸ਼ਨ ਚੇਅਰਪਰਸਨ ਵਜੋਂ, ਬੁਲਾਰੇ ਡਾ. ਪੋਥਲਾ ਪ੍ਰਵੀਨ, ਸਟੈਮਿਓ ਸਟੈਮ, ਸਿੰਗਾਪੁਰ ਦੇ ਪ੍ਰਧਾਨ ਮੌਜੂਦ ਸਨ।ਪ੍ਰੋ ਚਾਂਸਲਰ ਕਰਨਲ ਰਸ਼ਮੀ ਮਿੱਤਲ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਹੋਰ ਸਿੱਖਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਪ੍ਰਦਰਸ਼ਨੀ ਵਿੱਚ ਪੇਂਟਿੰਗ, ਮੂਰਤੀ, ਫੋਟੋਗ੍ਰਾਫੀ, ਪ੍ਰਿੰਟਮੇਕਿੰਗ ਅਤੇ ਅਪਲਾਈਡ ਆਰਟਸ ਨਾਲ ਸਬੰਧਤ 500 ਤੋਂ ਵੱਧ ਰਚਨਾਵਾਂ ਸ਼ਾਮਲ ਹਨ ਜੋ ਵਿਦਿਆਰਥੀਆਂ ਦੀ ਦਿਲਚਸਪ ਪ੍ਰਤਿਭਾ ਨੂੰ ਦਰਸਾਉਂਦੀਆਂ ਹਨ। ਉਭਰਦੇ ਕਲਾਕਾਰਾਂ ਦੇ ਪਰਿਵਰਤਨਸ਼ੀਲ ਸਫ਼ਰ ਨੂੰ ਦਰਸਾਉਂਦੇ ਹੋਏ, ਉਨ੍ਹਾਂ ਦੇ ਸੁਹਜ ਅਤੇ ਨਵੀਨਤਾ ਲਈ ਰਚਨਾਵਾਂ ਦੀ ਸ਼ਲਾਘਾ ਕੀਤੀ ਗਈ।ਸ਼੍ਰੀ ਕ੍ਰਿਸ਼ਨ ਸ਼ੈਟੀ ਨੇ ਕਲਾਤਮਕ ਜਗਤ ਵਿੱਚ ਪੇਸ਼ ਕੀਤੀਆਂ ਚੁਣੌਤੀਆਂ ਅਤੇ ਕੀਮਤੀ ਗਿਆਨ ਅਤੇ ਤਕਨੀਕਾਂ ਬਾਰੇ ਗੱਲ ਕੀਤੀ। ਉਨ੍ਹਾਂ ਦੇ ਵਿਸ਼ਾਲ ਤਜ਼ਰਬੇ ਤੋਂ ਖਿੱਚੀ ਗਈ ਉਸ ਦੀ ਡੂੰਘੀ ਸੂਝ ਨੇ ਕਲਾ ਦੀ ਸਾਡੀ ਸਮਝ ਅਤੇ ਕਦਰ ਨੂੰ ਵਧਾਇਆ।ਡਾ. ਨੰਦਲਾਲ ਠਾਕੁਰ ਨੇ ਪਰੰਪਰਾਗਤ ਕਲਾ ਰੂਪਾਂ ਨੂੰ ਸੰਭਾਲਣ ਦੀ ਮਹੱਤਤਾ 'ਤੇ ਆਪਣੀ ਸਮਝ ਸਾਂਝੀ ਕੀਤੀ, ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਲਾ ਦੇ ਰਵਾਇਤੀ ਢੰਗ ਨੂੰ ਕੁਝ ਵੀ ਨਹੀਂ ਬਦਲ ਸਕਦਾ।ਉਸ ਦੀ ਅਗਵਾਈ ਅਤੇ ਮਾਰਗਦਰਸ਼ਨ ਨੇ ਸੈਸ਼ਨਾਂ ਦੇ ਸੁਚਾਰੂ ਆਚਰਣ ਨੂੰ ਯਕੀਨੀ ਬਣਾਇਆ ਹੈ, ਦਿਲਚਸਪ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਵਿਚਾਰਾਂ ਦੇ ਉਪਯੋਗੀ ਆਦਾਨ-ਪ੍ਰਦਾਨ ਨੂੰ ਯਕੀਨੀ ਬਣਾਇਆ ਹੈ।ਸਟੈਮਿਓ ਸਟੈਮ, ਸਿੰਗਾਪੁਰ ਦੇ ਪ੍ਰਧਾਨ ਡਾ. ਪੋਥਲਾ ਪ੍ਰਵੀਨ ਨੇ ਸਿੱਖਿਆ ਪ੍ਰਣਾਲੀ ਅਤੇ ਕਲਾ ਦੇ ਖੇਤਰ ਵਿੱਚ ਖੋਜ ਬਾਰੇ ਵੱਡਮੁੱਲੇ ਦ੍ਰਿਸ਼ਟੀਕੋਣ ਪ੍ਰਦਾਨ ਕੀਤੇ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਯੂਨੀਵਰਸਿਟੀਆਂ ਦੇ ਖੋਜ ਵਿਦਵਾਨਾਂ ਅਤੇ ਸਟਾਫ਼ ਮੈਂਬਰਾਂ ਵੱਲੋਂ ਖੋਜ ਪੱਤਰ ਪੇਸ਼ਕਾਰੀਆਂ ਵੀ ਪੇਸ਼ ਕੀਤੀਆਂ ਗਈਆਂ।



# ਗਰਭ ਅਵਸਥਾ ਦੌਰਾਨ ਸਮੇਂ ਸਿਰ ਸਿਹਤ ਜਾਂਚ ਤੇ ਟੀਕਾਕਰਨ ਜ਼ਰੂਰੀ

**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਡਾ.ਮਨੂੰ ਵਿਜ਼ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਡਾ.ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਦੀ ਅਗਵਾਈ ਹੇਠ ਮੁੱਢਲਾ ਸਿਹਤ ਕੇਂਦਰ ਕੀਰਤਪੁਰ ਸਾਹਿਬ ਦੇ 24 ਹੈਲਥ ਐਂਡ ਵੈੱਲਨੈਸ ਸੈਂਟਰਾਂ ਅਧੀਨ ਆਉਂਦੇ ਪਿੰਡਾਂ ਵਿੱਚ ਹਰ ਬੁੱਧਵਾਰ ਨੂੰ ਮਮਤਾ ਦਿਵਸ ਸਬੰਧੀ ਕੈਂਪ ਲਗਾਏ ਜਾਂਦੇ ਹਨ। ਇਹਨਾਂ ਕੈਂਪਾਂ 'ਤੇ ਗਰਭਵਤੀ ਔਰਤਾਂ ਦਾ ਸੰਪੂਰਨ ਚੈਕ-ਅਪ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਮਾਂ ਅਤੇ ਬੱਚੇ ਦੀ ਸੰਪੂਰਨ ਸਿਹਤ ਸੰਭਾਲ਼ ਦੇ ਨੁਕਤੇ ਦੱਸੇ ਜਾਂਦੇ ਹਨ। ਮਾਵਾਂ ਨੂੰ ਸੰਤੁਲਿਤ ਖੁਰਾਕ ਖਾਣ ਅਤੇ ਮਾਂ ਅਤੇ ਬੱਚੇ ਦਾ ਸੰਪੂਰਨ ਟੀਕਾਕਰਨ ਬਾਰੇ ਦੱਸਿਆ ਜਾਂਦਾ ਹੈ। ਬਲਵੰਤ ਰਾਏ ਹੈਲਥ ਇੰਸਪੈਕਟਰ ਨੇ ਮਮਤਾ ਦਿਵਸ 'ਤੇ ਪਿੰਡ ਸੂਰੇਵਾਲ਼ ਵਿਖੇ ਟੀਕਾਕਰਨ ਕਰਵਾਉਣ ਆਈਆਂ ਗਰਭਵਤੀ ਔਰਤਾਂ ਅਤੇ ਮਾਵਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਰਭ ਅਵਸਥਾ ਦੌਰਾਨ ਵੱਖ ਵੱਖ ਕਾਰਨਾਂ ਕਰਕੇ ਗਰਭਵਤੀ ਔਰਤਾਂ ਦੀ ਸਿਹਤ ਨੂੰ ਖਤਰਾ ਹੋ ਸਕਦਾ ਹੈ। ਜੇਕਰ ਗਰਭਵਤੀ ਔਰਤਾਂ ਸਮੇਂ ਸਿਰ ਆਪਣੀ ਜਾਂਚ ਨਹੀਂ ਕਰਵਾਉਂਦੀਆਂ ਤਾਂ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ ਅਤੇ ਗਰਭਵਤੀ ਔਰਤ ਦੀ ਜਾਨ ਨੂੰ ਵੀ ਖ਼ਤਰਾ ਹੋ ਸਕਦਾ ਹੈ। ਇਸ ਲਈ ਹਰ ਗਰਭਵਤੀ ਔਰਤ ਨੂੰ ਇਸ ਅਵਸਥਾ ਦੌਰਾਨ ਸਮੇਂ ਸਮੇਂ 'ਤੇ ਕਰਵਾਈ ਜਾਣ ਵਾਲੀ ਸਿਹਤ ਜਾਂਚ ਅਤੇ ਸਾਵਧਾਨੀਆਂ ਬਾਰੇ ਜਾਗਰੂਕ ਕਰਨਾ ਲਾਜ਼ਮੀ ਹੈ।ਉਨ੍ਹਾਂ ਕਿਹਾ ਕਿ ਗਰਭਵਤੀ ਔਰਤ ਨੂੰ ਸਮੇਂ ਸਿਰ ਆਪਣੀ ਸਿਹਤ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਸਿਹਤ ਸਮੱਸਿਆ ਆਉਣ 'ਤੇ ਬਿਨਾਂ ਕਿਸੇ ਲਾਪਰਵਾਹੀ ਦੇ ਨਜ਼ਦੀਕੀ ਸਿਹਤ ਸੰਸਥਾ ਵਿੱਚ ਜਾ ਕੇ ਆਪਣਾ ਇਲਾਜ਼ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਹਰ ਮਹੀਨੇ ਦੀ 9 ਅਤੇ 23 ਤਰੀਕ ਨੂੰ ਸਿਹਤ ਸੰਸਥਾਵਾਂ 'ਤੇ ਪ੍ਰਧਾਨ ਮੰਤਰੀ ਮਾਤਰੂ ਬੰਦਨਾ ਯੋਜਨਾ ਤਹਿਤ ਗਰਭਵਤੀ ਔਰਤਾਂ ਲਈ ਵਿਸ਼ੇਸ਼ ਚੈਕ-ਅਪ ਕੈਂਪ ਲਗਾਏ ਜਾਂਦੇ ਹਨ ਅਤੇ ਮਾਵਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਜਾਂਦੀ ਹੈ। ਇਨ੍ਹਾਂ ਕੈਂਪਾਂ ਵਿੱਚ ਜਾਂਚ ਦੇ ਨਾਲ ਨਾਲ ਮੁਫ਼ਤ ਟੈਸਟ ਅਤੇ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਜੇ.ਐਸ.ਐਸ.ਕੇ (ਜਨਣੀ ਸ਼ਿਸ਼ੂ ਸੁਰੱਖਿਆ ਕਾਰਯਕ੍ਰਮ) ਸਕੀਮ ਦੇ ਤਹਿਤ ਹਸਪਤਾਲ ਵਿੱਚ ਡਲਿਵਰੀ ਕਰਵਾਉਣ ਵਾਲੀ ਗਰਭਵਤੀ ਔਰਤ ਦੀ ਸਿਹਤ ਸੰਭਾਲ ਅਤੇ ਸੁਰੱਖਿਅਤ ਜਣੇਪੇ ਨੂੰ ਮੁੱਖ ਰੱਖਦੇ ਹੋਏ ਟੀਕਾਕਰਨ ਅਤੇ ਸਾਰੇ ਸਹਾਇਤਾ ਵੀ ਦਿੱਤੀ ਜਾਂਦੀ ਹੈ। ਸਿਹਤ ਕਰਮਚਾਰੀਆਂ ਅਤੇ ਆਸ਼ਾ ਵਰਕਰਾਂ ਵੱਲੋਂ ਸਮੇਂ ਸਮੇਂ 'ਤੇ ਗਰਭਵਤੀ ਔਰਤਾਂ ਦੀ ਕੌਂਸਲਿੰਗ ਕੀਤੀ ਜਾਂਦੀ ਹੈ ਤਾਂ ਜੋ ਉਹ ਆਪਣਾ ਅਤੇ ਆਪਣੇ ਗਰਭ ਵਿੱਚ ਪਲ ਰਹੇ ਬੱਚੇ ਦਾ ਧਿਆਨ ਰੱਖ ਸਕਣ।ਇਸ ਮੌਕੇ ਕੁਲਵਿੰਦਰ ਕੌਰ, ਅਮਨਦੀਪ ਕੌਰ, ਨੀਲਮ ਰਾਣੀ, ਬਲਜੀਤ ਕੌਰ, ਬਲਜੀਤ ਸਿੰਘ, ਨਵਜੋਤ ਕੌਰ, ਕਰਤਾਰ ਕੌਰ,ਦਵਾਰਕਾ ਦੇਵੀ ਹਾਜ਼ਰ ਸਨ।ਟੈਸਟ ਬਿਲਕੁਲ ਮੁਫ਼ਤ ਕੀਤੇ ਜਾਂਦੇ ਹਨ ਅਤੇ ਜਨਣੀ ਸੁਰੱਖਿਆ ਯੋਜਨਾ ਤਹਿਤ ਜਣੇਪੇ ਤੋਂ ਬਾਅਦ ਵਿੱਤੀ ਸਹਾਇਤਾ ਵੀ ਦਿੱਤੀ ਜਾਂਦੀ ਹੈ।



# ਪੰਜਾਬ ਸਰਕਾਰ ਦੇ ਜ਼ੁਬਾਨੀ ਹੁਕਮਾਂ 'ਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਰੋਕੀਆਂ

**ਜਲੰਧਰ (ਰਾਜੇਸ਼ ਥਾਪਾ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਰਨਲ ਸਕੱਤਰ ਗੁਰਬਿੰਦਰ ਸਿੰਘ ਚਾਹਲ, ਕੈਸ਼ੀਅਰ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਕਰਨੈਲ ਫਿਲੌਰ, ਸਹਾਇਕ ਪ੍ਰੈਸ ਸਕੱਤਰ ਗਣੇਸ਼ ਭਗਤ ਸਿੰਘ ਨੇ ਦੱਸਿਆ ਕਿ ਹਰ ਮਹੀਨੇ ਦੀ ਤਰ੍ਹਾਂ ਇਸ ਮਹੀਨੇ ਵੀ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਜ਼ੁਬਾਨੀ ਰੋਕ ਲਗਾ ਦਿੱਤੀ ਗਈ ਹੈ।ਅੱਜ ਪੰਜ ਜੂਨ ਹੋਣ ਤੋਂ ਬਾਅਦ ਵੀ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੇ ਖੀਸੇ ਖਾਲੀ ਹਨ।ਇਸ ਤੋਂ ਪਹਿਲਾਂ ਵੀ ਪਿਛਲੇ ਮਹੀਨਿਆਂ ਵਿੱਚ ਵੀ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਤਨਖਾਹਾਂ ਦਾ ਦਸ ਬਾਰਾਂ ਤਾਰੀਕਾਂ ਤੱਕ ਅੱਪੜ ਦੀਆਂ ਕੀਤੀਆਂ ਗਈਆਂ ਸਨ।ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ ਤਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਕਿਸੇ ਵੀ ਚੀਜ਼ ਲਈ ਕਿਸੇ ਵੀ ਬੰਦੇ ਨੂੰ ਧਰਨਾ ਦੇਣ ਦੀ ਲੋੜ ਨਹੀਂ ਪਏਗੀ।ਪਰ ਤਨਖਾਹਾਂ ਪਿੱਛੇ ਵੀ ਹਰ ਮਹੀਨੇ ਧਰਨੇ ਲਾਉਣ ਦੀ ਲੋੜ ਪੈ ਰਹੀ ਹੈ।ਪੰਜਾਬ ਸਰਕਾਰ ਵੱਲੋਂ ਆਪਣੇ ਖਰਚੇ ਚਲਾਉਣ ਲਈ ਕਰੋੜਾਂ ਰੁਪਏ ਦੇ ਕਰਜੇ ਲਏ ਜਾ ਰਹੇ ਹਨ, ਪਰ ਮੁਲਾਜ਼ਮਾਂ ਨੂੰ ਤਨਖਾਹ ਦੇਣ ਲੱਗੇ ਸਰਕਾਰਾਂ ਨੂੰ ਬੋਝ ਲੱਗ ਰਿਹਾ ਹੈ। ਲੋਕ ਸਭਾ ਚੋਣਾਂ ਵਿੱਚ ਸਰਕਾਰ ਨੂੰ ਮੁਲਾਜ਼ਮਾਂ ਨੇ ਸ਼ੀਸ਼ਾ ਦਿਖਾ ਦਿੱਤਾ ਹੈ ਜੇਕਰ ਇਸੇ ਤਰ੍ਹਾਂ ਸਰਕਾਰ ਦਾ ਮੁਲਾਜ਼ਮਾ ਪ੍ਰਤੀ ਵਤੀਰਾ ਰਿਹਾ ਤਾਂ ਆਉਂਦੇ ਦਿਨਾਂ ਵਿੱਚ ਵੱਡੇ ਪੱਧਰ 'ਤੇ ਸਰਕਾਰ ਖਿਲਾਫ ਸੰਘਰਸ਼ ਵੱਢੇ ਜਾਣਗੇ। ਪੰਜਾਬ ਦੀ ਮੌਜੂਦਾ ਸਰਕਾਰ ਨੂੰ ਚਾਹੀਦਾ ਹੈ।ਮੁਲਾਜ਼ਮਾਂ ਦੀਆਂ ਰੋਕੀਆਂ ਤਨਖਾਹਾਂ ਦੇ ਦਿੱਤੇ ਜ਼ੁਬਾਨੀ ਹੁਕਮਾਂ ਨੂੰ ਵਾਪਸ ਲਵੇ।ਜਿਸ ਨਾਲ ਮੁਲਾਜ਼ਮਾ ਨੂੰ ਫੇਨਾਸ਼ਲੀ ਰਾਹਤ ਮਿਲ ਸਕੇ।



6-June-PAGE-10.qxd 6/5/2024 10:08 PM Page 1



# ਚੰਨੀ ਚੋਣ ਜਿੱਤਣ ਉਪਰੰਤ ਗੁਰਦੁਆਰਾ ਕਤਲਗੜ੍ਹ ਸਾਹਿਬ ਵਿਖੇ ਹੋਏ ਨਤਮਸਤਕ



**ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੌਬੀ)**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਜਲੰਧਰ ਲੋਕ ਸਭਾ ਸੀਟ ਨੂੰ ਵੱਡੇ ਫਰਕ ਨਾਲ ਜਿੱਤਣ ਉਪਰੰਤ ਚਮਕੌਰ ਸਾਹਿਬ ਪੁੱਜਣ 'ਤੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਤੋਂ ਪਹਿਲਾਂ ਉਨ੍ਹਾਂ ਆਪਣੀ ਪਤਨੀ ਡਾ. ਕੰਵਲਜੀਤ ਕੌਰ ਸਮੇਤ ਆਪਣੇ ਸਮਰਥਕਾਂ ਨਾਲ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸ਼ਹੀਦ ਸਿੰਘਾਂ ਦਾ ਸ਼ੁਕਰਾਨਾ ਕੀਤਾ । ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੰਨੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਅਸਤੀਫੇ ਦੀ ਮੰਗ ਕਰਦਿਆਂ ਕਿਹਾ ਕਿ ਆਪ ਸਰਕਾਰ ਪੰਜਾਬ ਦੇ ਲੋਕਾਂ ਵਿੱਚੋਂ ਆਪਣਾ ਵਿਸ਼ਵਾਸ ਖੋਹ ਚੁੱਕੀ ਹੈ ਅਤੇ ਪੰਜਾਬ ਵਿੱਚੋਂ 13 ਦੀਆਂ 13 ਸੀਟਾਂ ਜਿੱਤਣ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਸਿਰਫ ਤਿੰਨ ਸੀਟਾਂ ਹੀ ਜਿੱਤ ਸਕੀ ਹੈ। ਜਲੰਧਰ ਲੋਕ ਸਭਾ ਸੀਟ ਜਿੱਤਣ ਉਪਰੰਤ ਚਮਕੌਰ ਸਾਹਿਬ ਹਲਕੇ ਦੀ ਸੇਵਾ ਸੰਭਾਲ ਸਬੰਧੀ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਸਾਬਕਾ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਉਨ੍ਹਾਂ ਦਾ ਪਰਵਾਰ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ ਦੇ ਲੋਕਾਂ ਦਾ ਹਮੇਸ਼ਾ ਰਿਣੀ ਰਹੇਗਾ ਅਤੇ ਉਨ੍ਹਾਂ ਦਾ ਪਰਵਾਰ ਪਹਿਲਾਂ ਦੀ ਤਰ੍ਹਾਂ ਹੀ ਸਿੰਘਾਂ ਸ਼ਹੀਦਾਂ ਦੀ ਧਰਤੀ ਚਮਕੌਰ ਸਾਹਿਬ ਦੀ ਸੇਵਾ ਨਿਰੰਤਰ ਜਾਰੀ ਰੱਖੇਗਾ ਪ੍ਰੰਤੂ ਫਿਰ ਵੀ ਇਸ ਸਬੰਧੀ ਆਉਣ ਵਾਲੇ ਦਿਨਾਂ ਵਿੱਚ ਕਾਂਗਰਸ ਹਾਈ ਕਮਾਂਡ ਵੱਲੋਂ ਫੈਸਲਾ ਲਿਆ ਜਾਵੇਗਾ । ਉਨ੍ਹਾਂ ਦੱਸਿਆ ਕਿ ਉਹ ਚਮਕੌਰ ਸਾਹਿਬ ਦੇ ਵਿਕਾਸ ਕਾਰਜਾਂ ਲਈ ਵੀ ਤਤਪਰ ਰਹਿਣਗੇ ।ਇਸ ਮੌਕੇ ਸਾਬਕਾ ਡਾਇਰੈਕਟਰ ਦਵਿੰਦਰ ਸਿੰਘ ਜਟਾਣਾ, ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾਂ, ਸੀਨੀਅਰ ਆਗੂ ਵਿਕਰਮ ਬੱਤਾ, ਡਾਇਰੈਕਟਰ ਗਿਆਨ ਸਿੰਘ, ਸਰਪੰਚ ਲਖਵਿੰਦਰ ਸਿੰਘ ਭੂਰਾ, ਸਾਬਕਾ ਚੇਅਰਮੈਨ ਸਤਵਿੰਦਰ ਸਿੰਘ ਚੈੜੀਆ, ਰਵਿੰਦਰ ਸ਼ਰਮਾ, ਸਾਬਕਾ ਚੇਅਰਮੈਨ ਕਰਨੈਲ ਸਿੰਘ, ਸਮਿਤੀ ਮੈਂਬਰ ਰੋਹਿਤ ਸੱਭਰਵਾਲ, ਸ਼ਮਸ਼ੇਰ ਸਿੰਘ, ਨੰਬਰਦਾਰ ਜਸਵੀਰ ਸਿੰਘ ਜਟਾਣਾ, ਦਰਸ਼ਨ ਸੰਧੂ ਅਤੇ ਵਰਿੰਦਰ ਸਿੰਘ ਧੌਲਰਾ ਆਦਿ ਹਾਜ਼ਰ ਸਨ ।

# 800 ਰੁਪਏ ਦੇ ਬਦਲੇ ਹੋਇਆ ਕਤਲ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੇਵਲ ਮਾਤਰ 800 ਰੁਪਏ ਲਈ ਇਕ ਕਤਲ ਹੋ ਗਿਆ। ਥਾਣਾ ਮੁਖੀ ਹਿੰਮਤ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਸ਼ਹਿਰ ਦੇ ਚੋਈ ਬਜ਼ਾਰ ਹੋਏ ਕਤਲ ਦੇ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਸੁਰਜੀਤ ਸਿੰਘ ਦਾ ਕਤਲ ਹੋਇਆ ਸੀ ਅਤੇ ਕਥਿਤ ਮੁਲਜ਼ਮ ਮਨਦੀਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ।ਇਹ ਦੋਵੇਂ ਜਣੇ ਇਕ ਦੂਜੇ ਦੇ ਜਾਣਕਾਰ ਸੀ ਤੇ ਉਸ ਦਿਨ ਇਕੱਠੇ ਘੁੰਮਦੇ ਸੀ। ਮ੍ਰਿਤਕ ਕੋਲੋਂ ਮਨਦੀਪ ਸਿੰਘ ਨੇ 800 ਰੁਪਏ ਲੈਣੇ ਸੀ ਤੇ ਜਦੋਂ ਪੈਸੇ ਮੰਗੇ ਤਾਂ ਇਕ ਦੂਜੇ ਨਾਲ ਗਾਲੀ ਗਲੋਚ ਹੋ ਗਏ ਗੁਥਮ ਗੁੱਥਾ ਹੋਣ ਤੇ ਮਨਦੀਪ ਸਿੰਘ ਨੇ ਪਹਿਨੀ ਹੋਈ ਸਿਰੀ ਸਾਹਿਬ ਨਾਲ ਢਿੱਡ 'ਤੇ ਵਾਰ ਕੀਤਾ ਜਿਸ ਨਾਲ ਸੁਰਜੀਤ ਸਿੰਘ ਦੀ ਮੌਤ ਹੋ ਗਈ।ਮ੍ਰਿਤਕ ਨੂਰਪੁਰਬੇਦੀ ਦੇ ਪਿੰਡ ਦਾ ਰਹਿਣ ਵਾਲਾ ਹੈ ਜਦੋਂ ਕਿ ਕਥਿਤ ਦੋਸ਼ੀ ਮਨਦੀਪ ਸਿੰਘ ਸ੍ਰੀ ਅਨੰਦਪੁਰ ਸਾਹਿਬ ਦਾ ਰਹਿਣ ਵਾਲਾ ਹੈ।ਪੁਲਸ ਨੇ ਮੁਕੱਦਮਾ ਨੰਬਰ 68, ਧਾਰਾ 302 ਆਈਪੀਐਸ ਰਾਹੀਂ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਿਥੋਂ ਤਿੰਨ ਦਿਨ ਦਾ ਰਿਮਾਂਡ ਮਿਲਿਆ ਹੈ।

# ਸੜਕ ਹਾਦਸੇ 'ਚ 2 ਦੋਸਤਾਂ ਦੀ ਮੌਤ



ਮ੍ਰਿਤਕ ਹਰਸ਼ਦੀਪ ਸਿੰਘ ਤੇ ਗੁਰਵਿੰਦਰ ਸਿੰਘ ਦੀਆਂ ਫਾਈਲ ਫੋਟੋਆਂ।

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਮਾਛੀਵਾੜਾ-ਸਮਰਾਲਾ ਰੋਡੇ ਸਥਿਤ ਨਿਰੰਕਾਰੀ ਭਵਨ ਨੇੜੇ ਵਾਪਰੇ ਇੱਕ ਸੜਕ ਹਾਦਸੇ ਵਿਚ ਮੋਟਰਸਾਈਕਲ ਸਵਾਰ 2 ਨੌਜਵਾਨ ਦੋਸਤਾਂ ਹਰਸ਼ਦੀਪ ਸਿੰਘ (24) ਵਾਸੀ ਸੈਸੋਵਾਲ ਕਲਾਂ ਅਤੇ ਗੁਰਵਿੰਦਰ ਸਿੰਘ (20) ਉਰਫ਼ ਰਵੀ ਵਾਸੀ ਰਹੀਮਾਬਾਦ ਖੁਰਦ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਹਰਸ਼ਦੀਪ ਸਿੰਘ ਤੇ ਗੁਰਵਿੰਦਰ ਸਿੰਘ ਮੋਟਰਸਾਈਕਲ 'ਤੇ ਸਵਾਰ ਹੋ ਕੇ ਸਮਰਾਲਾ ਵਲੋਂ ਮਾਛੀਵਾੜਾ ਵੱਲ ਨੂੰ ਆ ਰਹੇ ਸਨ ਕਿ ਨਿਰੰਕਾਰੀ ਭਵਨ ਨੇੜ੍ਹੇ ਸਾਹਮਣੇ ਤੋਂ ਆ ਰਹੇ ਕਿਸੇ ਅਣਪਛਾਤੇ ਵਾਹਨ ਨਾਲ ਟੱਕਰ ਹੋਣ ਤੋਂ ਬਚਾਉਂਦਿਆਂ ਉਨ੍ਹਾਂ ਦਾ ਮੋਟਰਸਾਈਕਲ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਹਾਦਸੇ ਵਿਚ ਉਹ ਦੋਵੇਂ ਸੜਕ 'ਤੇ ਜਾ ਡਿੱਗੇ ਅਤੇ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਤੜਕੇ ਇਨ੍ਹਾਂ ਦੋਵਾਂ ਨੌਜਵਾਨਾਂ ਨੂੰ ਸੜਕ ਕਿਨਾਰੇ ਡਿੱਗਿਆ ਪਿਆ ਨੂੰ ਰਾਹਗੀਰਾਂ ਨੇ ਦੇਖਿਆ ਜਿਨ੍ਹਾਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ। ਸਹਾਇਕ ਥਾਣੇਦਾਰ ਪਵਨਜੀਤ ਮੌਕੇ 'ਤੇ ਪਹੁੰਚੇ ਤਾਂ ਦੋਵਾਂ ਦੋਸਤਾਂ ਦੀ ਮੌਤ ਹੋ ਚੁੱਕੀ ਸੀ। ਪੁਲਸ ਨੇ ਦੋਵਾਂ ਦੀਆਂ ਲਾਸ਼ਾਂ ਦਾ ਪੋਸਟ ਮਾਰਟਮ ਕਰਵਾ ਵਾਰਿਸਾਂ ਨੂੰ ਸੌਂਪ ਦਿੱਤਾ ਹੈ ਅਤੇ ਅਣਪਛਾਤੇ ਵਾਹਨ ਚਾਲਕ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਨੌਜਵਾਨ ਹਰਸ਼ਦੀਪ ਸਿੰਘ ਵਿਆਹਿਆ ਹੋਇਆ ਸੀ ਜਦਕਿ ਗੁਰਵਿੰਦਰ ਸਿੰਘ ਅਜੇ ਕੁਆਰਾ ਸੀ।

# ਵਾਤਾਵਰਣ ਬਚਾਉਣ ਲਈ ਰੁੱਖ ਲਾਉਣੇ ਤੇ ਉਨ੍ਹਾਂ ਦੀ ਸੰਭਾਲ ਕਰਨਾ ਲਾਜ਼ਮੀ : ਡਾ. ਕੱਕੜ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹੇ ਅਧੀਨ ਵੱਖ-ਵੱਖ ਸਿਹਤ ਸੰਸਥਾਵਾਂ ਵਿਖੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਬੂਟੇ ਲਾਏ ਗਏ।ਉਨ੍ਹਾਂ ਨੇ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਦਿਆਂ ਵਾਤਾਵਰਨ ਪ੍ਰਤੀ ਸੁਹਿਰਦ ਹੋਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਵਾਤਾਵਰਨ ਨੂੰ ਬਚਾਉਣ ਲਈ ਰੁੱਖ ਲਾਉਣੇ ਅਤੇ ਉਨ੍ਹਾਂ ਦੀ ਸੰਭਾਲ਼ ਕਰਨਾ ਬਹੁਤ ਲਾਜ਼ਮੀ ਹੈ।ਇਸ ਤੋਂ ਇਲਾਵਾ ਪਲਾਸਟਿਕ ਦੀ ਵਰਤੋਂ ਨੂੰ ਘਟਾਉਣ ਅਤੇ ਹੋਰ ਪ੍ਰਦੂਸ਼ਣ ਫੈਲਾਉਣ ਵਾਲੀਆਂ ਵਸਤੂਆਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਡਾਕਟਰ ਕਵਿਤਾ ਸਿੰਘ ਨੇ ਹਵਾ, ਪਾਣੀ ਅਤੇ ਮਿੱਟੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਆਪਣੇ ਆਸ-ਪਾਸ ਸਫਾਈ ਰੱਖਣੀ ਯਕੀਨੀ ਬਣਾਈ ਜਾਵੇ ਤੇ ਪਲਾਸਟਿਕ ਦੀ ਵਰਤੋਂ ਕਰਨ ਤੋਂ ਗੁਰੇਜ਼ ਕੀਤਾ ਜਾਵੇ ਤਾਂ ਜੁ ਅਸੀਂ ਆਪਣੀ ਅਤੇ ਆਪਣੇ ਪਰਵਾਰ ਨੂੰ ਤੰਦਰੁਸਤ ਰੱਖ ਸਕੀਏ।ਪ੍ਰਦੂਸ਼ਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕੂੜਾ, ਪੱਤੇ ਤੇ ਫ਼ਸਲਾਂ ਦੀ ਪਰਾਲੀ ਨੂੰ ਸਾੜਣ ਤੋਂ ਗੁਰੇਜ਼ ਕੀਤਾ ਜਾਵੇ, ਕਿਉਂਕਿ ਇਨ੍ਹਾਂ ਦੇ ਧੂੰਏਂ ਕਰਕੇ ਹਵਾਵਾਂ ਜ਼ਹਿਰੀਲੀਆਂ ਹੋ ਰਹੀਆਂ ਹਨ, ਜਿਸ ਵਿਚ ਸਾਹ ਲੈਣਾ ਕਾਫੀ ਔਖਾ ਹੋ ਜਾਂਦਾ ਹੈ।ਮਾਸ ਮੀਡੀਆ ਬ੍ਰਾਂਚ ਤੋਂ ਦਿਵੇਸ਼ ਕੁਮਾਰ ਆਦਿ ਹਾਜ਼ਰ ਸਨ।

# ਸੰਵਿਧਾਨ ਬਦਲਣ ਦੀ ਬਿਆਨਬਾਜ਼ੀ ਕਾਰਨ ਭਾਜਪਾ ਨੂੰ ਪਿਆ ਘਾਟਾ : ਬਾਲੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਜ਼ਿਲ੍ਹਾ ਸੰਘਰਸ਼ ਕਮੇਟੀ ਦੀ ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਕਰਮਵੀਰ ਬਾਲੀ ਨੇ ਜਨਤਾ ਦੇ ਫਤਵੇ ਦਾ ਸਵਾਗਤ ਕੀਤਾ ਅਤੇ ਜਿੱਤਣ ਵਾਲਿਆਂ ਨੂੰ ਬਿਨਾਂ ਭੇਦਭਾਵ ਦੇ ਜਨਤਾ ਦੇ ਕੰਮ ਕਰਦੇ ਰਹਿਣ ਲਈ ਕਿਹਾ। ਬਾਲੀ ਨੇ ਕਿਹਾ ਕਿ ਲੋਕਤੰਤਰ ਵਿੱਚ ਵਿਰੋਧੀ ਧਿਰ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ। ਜਨਤਾ ਨੇ ਆਪਣੇ ਫਤਵੇ ਵਿੱਚ ਵਿਰੋਧੀ ਧਿਰ ਨੂੰ ਮਜ਼ਬੂਤ ਕੀਤਾ ਇਹਨਾਂ ਚੋਣਾਂ ਵਿੱਚ ਈ.ਵੀ.ਐਮ.ਤੇ ਕੋਈ ਸਵਾਲ ਖੜੇ ਨਹੀ ਹੋਏ। ਜੇ ਵਿਰੋਧੀ ਧਿਰ ਨੂੰ ਜਨਤਾ ਘੱਟ ਸੀਟਾਂ ਦਿੰਦੀ ਤਾਂ ਈ.ਵੀ.ਐਮ. 'ਤੇ ਜ਼ਰੂਰ ਕਿੰਤੂ-ਪਰੰਤੂ ਹੁੰਦੀ ਜਦ ਕਿ ਵਿਰੋਧੀ ਧਿਰ ਦਾ ਮੌਨ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਉਨ੍ਹਾਂ ਨੇ ਜਨਤਾ ਦੇ ਫਤਵੇ ਨੂੰ ਸਵੀਕਾਰ ਕੀਤਾ ਹੈ। ਹੈਰਾਨੀ ਹੈ ਕਿ ਘੱਟ ਸੀਟਾਂ ਮਿਲਣ 'ਤੇ ਵੀ ਈ.ਵੀ.ਐਮ.ਵਿੱਚ ਘੋਟਾਲੇ ਦੇ ਆਰੋਪ ਲਗਾ ਕੇ ਬਦਨਾਮ ਕਰਨ ਦੀ ਸਾਜਿਸ਼ ਅਤੇ ਜਨਤਾ ਨੂੰ ਗੁਮਰਾਹ ਕਰਨ ਤੋਂ ਸਿਵਾਏ ਕੁਝ ਨਹੀਂ ਹੈ।ਇਨਾਂ ਚੋਣਾਂ ਵਿੱਚ ਸੰਵਿਧਾਨ ਬਦਲਣ ਦੀ ਗੁਮਰਾਹ ਕਰਨ ਵਾਲੀ ਬਿਆਨਬਾਜ਼ੀ ਦੇ ਕਾਰਨ ਜਨਤਾ ਨੇ ਬਹਿਕਾਵੇ ਵਿੱਚ ਆ ਕੇ ਬੀ.ਜੇ.ਪੀ. ਦੇ ਖਿਲਾਫ ਵੋਟ ਪਾਏ ਹਨ ਜਦ ਕਿ ਇਸ ਤਰ੍ਹਾਂ ਦਾ ਕੁਝ ਨਹੀ ਹੈ। ਐਨ.ਡੀ.ਏ. ਇਕ ਗਠਜੋੜ ਹੈ ਜਿਸ ਵਿੱਚ ਕਈ ਪਾਰਟੀਆਂ ਦਾ ਸਮੂਹ ਚੋਣਾਂ ਵਿੱਚ ਉਤਰਿਆ ਸੀ। ਜੇ ਇਸ ਤਰ੍ਹਾਂ ਦੀ ਕੋਈ ਗੱਲ ਹੁੰਦੀ ਤਾਂ ਦੂਜੀਆਂ ਪਾਰਟੀਆਂ ਭਾਜਪਾ ਵਿੱਚ ਸ਼ਾਮਿਲ ਨਾ ਹੁੰਦੀਆਂ।ਬਸ ਸੰਵਿਧਾਨ ਬਦਲਣ ਦੀ ਗਲਤ ਬਿਆਨਬਾਜ਼ੀ ਕਾਰਨ ਬੀ.ਜੇ.ਪੀ. 400 ਦਾ ਆਂਕੜਾ ਪਾਰ ਨਹੀਂ ਕਰ ਸਕੀ। ਨਰਿੰਦਰ ਮੋਦੀ ਕਰਮਸ਼ੀਲ ਹੈ, ਉਨ੍ਹਾਂ ਦੀ ਗਤੀ ਵਿੱਚ ਕੋਈ ਰੁਕਾਵਟ ਨਹੀਂ ਆਏਗੀ। ਇਸ ਮੌਕੇ ਤੇ ਨਰਿੰਦਰ ਸਿੰਘ, ਡਾ.ਪ੍ਰਵੀਨ ਕੁਮਾਰ, ਕਾਲੀ ਚਰਨ, ਬੇਲਜੀ ਰਾਏ, ਨੀਰਜ ਸ਼ਰਮਾ, ਅਸ਼ੋਕ ਕੁਮਾਰ, ਆਦਿ ਮੌਜੂਦ ਸਨ।

# ਵਿਦਿਆਰਥੀਆਂ ਦਾ ਨੀਟ 'ਚ ਸ਼ਾਨਦਾਰ ਪ੍ਰਦਰਸ਼ਨ




**ਜਲੰਧਰ (ਇਕਬਾਲ ਸਿੰਘ ਉਭੀ)**

ਸਥਾਨਕ ਗੁਰੂ ਨਾਨਕ ਮਿਸ਼ਨ ਚੌਂਕ ਨੇੜੇ ਸਥਿਤ ਆਕਾਸ਼ ਐਜੂਕੇਸ਼ਨਲ ਸਰਵਿਸਿਜ਼ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਰਾਸ਼ਟਰੀ ਯੋਗਤਾ ਕਮ ਪ੍ਰਵੇਸ਼ ਪ੍ਰੀਖਿਆ 2024 ਵਿੱਚ ਪ੍ਰਭਾਵਸ਼ਾਲੀ ਅੰਕ ਪ੍ਰਾਪਤ ਕੀਤੇ ਹਨ। ਆਲ ਇੰਡੀਆ ਰੈਂਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿੱਚ ਕਰਨਵੀਰ ਸਿੰਘ ਨੇ 715 ਅੰਕ ਅਤੇ ਏਆਈਆਰ 84, ਆਰੀਅਨ ਸੂਰੀ ਨੇ 715 ਅੰਕ ਅਤੇ ਏਆਈਆਰ 118, ਡਿੰਪਲਵੀਰ ਸਿੰਘ ਨੇ 715 ਅੰਕ ਅਤੇ ਏਆਈਆਰ 230, ਵਰੁਣ ਕਪੂਰ ਨੇ 705 ਅੰਕ ਅਤੇ ਏਆਈਆਰ 1087, ਹਰਜੋਤ ਸਿੰਘ ਨੇ 701 ਅੰਕ ਅਤੇ ਏਆਈਆਰ 1572, ਹਰਸ਼ਿਤਾ ਨੇ 697 ਅੰਕ ਅਤੇ ਏਆਈਆਰ 2401 ਅਤੇ ਅਨਮੋਲ ਮਹਿਤਾ ਨੇ 696 ਅੰਕ ਅਤੇ 2552 ਏਆਈਆਰ ਪ੍ਰਾਪਤ ਕੀਤਾ । ਜਲੰਧਰ ਦੇ ਕੁੱਲ 26 ਵਿਦਿਆਰਥੀਆਂ ਨੇ 650 ਅੰਕ ਪ੍ਰਾਪਤ ਕੀਤੇ ।ਐਜੂਕੇਸ਼ਨਲ ਸਰਵਿਸਿਜ਼ ਲਿਮਟਿਡ ਦੇ ਜਲੰਧਰ ਦੇ ਕਲਸਟਰ ਹੈੱਡ ਵੀਵੇਕ ਭਦੌੜੀਆ ਅਤੇ ਦੀਪਕ ਵਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੇ ਮਨਾਇਆ ਵਿਸ਼ਵ ਵਾਤਾਵਰਣ ਦਿਵਸ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ)**

ਸਾਡੀ ਧਰਤੀ ਸਾਡਾ ਭਵਿੱਖ ਦੇ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਵਾਤਾਵਰਣ ਨੂੰ ਬਚਾਉਣ ਅਤੇ ਸੰਭਾਲਣ ਦੇ ਉਦੇਸ਼ ਨਾਲ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਜਿਸ ਵਿੱਚ ਕਾਰਜਕਾਰੀ ਇੰਜੀਨੀਅਰ ਸਿਮਰਨਜੀਤ ਸਿੰਘ ਦੀ ਅਗਵਾਈ ਹੇਠ ਕੰਪਲੈਕਸ ਵਿੱਚ ਬੋਹੜ, ਪਿੱਪਲ, ਨਿੰਮ ਆਦਿ ਬੂਟੇ ਲਗਾਏ ਗਏ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ 1384 ਪਿੰਡਾਂ ਵਿੱਚ ਜਲ ਸਪਲਾਈ ਸਕੀਮਾਂ, ਠੋਸ ਕੂੜਾ ਪ੍ਰਬੰਧਨ, ਤਰਲ ਕੂੜਾ ਪ੍ਰਬੰਧਨ ਅਤੇ ਪਲਾਸਟਿਕ ਕੂੜਾ ਪ੍ਰਬੰਧਨ ਦੀਆਂ ਸਾਈਟਾਂ ਉੱਤੇ ਵਿਭਾਗ ਦੇ ਵੱਖ-ਵੱਖ ਮੰਡਲਾਂ ਵੱਲੋਂ ਵੱਖ-ਵੱਖ ਕਿਸਮ ਦੇ ਫਲਦਾਰ ਅਤੇ ਫੁੱਲਦਾਰ ਬੂਟੇ ਲਗਾਏ ਗਏ ਤਾਂ ਜੋ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।ਇਸ ਮੌਕੇ ਉਪ ਮੰਡਲ ਇੰਜੀਨੀਅਰ ਨਵਨੀਤ ਕੁਮਾਰ ਜਿੰਦਲ ਵੱਲੋਂ ਪਿੰਡ ਵਾਸੀਆਂ ਨੂੰ ਇਨ੍ਹਾਂ ਪੌਦਿਆਂ ਦੀ ਸਾਂਭ-ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਹਰ ਪਿੰਡ ਵਾਸੀ ਨੂੰ ਆਪਣੀ ਖੁਸ਼ੀ ਦੇ ਮੌਕੇ ਪੌਦੇ ਲਗਾਉਣ ਲਈ ਕਿਹਾ ਗਿਆ ਤਾਂ ਜੋ ਗਰਮੀਆਂ ਦੇ ਮੌਸਮ ਦੌਰਾਨ ਵਧਦੇ ਹੋਏ ਤਾਪਮਾਨ ਨੂੰ ਘਟਾਇਆ ਜਾ ਸਕੇ। ਇਸ ਮੌਕੇ ਪਿੰਡ ਵਾਸੀਆਂ ਨੂੰ ਜਾਗਰੂਕ ਕੀਤਾ ਗਿਆ ਕਿ ਇੱਕ 12 ਫੁੱਟ ਨਿੰਮ ਦਾ ਦਰੱਖਤ 3 ਏ.ਸੀ. ਦੇ ਬਰਾਬਰ ਠੰਢਕ ਪੈਦਾ ਕਰਦਾ ਹੈ। ਦਰੱਖਤ ਹੀ ਜੀਵਨ ਹੈ ਅਤੇ ਸਾਨੂੰ ਸਾਰਿਆਂ ਨੂੰ ਇੱਕ ਦਰੱਖਤ ਜ਼ਰੂਰ ਲਗਾਉਣਾ ਚਾਹੀਦਾ ਹੈ। ਜੀਵਨ ਬਚਾਉ ਅਤੇ ਆਪਣੇ ਨਾਲ ਦੂਜਿਆਂ ਦਾ ਜੀਵਨ ਆਸਾਨ ਬਣਾਉਣ ਲਈ ਪਿੱਪਲ ਦਾ ਬੂਟਾ ਜੋ ਕਿ 24 ਘੰਟੇ, ਬਰਗਦ 20 ਘੰਟੇ ਅਤੇ ਨਿੰਮ ਜੋ ਕਿ 18 ਘੰਟੇ ਆਕਸੀਜਨ ਦਿੰਦਾ ਹੈ, ਨੂੰ ਆਪਣੇ ਆਲੇ ਦੁਆਲੇ ਵੱਧ ਤੋਂ ਵੱਧ ਲਗਾਉ ਅਤੇ ਦੂਜਿਆਂ ਨੂੰ ਵੀ ਪੌਦੇ ਲਗਾਉਣ ਲਈ ਪ੍ਰੇਰਿਤ ਕਰੋ। ਉਨ੍ਹਾਂ ਪੌਦੇ ਤਾਪਮਾਨ ਨੂੰ ਘਟਾਉਣ ਦੇ ਨਾਲ-ਨਾਲ ਬਾਰਿਸ਼ ਕਰਾਉਣ, ਪਾਣੀ ਦੇ ਲੈਵਲ ਨੂੰ ਉੱਚਾ ਉਠਾਉਣ ਅਤੇ ਸ਼ਹਿਰਾਂ ਵਿੱਚ ਹੜ੍ਹ ਨੂੰ ਆਉਣ ਤੋਂ ਰੋਕਦੇ ਹਨ, ਹਵਾ ਨੂੰ ਸ਼ੁੱਧ ਕਰਕੇ ਫੇਫੜਿਆਂ ਨੂੰ ਬਚਾਉਂਦੇ ਹਨ। ਇਸ ਤੋਂ ਇਲਾਵਾ ਬੱਚਤ ਦੇ ਨਾਲ ਨਾਲ ਮਨ ਨੂੰ ਸਕੂਨ ਵੀ ਦਿੰਦੇ ਹਨ। ਉਨ੍ਹਾਂ ਕਿਹਾ ਕਿ ਪੌਦੇ ਨਾ ਸਿਰਫ਼ ਸਾਡਾ ਜੀਵਨ ਬਚਾਉਂਦੇ ਹਨ ਬਲਕਿ ਪੰਛੀਆਂ ਦੇ ਰੈਣ ਬਸੇਰਾ ਵੀ ਬਣਦੇ ਹਨ। ਸਾਡੀ ਧਰਤੀ ਸਾਡਾ ਭਵਿੱਖ ਦੀ ਮੁਹਿੰਮ ਦੇ ਤਹਿਤ ਅੱਜ ਦਰੱਖਤ ਲਗਾਉਣ ਦੀ ਜੋ ਸ਼ੁਰੂਆਤ ਕੀਤੀ ਗਈ ਹੈ, ਉਸ ਨੂੰ ਸਾਨੂੰ ਸਾਰਿਆਂ ਨੂੰ ਮਿਲ ਕੇ ਨੇਪਰੇ ਚਾੜ੍ਹਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਪਣੇ ਭਵਿੱਖ ਦੇ ਨਾਲ-ਨਾਲ ਆਉਣ ਵਾਲੇ ਬੱਚਿਆਂ ਲਈ ਸ਼ੁੱਧ ਵਾਤਾਵਰਣ ਮੁਹੱਈਆ ਕਰਵਾਉਣ ਵਾਸਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਅਤੇ ਸਾਰਿਆਂ ਨੂੰ ਪੌਦੇ ਲਗਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।



# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਮਨਾਇਆ ਵਾਤਾਵਰਣ ਦਿਵਸ



**ਕਪੂਰਥਲਾ, (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਆਨਲਾਈਨ ਵਾਤਾਵਰਣ ਦਿਵਸ ਮਨਾਇਆ ਗਿਆ । ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਸਕੂਲ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਨੇ ਕਿਹਾ ਕਿ ਰੁੱਖਾਂ ਨਾਲ ਹੀ ਸਾਡਾ ਜੀਵਨ ਹੈ, ਜੇਕਰ ਧਰਤੀ 'ਤੇ ਰੁੱਖ ਨਹੀਂ ਰਹਿਣਗੇ ਤਾਂ ਨਾ ਸਾਨੂੰ ਸ਼ੁੱਧ ਵਾਤਾਵਰਣ ਮਿਲੇਗਾ ਅਤੇ ਨਾ ਹੀ ਪਾਣੀ।ਉਨ੍ਹਾਂ ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਸਾਨੂੰ ਆਪਣੇ ਆਸ ਪਾਸ ਖਾਲੀ ਥਾਵਾਂ 'ਤੇ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ।ਸਕੂਲ ਦੇ ਵਿਦਿਆਰਥੀਆਂ ਨੇ ਪੌਦੇ ਲਗਾਉਂਦੇ ਹੋਏ ਵੱਧ ਚੜ੍ਹ ਕੇ ਇਸ ਲਹਿਰ ਵਿਚ ਹਿੱਸਾ ਲਿਆ ।

# ਲੋਕਾਂ ਦੀ ਸਿਹਤਯਾਬੀ ਲਈ ਪ੍ਰੀਵੈਂਟਿਵ ਤੇ ਪ੍ਰੋਮੋਟਿਵ ਗਤੀਵਿਧੀਆਂ 'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਜਾਵੇ : ਸਿਵਲ ਸਰਜਨ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**



ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਜੀ ਦੀ ਪ੍ਰਧਾਨਗੀ ਹੇਠ ਸਿਵਲ ਸਰਜਨ ਦਫਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਆਯੁਰਵੈਦਿਕ ਮੈਡੀਕਲ ਅਫਸਰ, ਸਮੂਹ ਆਯੁਰਵੈਦਿਕ ਮੈਡੀਕਲ ਅਫਸਰਾਂ ਅਤੇ ਉਪਵੈਦਾਂ ਨਾਲ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿਚ ਆਯੂਰਵੈਦਿਕ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਦੇ ਵਿਸ਼ੇ 'ਤੇ ਵਿਚਾਰ-ਚਰਚਾ ਕੀਤੀ ਗਈ। ਡਾ. ਜਸਪ੍ਰੀਤ ਕੌਰ ਨੇ ਜ਼ਿਲ੍ਹਾ ਆਯੂਰਵੈਦਿਕ ਮੈਡੀਕਲ ਅਫਸਰ ਡਾ. ਸਰਬਜੀਤ ਕੌਰ ਕੋਲੋਂ ਨੈਸ਼ਨਲ ਪ੍ਰੋਗਰਾਮਾਂ ਅਤੇ ਰੋਜ਼ਾਨਾ ਦੀ ਓ.ਪੀ.ਡੀ. ਸਬੰਧੀ ਵਿਸਤ੍ਰਿਤ ਜਾਣਕਾਰੀ ਲਈ ਤੇ ਜ਼ਿਲ੍ਹੇ ਵਿਚ ਆਯੁਰਵੈਦਿਕ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਨਾਲ ਹਰ ਪੱਖੋਂ ਸਹਿਯੋਗ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਆਯੂਰਵੈਦਿਕ ਸਿਹਤ ਸੇਵਾਵਾਂ ਦਾ ਮੁੱਖ ਉਦੇਸ਼ ਆਮ ਲੋਕਾਂ ਨੂੰ ਪ੍ਰਾਚੀਨ ਢੰਗ ਅਤੇ ਆਯੂਰਵੈਦ ਪੱਦਤੀ ਦੇ ਨਾਲ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਇਸ ਲਈ ਆਯੂਰਵੈਦਿਕ ਇਲਾਜ ਪੱਦਤੀ ਦੇ ਨਾਲ-ਨਾਲ ਪ੍ਰੀਵੈਂਟਿਵ ਅਤੇ ਪ੍ਰੋਮੋਟਿਵ ਗਤੀਵਿਧੀਆਂ 'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਜਾਵੇ। ਕਮਿਊਨਿਟੀ ਵਿਚ ਆਮ ਲੋਕਾਂ ਅਤੇ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਕਾਮਨ ਯੋਗਾ ਪ੍ਰੋਟੋਕਾਲ ਤਹਿਤ ਯੋਗਾ ਅਭਿਆਸ ਸਿਖਾਏ ਜਾਣ ਤਾਂ ਜੋ ਉਹ ਇਸ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾ ਕੇ ਸਿਹਤਮੰਦ ਜੀਵਨ ਜੀਅ ਸਕਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਆਯੁਰਵੈਦਿਕ ਮੈਡੀਕਲ ਅਫਸਰ ਡਾ. ਸਰਬਜੀਤ ਕੌਰ, ਆਯੂਰਵੈਦਿਕ ਮੈਡੀਕਲ ਅਫਸਰ ਡਾ. ਰਜਨੀਸ਼ ਕੁਮਾਰ, ਡਾ. ਪ੍ਰਦੀਪ ਅਰੋੜਾ, ਡਾ. ਅਮਨਪ੍ਰੀਤ ਕੌਰ ਢਿੱਲੋਂ, ਡਾ. ਗੀਨਾ ਚੋਪੜਾ ਸਮੇਤ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

# ਕੁਲਰੀਆਂ ਦੇ ਸਰਪੰਚ 'ਤੇ ਜਾਨਲੇਵਾ ਹਮਲਾ, 13 ਲੋਕਾਂ ਖਿਲਾਫ਼ ਮਾਮਲਾ ਦਰਜ

**ਬਰੇਟਾ (ਗੀਤਵਾਲ)**

ਇਲਾਕੇ 'ਚ ਗੁੰਡਾਗਰਦੀ ਦੀਆਂ ਘਟਨਾਵਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ ਹਨ, ਜਿਸ ਨੂੰ ਲੈ ਕੇ ਆਮ ਲੋਕ ਮੌਜੂਦਾ ਸਰਕਾਰ ਤੋਂ ਖੁਸ਼ ਦਿਖਾਈ ਨਹੀਂ ਦੇ ਰਹੇ ਹਨ ਤੇ ਇਸੇ ਨਿਰਾਸ਼ਾ ਨੂੰ ਲੈ ਕੇ ਜਾਪਦਾ ਹੈ ਕਿ ਲੋਕਾਂ ਨੇ ਇਸ ਵਾਰ ਲੋਕ ਸਭਾ ਚੋਣਾਂ ਵਿੱਚ ਪੰਜਾਬ ਸਰਕਾਰ ਨੂੰ ਹਾਰ ਦਾ ਸ਼ੀਸ਼ਾ ਦਿਖਾਇਆ ਹੈ।ਆਮ ਲੋਕਾਂ ਤੋਂ ਬਾਅਦ ਹੁਣ ਗੁੰਡੇ ਲੋਕਾਂ ਨੇ ਪਿੰਡ ਕੁਲਰੀਆਂ ਦੇ ਮੌਜੂਦਾ ਸਰਪੰਚ ਤੇ ਉਸਦੇ ਸਾਥੀਆਂ 'ਤੇ ਜਾਨਲੇਵਾ ਹਮਲਾ ਕਰਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ ਹੈ, ਜੋ ਬੁਢਲਾਡਾ ਦੇ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ 'ਤੇ ਹਨ।ਪੀੜਤ ਸਰਪੰਚ ਰਾਜਵੀਰ ਸਿੰਘ ਨੇ ਦੱਸਿਆ ਕਿ ਬੀਤੀ ਮੰਗਲਵਾਰ ਦੀ ਰਾਤ 8.30 ਵਜੇ ਦੇ ਕਰੀਬ ਮੈਂ ਆਪਣੇ ਸਾਥੀਆਂ ਨਾਲ ਪੁਲਸ ਚੌਕੀ ਨਜ਼ਦੀਕ ਬਣੇ ਮਨਰੇਗਾ ਭਵਨ ਦੇ ਦਫ਼ਤਰ 'ਚ ਲਾਇਬ੍ਰੇਰੀ ਦੇ ਚੱਲ ਰਹੇ ਕਾਰਜ ਨੂੰ ਦੇਖਣ ਲਈ ਗਿਆ ਸੀ ਤਾਂ 8-10 ਵਿਅਕਤੀ ਆਏ ਜਿਨ੍ਹਾਂ ਕੋਲ ਤੇਜ਼ਧਾਰ ਹਥਿਆਰ ਸਨ, ਜੋ ਮੈਨੂੰ ਨਾਲ ਦੇ ਇੱਕ ਘਰ ਵਿੱਚ ਚੁੱਕ ਕੇ ਲੈ ਗਏ ਅਤੇ ਜਿਨ੍ਹਾਂ ਨੇ ਮੇਰੀ ਹਥਿਆਰਾਂ ਨਾਲ ਕੁੱਟਮਾਰ ਕਰ ਦਿੱਤੀ।ਮੇਰੇ ਸਾਥੀਆਂ ਵੱਲੋਂ ਰੌਲਾ ਪਾਉਣ 'ਤੇ ਹਮਲਾਵਰ ਮੈਨੂੰ ਘਰ ਦੇ ਬਾਹਰ ਸੁੱਟ ਕੇ ਫਰਾਰ ਹੋ ਗਏ।ਹਮਲਾ ਕਰਨ ਦੇ ਕਾਰਨ ਬਾਰੇ ਪੁੱਛਣ 'ਤੇ ਸਰਪੰਚ ਨੇ ਦੱਸਿਆ ਕਿ ਮੈਂ ਕੁੱਝ ਮਹੀਨੇ ਪਹਿਲਾਂ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਕੁਝ ਲੋਕਾਂ ਵੱਲੋਂ ਪਿੰਡ ਦੀ ਪੰਚਾਇਤੀ ਜ਼ਮੀਨ 'ਤੇ ਕੀਤੇ ਨਜਾਇਜ਼ ਕਬਜ਼ੇ ਛੁਡਵਾਏ ਸਨ, ਜਿਸ ਨੂੰ ਦੇਖ ਕੇ ਜਾਪਦਾ ਹੈ ਕਿ ਇਹ ਲੋਕ ਮੇਰੇ ਨਾਲ ਰੰਜਿਸ਼ ਕਾਰਨ ਮੇਰੇ ਉੱਪਰ ਹਮਲਾ ਕਰਕੇ ਮੈਨੂੰ ਨੁਕਸਾਨ ਪੁਚਾਉਣਾ ਚਾਹੁੰਦੇ ਸਨ, ਜਿਸ ਬਾਰੇ ਮੈਂ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ।ਦੂਜੇ ਪਾਸੇ ਬਰੇਟਾ ਪੁਲਸ ਨੇ ਇਸ ਮਾਮਲੇ ਵਿੱਚ ਸਰਪੰਚ ਰਾਜਵੀਰ ਸਿੰਘ ਦੇ ਬਿਆਨਾਂ 'ਤੇ ਮੁਕੱਦਮਾ ਨੰਬਰ 65 ਦਰਜ ਕਰਕੇ ਵੱਖ-ਵੱਖ ਧਰਾਵਾਂ ਅਧੀਨ 9 ਬਾਈਨੇਮ ਤੇ ਚਾਰ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।



ਜ਼ੇਰੇ ਇਲਾਜ ਸਰਪੰਚ ਰਾਜਵੀਰ ਸਿੰਘ।

LOVELY PROFESSIONAL UNIVERSITY
Transforming Education Transforming India
NAAC GRADE A++
INVITING PEOPLE FROM
ACADEMIA AND INDUSTRY
PROFESSOR/ASSOCIATE PROFESSOR
ASSISTANT PROFESSOR
- Computer Science & Engineering/IT
- Computer Applications
- Electronics & Communication Engg.
- Electrical Engineering
- Civil Engineering
- Mechanical Engg./Automobile Engg.
- Energy & Environment
- Aerospace /Mechatronics
- Physics/Chemistry/Mathematics
- Chemical Engineering
- Biotechnology/Bio-Informatics
- Microbiology/Biochemistry/ Biomedical
- Forensic Science/ Botany/Zoology
- Horticulture/ Genetic & Plant Breeding
- Plant Pathology/ Agronomy/ Entomology
- Soil Science/ Food Technology
- Agriculture Economics & Extension
- Nutrition & Dietetics/ Home Science
- Pharmacy/Ayurvedic Pharmacy
- Physiotherapy/Medical Lab. Sciences
- English/Hindi/Punjabi/ Sociology
- Psychology/ Library Sciences
- Political Science/History/Geography
- Marketing/Finance/HR/Operations
- Economics/ Agri Business Mgt.
- Commerce/Banking & Insurance
- Actuarial Science
- Sports Mgt./Oil & Gas Mgt.
- International Business/Strategy
- E-Commerce/Entrepreneurship
- Business Analytics/Statistics
- HR Analytics/ Accounting Forensic
- Digital Marketing/ Financial Technology
- Hotel Mgt./ Tourism & Airlines
- Film & TV Production
- Journalism & Mass Communication
- Multimedia & Animation/ Game Design
- Fashion Design/Fashion Technology
- Architecture/ /Urban Planning
- Interior & Furniture Design
- Product & Industrial Design
- Fine Arts/ Performing Arts
- Education/ Physical Education/ Yoga
- Law/ Public Administration
- Foreign Language-German/French/
- Spanish/ Chinese/Japanese

STUDENT TRAINING FOR CORPORATE JOBS
Verbal Ability/ English | Analytical Skills | Soft Skills
Director | Assistant Director | Team Leaders | Trainers
WE OFFER STRONG SUPPORT AND FACILITATION FOR RESEARCH
- Incentives for research papers published in journals indexed by Scopus/WoS
- Travel Grants for National and International conferences
- Seed money for initiation of research work
- Incentives and matching funds for research grants received from Govt. Organizations
- Revenue sharing on Consultancy Projects
- Support for IPR filing and Commercialization
- Incentives for Patent grant
- Multidisciplinary Project Grants.
- Short and Long Term International Fellowship
- Provision for Post Doc Fellowships
- Research appreciation awards.

Special consideration for researchers with funded projects
People from industry (in Job or Retired) may also apply for Full Time, Part Time or Visiting Faculty positions.
Candidate with Ph.D. will be given preference
Facilities Available - Residential, Medical, Transport, Pre-Primary School and Creche
The University reserves the right not to fill any of the above post(s).
Candidate should share their resume at hrd@lpu.co.in
Call us at: 01824-520200 | (Monday to Saturday) | 9AM to 5PM
Jalandhar-Delhi G.T.Road, Phagwara (Punjab)-144411 | www.lpu.in

# ਬੱਬਰ ਸ਼ੇਰ ਗੀਤ ਦੀ ਸ਼ੂਟਿੰਗ ਮੁਕੰਮਲ



**ਫਗਵਾੜਾ (ਜਸਵਿੰਦਰ ਢੱਡਾ)**- ਐਸ.ਆਰ ਪ੍ਰੋਡਕਸ਼ਨ ਤੇ ਰਿਪੋਰਟਰ ਆਰ. ਡੀ. ਰਾਮਾ ਦੀ ਪੇਸ਼ਕਸ ਗੀਤ 'ਬੱਬਰ ਸ਼ੇਰ' ਗੀਤ ਦੀ ਸ਼ੂਟਿੰਗ ਮੁਕੰਮਲ ਹੋ ਗਈ ਹੈ। ਇਸ ਗੀਤ ਨੂੰ ਗਾਇਆ ਹੈ ਗਾਇਕਾ ਪ੍ਰੀਤ ਪੁਆਰੀ ਨੇ, ਕਲਮਬਧ ਕੀਤਾ ਹੈ ਅਜੈ ਪੁਆਰੀ ਨੇ ਤੇ ਸੰਗੀਤ ਦਿੱਤਾ ਡੀ. ਸੀ. ਬੋਸ ਨੇ। ਇਸ ਵੀਡੀਓ 'ਚ ਬਤੌਰ ਮਾਡਲ ਹਰੀ ਸਿੰਘ ਸੈਣੀ, ਏ. ਐਸ. ਸੈਭੀ ਹਨ। ਵੀਡੀਓ ਡਾਇਰੈਕਟਰ ਸਿਮਾ ਸਿੰਘ ਡੀ. ਓ. ਪੀ ਸਿਮਾ ਕੈਮ ਤੇ ਗੀਤ ਸਿਮਰਨ ਫਿਲਮਜ਼ ਵਲੋਂ ਵੱਖ ਵੱਖ ਲੋਕੇਸ਼ਨਾਂ 'ਤੇ ਸ਼ੂਟ ਕੀਤਾ ਗਿਆ ਹੈ।

# ਸਾਈਂ ਰਹਿਮਤ ਸ਼ਾਹ ਹੰਸ ਪੰਜ ਤੱਤਾਂ 'ਚ ਵਲੀਨ



**ਜਲੰਧਰ :** ਦਰਬਾਰ ਹਜ਼ਰਤ ਬਾਬਾ ਗੁਲਾਮ ਜ਼ਿਲਾਨੀ ਕੋਟ ਸਦੀਕ ਕਾਲਾਂ ਸੰਘਿਆਂ ਰੋਡ ਦੇ ਗੱਦੀਨਸ਼ੀਨ ਸਾਈ ਰਹਿਮਤ ਸ਼ਾਹ ਹੰਸ ਪਿਛਲੇ ਦਿਨੀਂ ਆਪਣਾ ਚੋਲਾ ਤਿਆਗ ਕੇ ਪ੍ਰਮਾਤਮਾ ਵਿੱਚ ਵੀਲੀਨ ਹੋ ਗਏ।ਸਾਈ ਵਿਨੋਦ ਸ਼ਾਹ ਨੇ ਦੱਸਿਆ ਕਿ ਉਹਨਾਂ ਹਮੇਸ਼ਾ ਸੰਗਤਾਂ ਨੂੰ ਨਾਮ ਸਿਮਰਣ,ਭਜਨ ਬੰਦਗੀ ਕਰਨ ਦਾ ਉਪਦੇਸ਼ ਦਿੱਤਾ। ।ਉਹਨਾਂ ਦੀ ਉਮਰ 90 ਸਾਲ ਦੀ ਸੀ। ਸਮੂੰਹ ਇਲਾਕਾ ਨਿਵਾਸੀ ਅਤੇ ਨਗਰ ਨਿਵਾਸੀ ਸੰਗਤਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ।

# ਜ਼ਿਲ੍ਹਾ ਚੋਣ ਅਫ਼ਸਰ ਨੇ ਕਾਊਂਟਿੰਗ ਸਟਾਫ਼, ਸੁਰੱਖਿਆ ਅਮਲੇ ਤੇ ਉਮੀਦਵਾਰਾਂ ਦਾ ਕੀਤਾ ਧੰਨਵਾਦ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**



ਜ਼ਿਲ੍ਹੇ ਵਿਚ ਚੋਣ ਪ੍ਰਕਿਰਿਆ ਸਫ਼ਲਤਾਪੂਰਵਕ ਮੁਕੰਮਲ ਹੋ ਗਈ ਹੈ ਅਤੇ ਵੋਟਾਂ ਦੀ ਗਿਣਤੀ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਜੇਤੂ ਰਹੇ। ਉਨ੍ਹਾਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਉਮੀਦਵਾਰ ਯਾਮਿਨੀ ਗੋਮਰ ਨੂੰ 44111 ਵੋਟਾਂ ਨਾਲ ਹਰਾਇਆ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਹੁਸ਼ਿਆਰਪੁਰ ਲੋਕ ਸਭਾ ਹਲਕੇ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਜੇਤੂ ਰਹੇ ਅਤੇ ਉਨ੍ਹਾਂ ਨੇ 303859 ਵੋਟਾਂ ਪ੍ਰਾਪਤ ਕੀਤੀਆਂ।ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਨੂੰ 199994, ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੋਹਨ ਸਿੰਘ ਠੰਡਲ ਨੂੰ 91789, ਇੰਡੀਅਨ ਨੈਸ਼ਨਲ ਕਾਂਗਰਸ ਦੀ ਉਮੀਦਵਾਰ ਯਾਮਿਨੀ ਗੋਮਰ ਨੂੰ 259748, ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਰਣਜੀਤ ਕੁਮਾਰ ਨੂੰ 48214, ਨੈਸ਼ਨਲਿਸਟ ਜਸਟਿਸ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਨੂੰ 1425, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਜਸਵੰਤ ਸਿੰਘ ਨੂੰ 20923, ਬਹੁਜਨ ਦ੍ਰਵਿੜ ਪਾਰਟੀ ਦੇ ਉਮੀਦਵਾਰ ਜੀਵਨ ਸਿੰਘ ਤਮਿਲ ਨੂੰ 4621, ਸਮਾਜ ਭਲਾਈ ਮੋਰਚਾ ਦੇ ਉਮੀਦਵਾਰ ਦਵਿੰਦਰ ਕੁਮਾਰ ਸਰੋਆ ਨੂੰ 930, ਗਲੋਬਲ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਭੀਮ ਰਾਓ ਯਸ਼ਵੰਤ ਅੰਬੇਡਕਰ ਨੂੰ 1041, ਬਹੁਜਨ ਮੁਕਤੀ ਪਾਰਟੀ ਦੇ ਉਮੀਦਵਾਰ ਰਾਜਪਾਲ ਨਡਾਲੀ ਨੂੰ 1140, ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਉਮੀਦਵਾਰ ਰਾਜੇਸ਼ ਨੂੰ 2336, ਆਜ਼ਾਦ ਉਮੀਦਵਾਰ ਸਤਪਾਲ ਨੂੰ 993, ਆਜ਼ਾਦ ਉਮੀਦਵਾਰ ਸੋਨੂੰ ਸਿੰਘ ਫਗਵਾੜਾ ਨੂੰ 1884, ਆਜ਼ਾਦ ਉਮੀਦਵਾਰ ਦਵਿੰਦਰ ਸਿੰਘ ਨੂੰ 1617, ਆਜ਼ਾਦ ਉਮੀਦਵਾਰ ਰੋਹਿਤ ਕੁਮਾਰ ਟਿੰਕੂ ਨੂੰ 2419 ਅਤੇ ਨੋਟਾ ਨੂੰ 5552 ਵੋਟਾਂ ਪਈਆਂ।ਕੋਮਲ ਮਿੱਤਲ ਨੇ ਚੋਣ ਅਮਲੇ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਚੋਣ ਅਮਲੇ ਵਲੋਂ ਮਿਹਨਤ ਅਤੇ ਪਾਰਦਰਸ਼ੀ ਢੰਗ ਨਾਲ ਨਿਭਾਈ ਜ਼ਿੰਮੇਵਾਰੀ ਦੇ ਚੱਲਦਿਆਂ ਹੀ ਚੋਣ ਪ੍ਰਕਿਰਿਆ ਸਫ਼ਲਤਾਪੂਰਵਕ ਮੁਕੰਮਲ ਹੋਈ ਹੈ। ਉਨ੍ਹਾਂ ਉਮੀਦਵਾਰਾਂ, ਕਾਊਂਟਿੰਗ ਸਟਾਫ਼, ਸੁਰੱਖਿਆ ਅਮਲੇ ਦਾ ਧੰਨਵਾਦ ਕੀਤਾ। ਉਨ੍ਹਾਂ ਮੀਡੀਆ ਵਲੋਂ ਨਿਭਾਈ ਗਈ ਜ਼ਿੰਮੇਵਾਰੀ ਦੀ ਵੀ ਪ੍ਰਸ਼ੰਸਾ ਕੀਤੀ। ਐਸ.ਐਸ.ਪੀ ਸੁਰੇਂਦਰ ਲਾਂਬਾ ਨੇ ਡਿਊਟੀ 'ਤੇ ਤਾਇਨਾਤ ਸੁਰੱਖਿਆ ਅਮਲੇ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਗਿਣਤੀ ਕੇਂਦਰਾਂ ਵਿਚ ਸੀ.ਏ.ਪੀ.ਐਫ, ਸੂਬਾ ਅਤੇ ਜ਼ਿਲ੍ਹਾ ਪੁਲਸ ਦੇ ਅਧਿਕਾਰੀ ਅਤੇ ਕਰਮਚਾਰੀ ਤਾਇਨਾਤ ਕੀਤੇ ਗਏ ਸਨ ਅਤੇ ਸਾਰੇ ਕਰਮਚਾਰੀਆਂ ਵਲੋਂ ਵੀ ਪੂਰੀ ਮਿਹਨਤ ਨਾਲ ਡਿਊਟੀ ਨਿਭਾਈ ਗਈ।

# 30ਵੀਂ ਬਟਾਲੀਅਨ ਇੰਡੋ ਤਿੱਬਤੀਅਨ ਬਾਰਡਰ ਪੁਲਸ ਨੇ ਮਨਾਇਆ ਵਿਸ਼ਵ ਵਾਤਾਵਰਣ ਦਿਵਸ



**ਜਲੰਧਰ, (ਸ਼ੈਲੀ ਐਲਬਰਟ, ਰਾਜੇਸ਼ ਥਾਪਾ)**

30ਵੀਂ ਬਟਾਲੀਅਨ, ਇੰਡੋ ਤਿੱਬਤੀਅਨ ਬਾਰਡਰ ਪੁਲਸ ਫੋਰਸ, ਸਰਾਏਖਾਸ, ਜਲੰਧਰ ਵਿਖੇ ਉਤਸ਼ਾਹ ਨਾਲ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਬੂਟਾ ਸੁਮਨ, ਕਮਾਂਡੈਂਟ, 30ਵੀਂ ਬਟਾਲੀਅਨ ਅਤੇ ਪ੍ਰੀਤੀ ਸੁਮਨ, ਚੀਫ ਪੈਟਰਨ, (ਹਿਮਵੀਰ ਵਾਈਵਜ਼ ਵੈਲਫੇਅਰ ਐਸੋਸੀਏਸ਼ਨ) 30ਵੀਂ ਬਟਾਲੀਅਨ ਵੱਲੋਂ ਰੁੱਖ ਲਗਾ ਕੇ ਕੀਤੀ ਗਈ। ਰੁੱਖ ਲਗਾਉਣ ਦੇ ਪ੍ਰੋਗਰਾਮ ਦੌਰਾਨ ਕਮਾਂਡੈਂਟ ਨੇ ਮਿਸ਼ਨ ਲਾਈਫ (ਲਾਈਫ ਸਟਾਈਲ ਫਾਰ ਇਨਵਾਇਰਮੈਂਟ) ਤਹਿਤ ਹਿਮਵੀਰ ਅਤੇ ਹਿਮਵੀਰ ਦੇ ਪਰਵਾਰਾਂ ਨੂੰ ਵਾਤਾਵਰਣ ਦੀ ਸੁਰੱਖਿਆ ਲਈ ਰੁੱਖਾਂ ਦੀ ਸੰਭਾਲ ਕਰਨ, ਰੁੱਖਾਂ ਦੀ ਕਟਾਈ ਬੰਦ ਕਰਨ, ਪਾਣੀ ਦੀ ਸੰਭਾਲ ਅਤੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਪਲਾਸਟਿਕ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਅਤੇ ਜਾਗਰੂਕ ਕੀਤਾ। ਇੱਕ ਸੁਰੱਖਿਅਤ, ਸਾਫ਼-ਸੁਥਰੇ ਅਤੇ ਵਧੇਰੇ ਖੁਸ਼ਹਾਲ ਭਵਿੱਖ ਦਾ ਆਨੰਦ ਲੈਣ ਲਈ ਆਪਣੇ ਆਲੇ-ਦੁਆਲੇ ਨੂੰ ਵਾਤਾਵਰਣ ਪੱਖੀ ਅਤੇ ਸਾਫ਼-ਸੁਥਰਾ ਬਣਾਉਣ ਲਈ ਵੀ ਉਤਸ਼ਾਹਤ ਕੀਤਾ।ਇਸ ਮੌਕੇ ਅਧਿਕਾਰੀ, ਅਧੀਨ ਅਧਿਕਾਰੀ, ਜਵਾਨ ਅਤੇ ਹਿਮਵੀਰ ਵਾਈਵਜ਼ ਵੈਲਫੇਅਰ ਐਸੋਸੀਏਸ਼ਨ ਦੀਆਂ ਔਰਤਾਂ ਵੱਲੋਂ ਬਟਾਲੀਅਨ ਕੰਪਲੈਕਸ ਵਿੱਚ 100 ਤੋਂ ਵੱਧ ਬੂਟੇ ਲਗਾਏ ਗਏ ਅਤੇ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਦਾ ਪ੍ਰਣ ਵੀ ਲਿਆ ਗਿਆ।

# 'ਆਪ' ਨੂੰ ਜਿਤਾਉਣ ਵਾਲਿਆਂ ਦੇ ਰੋਮ ਰੋਮ ਰਿਣੀ ਹਾਂ : ਜੀਤਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-



ਲੋਕ ਸਭਾ ਚੋਣਾਂ ਦੇ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੂੰ ਜਿਤਾਉਣ ਵਿੱਚ ਸਾਥ ਦੇਣ ਵਾਲਿਆਂ ਦੇ ਰੋਮ ਰੋਮ ਰਿਣੀ ਹਾਂ। ਇਹ ਗੱਲ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਕਹੀ। ਉਹਨਾਂ ਕਿਹਾ ਕਿ ਸ਼ਹਿਰ ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਨੂੰ ਵੱਡੀ ਲੀਡ ਦੀਵਾਉਣ ਵਿੱਚ ਇੱਥੋਂ ਦੇ ਵਾਸੀਆਂ ਦਾ ਬਹੁਤ ਵੱਡਾ ਯੋਗਦਾਨ ਹੈ ਜਿਸ ਨੂੰ ਅਸੀਂ ਹਮੇਸ਼ਾ ਯਾਦ ਰੱਖਾਂਗੇ। ਉਹਨਾਂ ਕਿਹਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਚਲਾਈ ਗਈ ਮੁਹਿੰਮ ਨੂੰ ਸ਼ਹਿਰ ਵਾਸੀਆਂ ਵੱਲੋਂ ਅਤੇ ਪੂਰੇ ਹਲਕੇ ਵਿੱਚੋਂ ਭਰਵਾਂ ਹੁੰਗਾਰਾ ਮਿਲਿਆ ਜਿਸ ਸਦਕਾ ਸ਼ਾਨਦਾਰ ਜਿੱਤ ਦੇ ਨਾਲ ਇਹ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਵਿੱਚ ਪਾਈ ਹੈ।

# ਭਾਰਤੀਯ ਯੋਗ ਸੰਸਥਾਨ ਵੱਲੋਂ ਯੁਵਾ ਸੰਸਕਾਰ ਨਿਰਮਾਣ ਕੈਂਪ



**ਰੂਪਨਗਰ, (ਰਾਜਿੰਦਰ ਸੈਣੀ)**

ਭਾਰਤੀਯ ਯੋਗ ਸੰਸਥਾਨ ਦੀ ਜ਼ਿਲ੍ਹਾ ਇਕਾਈ ਰੂਪਨਗਰ ਵਲੋਂ ਯੋਗ ਰਾਹੀਂ ਨਿਰੋਗ ਰਹਿਣ ਲਈ ਲਗਾਏ ਜਾ ਰਹੇ ਵਿਸ਼ੇਸ਼ ਜਾਗਰੂਕਤਾ ਕੈਂਪਾਂ ਦੀ ਲੜੀ ਤਹਿਤ ਰੂਪਨਗਰ ਸ਼ਹਿਰ ਮਲਹੋਤਰਾ ਕਾਲੋਨੀ ਦੀ ਗਲੀ ਨੰਬਰ 2 ਦੇ ਪਾਰਕ ਵਿੱਚ 10 ਦਿਨਾਂ ਦਾ ਯੁਵਾ ਸੰਸਕਾਰ ਨਿਰਮਾਣ ਕੈਂਪ ਲਗਾਇਆ ਗਿਆ। ਕੈਂਪ ਦੀ ਸਮਾਪਤੀ 'ਤੇ ਕਰਵਾਏ ਗਏ ਆਸਣਾਂ, ਪ੍ਰਾਣਾਯਾਮ ਤੇ ਧਿਆਨ ਬਾਰੇ ਬੱਚਿਆਂ ਦੇ ਯੋਗ ਕੁਇੱਜ਼ ਮੁਕਾਬਲੇ ਕਰਵਾਏ ਗਏ। ਜ਼ਿਲ੍ਹਾ ਪ੍ਰਧਾਨ ਕੁਸਮ ਸ਼ਰਮਾ ਵਲੋਂ ਕਰਵਾਏ ਗਏ ਇਸ ਮੁਕਾਬਲੇ ਵਿੱਚ ਸੀਰਤ ਨੇ 100 ਫੀਸਦ ਅੰਕ ਲੈ ਕੇ ਪਹਿਲਾ, ਤੇਜਸਿਵਨੀ ਨੇ ਦੂਜਾ ਅਤੇ ਕਸਵੀ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਕੁਸਮ ਸ਼ਰਮਾ ਨਾਲ ਭਾਰਤੀਯ ਯੋਗ ਸੰਸਥਾਨ ਦੀਆਂ ਅਹੁਦੇਦਾਰ ਮੀਨਲ ਵਾਸੁਦੇਵਾ, ਮੋਨਿਕਾ ਵਰਮਾ, ਨੇਹਾ ਵਰਮਾ, ਪ੍ਰੀਤਕਮਲ ਵੀ ਸਨ। ਇਸ ਸਮਾਪਤੀ ਸਮਾਗਮ ਵਿੱਚ ਮੁੱਖ ਮਹਿਮਾਨ ਰਵੇਸ਼ ਮਲਹੋਤਰਾ, ਰੇਣੂ ਬੇਲੇਵਾਲੇ ਨੇ ਕੈਂਪ ਲਗਾਉਣ ਲਈ ਸੰਸਥਾਨ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਅਜਿਹੇ ਕੈਂਪ ਲਗਾਉਣ ਲਈ ਕਿਹਾ। ਇਸ ਕੈਂਪ ਵਿੱਚ ਪ੍ਰਾਂਜਲ, ਵਿਹਾਨ, ਹੇਜ਼ਲ, ਸੀਰਤ, ਤੇਜਸਿਵਨੀ, ਸਿਧਾਰਥ, ਨਮਨ, ਕ੍ਰਿਤੀ, ਕਸਵੀ ਤੇ ਨਿਸ਼ਟਾ ਆਦਿ ਬੱਚਿਆ ਨੇ ਭਾਗ ਲਿਆ ਅਤੇ ਉਨ੍ਹਾਂ ਕੈਂਪ ਵਿੱਚ ਭਾਗ ਲੈਣ ਨਾਲ ਸਰੀਰਕ ਅਤੇ ਮਾਨਸਿਕ ਆਏ ਬਦਲਾਵਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।